ਲਾਲ ਸਿੰਘ
ਕਮਲਾ ਅਕਾਲੀ

ਮਨ ਦੀ ਮੌਜ

(ਹਲਕੇ ਫੁਲਕੇ ਲੇਖਾਂ ਦਾ ਸੰਗ੍ਰਹਿ)

ਗਿਆਨੀ ਸਰੂਪ ਰਤਿਆਣਾ

98150-03075

ਰਚਿਤ
ਲਾਲ ਸਿੰਘ 'ਕਮਲਾ ਅਕਾਲੀ'

ਲਾਹੌਰ ਬੁਕ ਸ਼ਾਪ, ਘੰਟਾ ਘਰ, ਲੁਧਿਆਣਾ

ਇਹ ਪੁਸਤਕ ਪੰਜਾਬ ਯੂਨੀਵਰਸਟੀ ਟੈਕਸਟ ਬੁਕ ਬੋਰਡ ਚੰਡੀਗੜ੍ਹ ਵਲੋਂ ਦਿਤੇ ਗਏ ਕੋਟੇ ਦੇ ਕਾਗਜ਼ ਤੇ ਛਾਪੀ ਗਈ।

ਅਪ੍ਰੈਲ : ੧੯੭੮ ਕਾਪੀ ੧੧੦੦

ਕੀਮਤ

ਪ੍ਰਕਾਸ਼ਕ :
ਲਾਹੌਰ ਬੁਕ ਸ਼ਾਪ
ਘੰਟਾ ਘਰ, ਲੁਧਿਆਣਾ

ਮੁਦ੍ਰਕ :
ਲਾਹੌਰ ਆਰਟ ਪ੍ਰੈਸ
[illegible] ਰੋਡ, ਲੁਧਿਆਣਾ

ਤਤਕਰਾ

ਕਲਾਂ ਰਾਹੀਂ ਵਿਹਲ

ਪਹੀਆਂ ਦੀਆਂ ਤਾਰਾਂ ਦੀ ਭੌਂਦੀ ਜਿਹੀ ਚਮਕ ਤੇ ਜਾਂ ਇਕ ਗੁਲਾਬੀ ਦੁਪਟਾ ਸੜਕ ਉਤੋਂ ਦੀ ਇਹ ਭੰਬੀਰੀ ਜਿਹੀ ਇੰਜ ਲੰਘ ਜਾਂਦੀ ਹੈ ਜਿਵੇਂ ਸੁਪਨੇ ਵਿਚ ਕੋਈ ਮੂਰਤ ਵੇਖੀ ਹੁੰਦੀ ਹੈ। ਸਭ ਨਜ਼ਰਾਂ ਇਸ ਵਲ ਖਿਚ ਜਾਂਦੀਆਂ ਹਨ, ਜਿਵੇਂ ਲੋਹੇ ਦੇ ਬੂਰ ਵਿਚ ਦੀ ਚੁੰਬਕ ਪੱਥਰ ਫਿਰ ਜਾਵੇ ਤਾਂ ਜ਼ੱਰਾ ਜ਼ੱਰਾ ਨੱਚ ਕੇ ਪੱਥਰ ਵਲ ਨੂੰ ਤਾਂਘਦਾ ਹੈ। ਇਕ ਮਮੂਲੀ ਸਾਡੇ ਤੁਹਾਡੇ ਵਰਗੀ ਕੁੜੀ ਹੈ, ਸਕੂਲ ਚੱਲੀ ਹੈ, ਜਿਵੇਂ ਸਾਰੀ ਦੁਨੀਆਂ ਜਾਂਦੀ ਹੈ ਤੇ ਜਾਂਦੀ ਆਈ ਹੈ, ਪਰ ਦੁਨੀਆਂ ਵਿਚ ਇਕ ਤਰਥੱਲੀ ਜਿਹੀ ਮਚਾ ਗਈ ਹੈ। ਮੱਖੀਆਂ ਦੇ ਛੱਤੇ ਉਤੇ ਜਿਵੇਂ ਇਕ ਲਹਿਰ ਫਿਰ ਜਾਂਦੀ ਹੈ, ਟਿਕੇ ਪਾਣੀ ਉਤੇ ਜਿਵੇਂ ਇਕ ਅਣਡਿਠੇ ਬੁੱਲ੍ਹੇ ਨਾਲ ਮੌਜਾਂ ਉਠ ਖਲੋਂਦੀਆਂ ਹਨ, ਸਰੀਰ ਉਤੇ ਕਿਸੇ ਡੂੰਘੇ ਖਿਆਲ ਨਾਲ ਲੂੰ-ਕੰਡੇ ਹੋ ਜਾਂਦੇ ਹਨ, ਇਹ ਕੁੜੀ ਇਕ ਲਹਿਰ ਜਿਹੀ ਵਗਾ ਗਈ ਹੈ। ਨਵੇਂ ਪੁੰਗਰਦੇ ਮੁੰਡਿਆਂ ਨੂੰ ਤਾਂ ਭਲਾ ਇਸ ਟੁੰਬ ਨੇ ਆਫ਼ਤ ਪਾਉਣੀ ਹੀ ਸੀ, ਪਰ ਵਡੇ ਰੜ੍ਹੇ ਹੋਏ ਖਾਂਘੜ ਭੀ ਇਸ ਨਿਰਾਲੀ ਜਿਹੀ ਵਜਹ ਦੇ ਕਦੇ ਕਦੇ ਵਾਪਰਦੇ ਦ੍ਰਿਸ਼ ਨੂੰ ਭਵਾਂ ਚੁਕ ਕੇ ਤੱਕਣ ਲਗ ਪਏ ਹਨ ਤੇ ਮੂੰਹ ਖੁਲ੍ਹੇ ਰਹਿ ਗਏ ਹਨ। ਭਲਾ ਪੰਜਾਬ ਦੀਆਂ ਗਰਦ ਭਰੀਆਂ ਟੁੱਟੇ ਥੰਬੂ ਕਾਟਾਂ ਵਾਲੀਆਂ, ਸੁਕੀਆਂ ਸੜੀਆਂ ਸੜਕਾਂ ਉਤੇ ਰੰਗਤ ਤੇ ਰੰਗਤ ਵਾਲੀਆਂ ਦਾ ਕੀ ਵਾਸਤਾ। ਪੈਰੀਂ ਤੁਰਦਿਆਂ ਯੁਵਕਾਂ ਨੂੰ ਗੋਦੀ ਚਾਈ ਜਾਂਦੀਆਂ ਸਲੀਪਰਾਂ ਨੂੰ ਘਸੀਟਦੀਆਂ ਤੇ ਮੂੰਹ ਪਾਸੇ ਕਰਕੇ ਕਜਦੀਆਂ ਤਾਂ ਨਿੱਤ ਵੇਖੀਦੀਆਂ

ਹਨ, ਪਰ ਸਾਈਕਲ ਉਤੇ ਚੜ੍ਹ ਕੇ ਨੰਗੇ ਮੂੰਹ, ਉਡਦੇ ਸਾਲੂ ਤੇ ਭੌਂਦੀਆਂ ਲੱਤਾਂ ਨਾਲ ਕੋਲ ਦੀ ਲੰਘਦੀ ਕੁੜੀ ਕਦੇ ਕਿਸੇ ਠੰਡੇ ਦਿਲ ਨਾਲ ਵੇਖੀ ਹੈ ? ਅਸਲੀਅਤ ਪੁਛੋ ਤਾਂ ਗੱਲ ਕੁਝ ਵੀ ਨਹੀਂ, ਅਗੇ ਕੁੜੀ ਪੈਰੀਂ ਤੁਰਕੇ ਜਾਇਆ ਕਰਦੀ ਸੀ, ਹੁਣ ਸਾਈਕਲ ਨੂੰ ਆਪੂੰ ਚਲਾ ਕੇ ਮੁੰਡਿਆਂ ਵਾਂਗ ਸਵਾਰ ਹੋ ਕੇ ਉਹਨਾਂ ਹੀ ਅਗਲਿਆਂ ਰਾਹਾਂ ਵਿਚੋਂ ਉਹਨਾਂ ਗਲੀ ਕੂਚਿਆਂ ਵਿਚੋਂ ਉਹਨਾਂ ਹੀ ਅੱਖੀਆਂ ਦੇ ਵਿੰਹਦਿਆਂ ਉਸੇ ਸਕੂਲ ਉਹੋ ਪੜ੍ਹਾਈ ਕਰਨ ਚੱਲੀ ਹੈ, ਜੋ ਅਗੇ ਕਰਿਆ ਕਰਦੀ ਹੈ ।

ਸਾਈਕਲ ਵਿਚ ਖਬਰੇ ਕੀ ਅਜੂਬਾ ਹੈ, ਸਾਰੀ ਦੁਨੀਆਂ ਇਹਨਾਂ ਬਦ-ਸ਼ਕਲਿਆਂ ਉਤੇ ਚੜ੍ਹੀ ਫਿਰਦੀ ਹੈ, ਇਕ ਇਹ ਗਰੀਬਣੀ ਚੜ੍ਹ ਬੈਠੀ, ਖਬਰੇ ਕੀ ਲੋਹੜਾ ਆ ਗਿਆ, ਕਦੇ ਏਸ ਬਪੜੀ ਤੋਂ ਪੁਛੋ ਕਿ ਸਾਈਕਲ ਚੜ੍ਹਨ ਦਾ ਤੇ ਭੀੜਾਂ ਵਿਚੋਂ ਲੰਘ ਜਾਣ ਦਾ ਕਿਹੋ ਜਿਹਾ ਸੁਆਦ ਹੈ ? ਉਹ ਦੱਸੇਗੀ ਤੇ ਬੜੇ ਹਾਉਕੇ ਲੈਕੇ ਦੱਸੇਗੀ : ਭਰਾਵਾਂ ਨੂੰ ਸਾਈਕਲਾਂ ਉਤੇ ਹਵਾ ਨਾਲ ਗੱਲਾਂ ਕਰਦਿਆਂ ਦੇਖ ਕੇ ਇਸ ਨੂੰ ਵੀ ਚਾਉ ਉਠਿਆ, ਇਸ ਨੇ ਵੀ ਸਾਈਕਲ ਪ੍ਰਾਪਤ ਕਰ ਲਿਆ, ਇਕ ਲੇਡੀ ਸਾਈਕਲ ਚੜ੍ਹਨਾ ਸਿੱਖਣਾ ਪੰਜਾਬੀ ਕੁੜੀ ਲਈ ਇਕ ਦੋ ਘੰਟੇ ਦੀ ਗੱਲ ਸੀ । ਪਰ ਜਦ ਸਾਈਕਲ ਨੂੰ ਘਰ ਦੇ ਵਿਹੜੇ ਤੋਂ ਕਢ ਕੇ ਸੜਕ ਉਤੇ ਤੇ ਦੁਨੀਆਂ ਦੇ ਅਸਗਾਹੇ ਵਿਚ ਠੇਲ੍ਹਿਆ, ਸਾਈਕਲ ਕੰਡਿਆਂ ਦੀ ਸੇਜ ਬਣ ਗਿਆ । ਜਿਸ ਕਿਸੇ ਨੇ ਅੱਗੇ ਅੱਖ ਚੁਕ ਕੇ ਵੇਖਣ ਦੀ ਖੇਚਲ ਨਹੀਂ ਸੀ ਕੀਤੀ ਉਹ ਵੀ ਭਵਾਂ ਚੁਕ ਕੇ ਤਾੜਨ ਲਗ ਪਿਆ । ਤਰ੍ਹਾਂ ਤਰ੍ਹਾਂ ਦੀਆਂ ਬੋਲੀਆਂ ਕੰਨੀ ਪੈਣ ਲੱਗ ਪਈਆਂ । ਕੋਈ ਬਣਾਉਟੀ ਉਸਤਤੀ ਦੀ, ਕੋਈ ਬੇਹਿਆਈ ਤੇ ਈਰਖਾਵਾਦ ਦੀ, ਕੋਈ ਨਵੇਂ ਜ਼ਮਾਨੇ ਦੀਆਂ ਅਜੂਬਿਆਂ ਦੀ, ਤੇ ਕੋਈ ਨਿਪਟ ਨੰਗੀ ਮਖ਼ੌਲ ਤੇ ਗੰਦੇ ਬੋਲ ਦੀ । ਸਾਈਕਲ ਕੀ ਲੈ ਬੈਠੀ ਇਕ ਆਫ਼ਤ ਸਹੇੜ ਲਈ ਹੈ ।

ਪਰ ਹੁਣ ਪਿੱਛੇ ਵੀ ਹਟਿਆ ਨਹੀਂ ਜਾਂਦਾ ਜਦ ਇਹ ਸਾਈਕਲ-ਸਵਾਰ ਬਜ਼ਾਰਾਂ ਵਿਚੀਂ ਲੰਘਦੀ ਹੈ ਕਈਆਂ ਨੂੰ ਤਾਂ ਸਚ ਮੁਚ ਕਲਜੁਗ ਸਾਮ੍ਹਣੇ ਖਲੋਤਾ ਜਾਪਦਾ ਹੈ । ਇਸਤਰੀ ਜਾਤੀ ਤੇ ਬਾਈਸਿਕਲ ਸਵਾਰ ! ਏਦੂੰ ਹੋਰ ਵਧ ਗਿਰਾਵਟ ਦੀ ਨਿਸ਼ਾਨੀ ਭਲਾ ਕੀ ਹੋ ਸਕਦੀ ਹੈ । ਕੋੜਿਆਂ ਵਿਚੀਂ ਨੰਗੇ ਚੁੰਸੇ

ਘਸੀਟੇ ਜਾਣਾ ਬੰਦਾ ਝੱਲ ਲੈਂਦਾ ਹੈ ਪਰ ਘਿਰਣਾ ਤੇ ਹੀਣਤਾ ਦੇ ਅਣਬੋਲੇ ਵੈਣ ਜਿਗਰ ਨੂੰ ਛਾਨਣੀ ਬਣਾ ਦਿੰਦੇ ਹਨ ! ਸਾਈਕਲ ਉਤੇ ਚੜ੍ਹਨਾ ਤੇ ਚੜ੍ਹ ਕੇ ਕੰਮ ਕਾਜ ਨੂੰ ਜਾਣਾ ਇਸ ਕੁੜੀ ਲਈ ਕੋਈ ਖੁਸ਼ੀ ਦਾ ਸੌਦਾ ਨਹੀਂ ਰਹਿ ਗਿਆ ਹਾਂ, ਵਕਤ ਜ਼ਰੂਰ ਬਚ ਜਾਂਦਾ ਹੈ । ਪਰ ਬੇ ਸੋਚ ਭੀੜਾਂ ਲਈ ਸਮਾਂ ਕੀ ਤੇ ਸਮੇਂ ਦੀ ਸੰਕੋਚ ਵਰਤੋਂ ਕੀ ! ਇਹ ਪੰਜਾਬੀ ਬਾਬਲ ਦੀ ਬੇਟੀ ਵਿਚਾਰੀ ਨਿਤਪ੍ਰਤ ਇਸ ਕਠਨ ਤਪੱਸਿਆ ਵਿਚੀਂ ਲੰਘਦੀ ਹੈ । ਕੋਈ ਕਿਸੇ ਨੂੰ ਕੱਖ ਪਤਾ ਨਹੀਂ ਕਿ ਇਸ ਦੇ ਦਿਲ ਉਤੇ ਨਿੱਤ ਕਿੰਨੀਆਂ ਚੋਟਾਂ ਪੈਂਦੀਆਂ ਹਨ, ਕਿਵੇਂ ਸਰੀਰ ਨਾਲੋਂ ਵਧੇਰੇ ਪੀੜਾਂ ਦੇਣ ਵਾਲਾ ਕੰਡਿਆਂ ਨਾਲ ਔਖਿਆ ਦਿਲ ਰੋਜ਼ ਇਸ ਕਾਰ ਨਾਲ ਸੌਹਾਂ ਹੁੰਦਾ ਹੈ ਤੇ ਕੋਈ ਨਹੀਂ ਜੋ ਇਸ ਸੁਜਾਖੀ ਪਰ ਅੰਨ੍ਹੀ ਦੁਨੀਆਂ ਨੂੰ ਸੁਝਾ ਸਕੇ ਤੇ ਸਮਝਾ ਸਕੇ ਕਿ ਸੜਕਾਂ ਤੇ ਬਾਈਸਿਕਲ ਇਸਤਰੀਆਂ ਲਈ ਮਨ੍ਹਾ ਨਹੀਂ, ਸੜਕਾਂ ਨੂੰ ਸਲੀਪਰਾਂ ਨਾਲ ਕਦਮ ਕਦਮ ਕੱਛਣ ਨਾਲੋਂ ਪਹੀਏ ਲਾਕੇ ਤੁਰ ਜਾਣ ਦੀ ਸਭ ਨੂੰ ਖੁਲ੍ਹ ਹੈ, ਜੇ ਰੱਬ ਅਕਲ ਤੇ ਸਮਰਥਾ ਬਖਸ਼ੇ ।

ਦੁਨੀਆਂ ਵਿਚ ਸੋਚ ਸਭ ਨੂੰ ਹੈ, ਚੰਗੇ ਮਾੜੇ ਪਾਸੇ ਦਾ ਪਤਾ ਘੱਟ ਵਧ ਪਸ਼ੂਆਂ ਨੂੰ ਵੀ ਲਗ ਜਾਂਦਾ ਹੈ । ਮਨੁਖ ਮਾਤਰ ਨੂੰ ਆਪਣੇ ਲਾਭ ਹਾਣ ਦੇ ਰਾਹਾਂ ਦਾ ਸੁਝਾਉ ਅੱਗੇ ਪਿੱਛੇ ਹੋ ਜਾਂਦਾ ਹੈ । ਇਹ ਸਮਝਣ ਵਿਚ ਬਾਹਲਾ ਤਪ ਸਾਧਣ ਦੀ ਲੋੜ ਨਹੀਂ ਕਿ ਮਸ਼ੀਨਾਂ ਸਾਡੇ ਲਾਭ ਹਿਤ ਹੀ ਬਣੀਆਂ ਹਨ ਤੇ ਸਮਾਂ ਬਚਾਊ ਕਲਾਵਾਂ ਸੁਖਦਾਇਕ ਹਨ । ਸਮਝ ਸਾਰਿਆਂ ਨੂੰ ਹੈ, ਪਰ ਉਠ ਕੇ ਉਸ ਰਾਹ ਨੂੰ ਗ੍ਰਹਿਣ ਕਰ ਲੈਣਾ ਸਾਰਿਆਂ ਦਾ ਕੰਮ ਨਹੀਂ । ਕਿੰਨੇ ਹਨ ਜੋ ਜਕੋਤਕੇ ਵਿਚ ਹੀ ਉਮਰਾਂ ਲੰਘਾ ਦਿੰਦੇ ਹਨ । ਪਤਾ ਕਰਕੇ ਵੇਖੋ ਕਿੰਨੇ ਹਨ ਜਿਨ੍ਹਾਂ ਨੇ ਹਾਲਾਂ ਤੀਕ ਕਦੇ ਰੇਲ ਦੇ ਇੰਜਨ ਨੂੰ ਨੇੜੇ ਹੋਕੇ ਨਹੀਂ ਵੇਖਿਆ । ਉਹ ਜਿਹੜੇ ਸੰਗ ਸ਼ਰਮ ਤੇ ਡਰ ਲਾਹਕੇ ਅਗੇ ਵਧ ਨਿਕਲਦੇ ਹਨ ਦੁਨੀਆਂ ਦੇ ਆਗੂ ਹਨ, ਬਾਕੀ ਦੁਨੀਆਂ ਪਿਛਲੱਗ ਹੈ । ਇਹ ਮੁਟਿਆਰ ਨਿਰੀ ਸਾਈਕਲ ਵਾਲੀ ਛੋਕਰੀ ਨਹੀਂ, ਇਹ ਆਗੂ ਹੈ, ਸੱਭਿਤਾ ਦੀ ਗੱਡੀ ਦਾ ਇੰਜਨ ਹੈ, ਇਹ ਪਿਛੇ ਆਉਣ ਵਾਲੀਆਂ ਪੋਤੀਆਂ ਤੇ ਦੋਹਤੀਆਂ ਦੀ ਵਡੇਰੀ ਹੈ, ਜਿਸ ਦੀ ਅਗਵਾਈ ਨਾਲ ਆਉਣ ਵਾਲੀਆਂ ਨਸਲਾਂ ਸਫਲ ਹੋਣਗੀਆਂ, ਜਿਸ ਦੀ ਝੱਲੀ ਝਾਲ ਤੇ ਘਾਲੀ ਘਾਲਣਾ ਉਨ੍ਹਾਂ ਦੇ ਕੰਮ ਆਵੇਗੀ ਤੇ ਉਨ੍ਹਾਂ ਲਈ ਰਾਹ ਸਾਫ਼ ਹੋ

ਜਾਣਗੇ ।

ਦੁਨੀਆਂ ਦਾ ਖਾਸਾ ਹੈ ਕੁੱਤੇ ਦੀ ਪੂਛ ਵਾਂਗ ਵਲ ਖਾਈ ਰੱਖਣਾ, ਕਦੇ ਸਿੱਧੇ ਨਾ ਹੋਣਾ। ਪਰ ਕਰਨ ਵਾਲੇ ਇਸ ਨੂੰ ਸਿੱਧਿਆਂ ਕਰ ਲੈਂਦੇ ਹਨ । ਸੱਭਿਅਤਾ ਦੀ ਇਕ ਵੱਡੀ ਪਰਖ ਇਹ ਸਮਝੀ ਜਾਂਦੀ ਹੈ ਕਿ ਲੋਕੀਂ ਨਿਤਾਪ੍ਰਤ ਦੇ ਕੰਮਾਂ ਨੂੰ ਆਪਣੇ ਦੋ ਹੱਥਾਂ ਨਾਲ ਕਰਦੇ ਹਨ ਜਾਂ ਤੀਜੇ ਹਥ ਅਥਵਾ ਅਕਲ ਨਾਲ ਭੀ ਕਰਦੇ ਹਨ । ਜਿਸ ਸੋਸਾਇਟੀ ਵਿਚ ਸਮਾਂ ਬਚਾਊ ਕਲਾਵਾਂ ਦੀ ਵਰਤੋਂ ਨਹੀਂ ਹੈ ਉਸ ਵਿਹਲ ਕਿਥੋਂ ਹੋਣਾ ਹੋਇਆ ? ਤੇ ਜਿਥੇ ਵਿਹਲ ਨਹੀਂ ਉਥੇ ਸਵੈ-ਉਨਤੀ ਲਈ ਸਮਾਂ ਕਿਥੋਂ ਆਉਣਾ ਹੋਇਆ ? ਹਰ ਨਵੀਂ ਕਾਢ ਨੂੰ, ਨਵੇਂ ਢੰਗ ਨੂੰ ਦੁਨੀਆ ਮੁਢੋਂ ਤੋਹ ਤੋਹ ਕਰਦੀ ਆਈ ਹੈ ਪਰ ਇਸ ਦੇ ਤੋਹ ਤੋਹ ਕਰਦਿਆਂ ਤੇ ਸਾਡੇ ਵਿਹਦਿਆਂ ਨਵੇਂ ਤਰੀਕੇ ਤੇ ਨਵੇਂ ਰਾਹ ਨਿਕਲਦੇ ਤੇ ਵਰਤੀਂਦੇ ਆ ਰਹੇ ਹਨ । ਖੂਹਾਂ ਵਿਚੋਂ ਪਾਣੀ ਨੂੰ ਕੱਢ ਕੇ ਬੂਟਿਆਂ ਨੂੰ ਦੇਣ ਲਈ ਚੜਸ ਵਰਤੇ ਜਾਂਦੇ ਸਨ, ਜਿਸ ਲਈ ਦੋ ਤਕੜੀਆਂ ਜੋੜੀਆਂ, ਇਕ ਬਿੱਢ ਉੱਤੇ ਖਲੋਕੇ ਚੜਾਸ ਨੂੰ ਫੜਨ ਵਾਲਾ ਇਕ ਨਾਕੀ, ਕੁਲ ਚਾਰ ਆਦਮੀ ਤੇ ਚਾਰ ਬਲਦ ਲੋੜੀਂਦੇ ਸਨ ਤੇ ਸਾਰੇ ਦਿਨ ਵਿਚ ਮਸਾਂ ਚਾਰ ਪੰਜ ਕਨਾਲ ਭੁਇੰ ਭਿੱਜਦੀ ਸੀ । ਮਸਾਂ ਮਸਾਂ ਵੱਡੀਆਂ ਪ੍ਰੇਰਨਾਵਾਂ ਨਾਲ ਕਾਠ ਦੇ ਹਲਟ ਚੱਲੇ, ਫੇਰ ਕਾਠ ਦੀ ਥਾਂ ਲੋਹੇ ਦੇ, ਤੇ ਹੁਣ ਅਜੇ ਵੀ ਲੋਕ ਆਖਦੇ ਸੁਣੇ ਜਾਂਦੇ ਸਨ, "ਜੀ ਜੋ ਕਮਾਇਆ ਪਿਛਲੇ ਆਦਮੀ ਕਰਿਆ ਕਰਦੇ ਸਨ ਉਹ ਅੱਜ ਕਿੱਥੇ ?" ਜਿੱਥੇ ਪੱਠੇ ਜੇਤਾ ਲਾ ਕੇ ਆਦਮੀ ਗੰਡਾਸੇ ਜਾਂ ਦਾਤੀ ਨਾਲ ਕੁਤਰਦਾ ਹੁੰਦਾ ਸੀ ਅੱਜ ਦਸ ਮਿੰਟਾਂ ਵਿਚ ਮਸ਼ੀਨੀ ਟੋਕੇ ਨਾਲ ਕੁਤਰ ਲਈਦੇ ਹਨ । ਕਪੜੇ ਸੀਉਣ ਦੀਆਂ ਮਸ਼ੀਨਾਂ ਨਾ ਹੁੰਦੀਆਂ ਤਾਂ ਟੱਬਰਾਂ ਨੂੰ ਕੱਪੜੇ ਪੂਰੇ ਨਹੀਂ ਸਨ ਆ ਸਕਦੇ ਭਾਵੇਂ ਘਰ ਦੇ ਸਾਰੇ ਜੀਅ ਸੂਈ ਧਾਗਾ ਲੈ ਕੇ ਸੀਉਣ ਲਗ ਪੈਂਦੇ ।

ਇਹ ਠੀਕ ਹੈ ਕਿ ਮਹਾਤਮਾਂ ਗਾਂਧੀ ਨੇ ਦੇਸ ਉੱਨਤੀ ਦੀ ਮੁਹਿਮ ਵਿਚ ਚਰਖੇ ਨੂੰ ਪਹਿਲ ਦਿੱਤੀ । ਪਰ ਚਰਖਾ ਵੀ ਤਾਂ ਇਕ ਮਸ਼ੀਨ ਹੀ ਹੈ ਤੇ ਹੁਣ ਕਿਹੜਾ ਸਾਡਾ ਸਾਰਾ ਕਪੜਾ ਚਰਖਿਆਂ ਦੇ ਸੂਤ ਨਾਲ ਬੁਣੀਦਾ ਹੈ ? ਸਾਨੂੰ ਭੁੱਲ ਨਹੀਂ ਜਾਣਾ ਚਾਹੀਦਾ ਕਿ ਸਾਡੇ ਦੇਸ਼ ਦੇ ਇਸ ਲੰਗੋਟੀ ਪੋਸ਼ ਮਹਾਂ ਪੁਰਸ਼ ਦੀ ਧੋਤੀ ਦੀ ਡਬ ਵਿਚ ਇਕ ਵਡੀ ਮੁੱਠ ਭਰਨੀ ਘੜੀ ਹੁੰਦੀ ਸੀ ਜਿਸ ਨਾਲ ਉਹ ਆਪਣੇ ਜੀਵਨ ਸਮੇਂ ਨੂੰ ਕਠਨ ਸਮਾ-ਸਾਧਨ ਵਿਚ ਰੱਖਿਆ ਕਰਦਾ ਸੀ ਤੇ

ਜਿਸ ਨੂੰ ਵੇਖ ਵੇਖ ਕੇ ਉਸਨੇ ਆਪਣੇ ਸੱਤਰ ਸਾਲਾਂ ਨੂੰ ਤਿੰਨ ਸੌ ਵਰ੍ਹਿਆਂ ਦੀ ਲੰਬਾਈ ਦਿੱਤੀ। ਕੋਈ ਕਾਰਨ ਨਹੀਂ ਕਿ ਜੋ ਕੰਮ ਅਸੀਂ ਕਿਸੇ ਕਲਾਕਾਰੀ ਨਾਲ ਅੱਧੇ ਘੰਟੇ ਵਿਚ ਕਰ ਸਕਦੇ ਹਾਂ ਉਸ ਉਤੇ ਚਾਰ ਘੰਟੇ ਲਾਈਏ। ਸਮਾਂ ਬਚਾਉਣ ਨਾਲ ਹੀ ਉਮਰ ਲੰਮੀ ਹੋ ਸਕਦੀ ਹੈ, ਨਿਰੇ ਸੌ ਵਰ੍ਹਿਆਂ ਜੀਵਨ ਨਾਲ ਉਮਰ ਲੰਮੀ ਨਹੀਂ ਅਖਵਾ ਸਕਦੀ। ਸਮਾਂ ਬਚਾਉਣ ਨਾਲ ਹੀ ਅਪਣਾ ਕੰਮ ਕਰਕੇ ਉਪਕਾਰੀ ਆਦਮੀ ਦੂਜਿਆਂ ਲਈ ਸਮਾਂ ਕੱਢ ਸਕਦਾ ਹੈ। ਸਮਾਂ ਬਚਾਉਣ ਨਾਲ ਹੀ ਅਸੀਂ ਰੋਟੀ ਕਪੜੇ ਪੇਟ ਪੂਜਾ ਤੇ ਟੱਬਰ ਪਾਲਣ ਦੇ ਨੀਵੇਂ ਕੰਮਾਂ ਤੋਂ ਛੁਟਕਾਰਾ ਪਾਕੇ ਧਰਮ ਸਿਆਣਪਾਂ ਆਰਟ ਵਿਚ ਲੀਨ ਹੋ ਕੇ ਉਹ ਉੱਚੀਆਂ ਮੌਜਾਂ ਮਾਣ ਸਕਦੇ ਹਾਂ ਜੋ ਦੇਵਤਿਆਂ ਨੂੰ ਨਸੀਬ ਨਹੀਂ।

ਸਾਡਾ ਜੁਗ ਅਸਲੀ ਅਰਥਾਂ ਵਿਚ ਕਲਾਂ-ਜੁਗ (Machine age) ਹੈ। ਜਿਸ ਨੇ ਕਲਾ ਨੂੰ ਆਪਣੀ ਬਾਂਦੀ ਬਣਾ ਲਿਆ, ਉਹ ਇਸ ਜੁਗ ਵਿਚ ਪ੍ਰਬੀਨ ਹੈ। ਜਿਸ ਨੇ ਸਤਜੁਗ ਵਾਂਗ ਹੱਥਾਂ ਨਾਲ ਕੰਮ ਤੇ ਪੈਰਾਂ ਨਾਲ ਪੰਧ ਸਾਧਣਾ ਹੈ ਉਹ ਇਸ ਜੁਗ ਵਿਚ ਸੁਖੀ ਨਹੀਂ ਵੱਸ ਸਕਦਾ। ਦੁਨੀਆਂ ਵਿਚ ਯੂਰਪ ਕਲਾ ਵਰਤੋਂ ਵਿਚ ਪਰਧਾਨ ਹੈ ਤੇ ਯੂਰਪ ਹੀ ਸਭ ਤੋਂ ਪਰਵਾਨ ਦੀਪ ਹੈ। ਯੂਰਪ ਸਾਇੰਸ ਨੂੰ ਤੇ ਸਾਇੰਸ ਦੀਆਂ ਮਸ਼ੀਨਾਂ ਨੂੰ ਆਪਣੇ ਸੁਖ ਤੇ ਹਰ ਪ੍ਰਕਾਰ ਦੇ ਸੁਖਾਲ ਲਈ ਹਰ ਥਾਂ ਵਰਤ ਰਿਹਾ ਹੈ। ਆਵਾਜਾਈ ਲਈ ਸਾਈਕਲ ਤੇ ਮੋਟਰਾਂ, ਚੁੱਲ੍ਹੇ ਲਈ ਬਿਜਲੀ, ਘਰ ਨਿੱਘਾ ਕਰਨ ਲਈ ਕੋਇਲੇ ਦੀ ਨਿੱਕੀ ਜਿਹੀ ਭੱਠੀ, ਖਬਰਾਂ ਸੁਣਨ ਤੇ ਰਾਗ ਰੰਗ ਲਈ ਰੇਡੀਓ, ਬਾਹਰ ਦਿਆਂ ਨਾਲ ਗੱਲ ਬਾਤ ਕਰਨ ਲਈ ਟੈਲੀਫੋਨ। ਇਸ ਸਾਰੇ ਸੁਖ ਦਾ ਫਲ-ਸੁਖ ਇਹ ਕਿ ਯੂਰਪ ਦੇ ਤੀਵੀਆਂ ਪੁਰਸ਼ ਆਯੂ ਦਾ ਤਕੜਾ ਹਿੱਸਾ ਨਵੀਆਂ ਵਿਚਾਰਾਂ ਲਈ, ਦੇਸ਼ ਪਰਦੇਸ ਯਾਤਰਾ ਲਈ ਪੁਸਤਕਾਂ ਪੜ੍ਹ ਕੇ ਨਵੇਂ ਗੁਣ ਪ੍ਰਾਪਤ ਕਰਨ ਲਈ ਅਰਪ ਸਕਦੇ ਹਨ। ਸਾਡੇ ਦੇਸ ਦਾ ਗ਼ਰੀਬ ਕਿਸਾਨ ਜਦ ਦੇਖੋ ਕੰਮ ਧੰਦੇ ਵਿਚ ਰੁਝਿਆ ਹੁੰਦਾ ਹੈ। ਉਸ ਨੂੰ ਨਾ ਅਖ਼ਬਾਰਾਂ ਪੜ੍ਹਨ ਦੀ ਵਿਹਲ ਹੈ ਨਾ ਪੁਸਤਕਾਂ ਦੀ, ਜਿਸ ਕਰਕੇ ਨਾ ਸਾਹਿਤ ਪ੍ਰਫੁਲਤ ਹੁੰਦਾ ਹੈ ਨਾ ਲਿਖਾਰੀ ਉਪਜਦੇ ਹਨ, ਮਾਨੋ ਇਕ ਤਰ੍ਹਾਂ ਦੇਸ ਦੀ ਰੂਹ ਤੇ ਦਿਲ ਸੁੰਨ ਹਨ।

ਜੋਗੀਆਂ ਦੀ ਸਿਖਿਆ ਹੈ ਕਿ ਮਨੁਖਾਂ ਨੂੰ ਹੱਥਾਂ ਨਾਲ ਕੰਮ ਜ਼ਰੂਰ ਕਰਨਾ

ਚਾਹੀਦਾ ਹੈ, ਪਰ ਕੰਮ ਵਿਚ ਏਨਾ ਨਹੀਂ ਧਸ ਜਾਣਾ ਚਾਹੀਦਾ ਕਿ ਕਦੇ ਜਾਗਦਿਆਂ ਹੀ ਵਿਹਲ ਨਾ ਲੱਗੇ। ਦਿਨ ਦਾ ਕੁਝ ਹਿੱਸਾ ਜ਼ਰੂਰ ਵਿਹਲਾ ਰਖਣਾ ਚਾਹੀਦਾ ਹੈ, ਜਿਸ ਵਿਚ ਸਰੀਰਕ ਕੰਮਾਂ ਤੋਂ ਟੱਪ ਕੇ ਆਦਮੀ ਆਪਣੀ ਵਿਚਾਰ ਸ਼ਕਤੀ ਲਈ ਸਾਧਨ ਸੋਚ ਸਕੇ, ਚੰਗੇ ਗ੍ਰੰਥ ਫਰੋਲ ਸਕੇ, ਚੰਗੀ ਸੰਗਤ ਕਰ ਸਕੇ। ਪਰ ਇਹ ਉਦੋਂ ਤਕ ਨਹੀਂ ਹੋ ਸਕਦਾ ਜਦ ਤੀਕ ਅਸੀਂ ਆਪਣੇ ਕੰਮਾਂ ਲਈ ਉਹ ਸੁਖੱਲੇ ਤਰੀਕੇ ਨਹੀਂ ਵਰਤ ਸਕਦੇ ਜੋ ਸਾਡਾ ਸਮਾਂ ਬਚਾਉਣਾ।

ਯੂਰਪ ਦੇ ਦੇਸ਼ਾਂ ਡੈਨਮਾਰਕ, ਹਾਲੈਂਡ ਵਿਚ ਬਾਈਸਿਕਲਾਂ ਦਾ ਏਨਾ ਰਿਵਾਜ ਹੈ ਕਿ ਘਰ ਦੇ ਜਿੰਨੇ ਜੀਅ ਹੋਣ ਉਨੇ ਸਾਈਕਲ ਹੋਣਗੇ। ਬਾਦਸ਼ਾਹ ਤੀਕ ਆਣ ਜਾਣ ਲਈ ਸਾਈਕਲ ਵਰਤਦੇ ਹਨ। ਜਿਥੇ ਹਵਾ ਦਾ ਚਲਣਾ ਨਿਸ਼ਚਿਤ ਹੈ ਉਥੇ ਪੌਣ ਚਕੀਆਂ ਦਿਨ ਰਾਤ ਕੰਮ ਕਰਦੀਆਂ ਹਨ। ਕਈ ਘਰਾਂ ਵਿਚ ਕੁੱਤੇ ਕੰਮ ਕਰਨ ਸਿਖਾਏ ਹੋਏ ਹਨ। ਕਾਮਿਆਂ ਦੀ ਰੋਟੀ ਬਾਹਰ ਲੈ ਜਾਣਾ ਤੇ ਸ਼ਾਮ ਨੂੰ ਉਨ੍ਹਾਂ ਦੇ ਸੰਦ ਰੇੜ੍ਹੀ ਵਿਚ ਲੈ ਆਉਣੇ ਮਮੂਲੀ ਕੰਮ ਹਨ। ਯੂਰਪ ਵਿਚ ਬਿਜਲੀ ਏਨੀ ਪੈਦਾ ਹੁੰਦੀ ਹੈ ਕਿ ਪਿੰਡਾਂ ਤੇ ਖੇਤਾਂ ਵਿਚ ਪੁਜੀ ਹੋਈ ਹੈ ਤੇ ਕੰਮ ਕਰਦੀ ਹੈ। ਯੂਰਪ ਤੇ ਅਮਰੀਕਾ ਐਵੇਂ ਤਾਂ ਆਗੂ ਦੇਸ਼ ਨਹੀਂ ਬਣ ਗਏ। ਪਰ ਮਨੁਖ ਦੇ ਦੋ ਪਾਸੇ ਹਨ, ਇਕ ਪਸ਼ੂ ਪਾਸਾ ਦੂਜਾ ਦੈਵੀ। ਇਹ ਦੋਵੇਂ ਪਾਸੇ ਤੋਲਵੇਂ ਬਰੋ-ਬਰਾਬਰ ਇਕ ਦੂਜੇ ਦੇ ਸਹਾਈ ਹੁੰਦੇ ਜੇਕਰ ਉੱਨਤ ਹੋਣ ਤਾਂ ਸਮਝੋ ਮਨੁਖ ਸੁਖੀ ਹੈ ਤੇ ਇਕੋ ਪਾਸਾ ਉੱਨਤ ਹੋਵੇ ਤਾਂ ਮਨੁੱਖਤਾ ਤੋਂ ਦੂਰ ਹੈ। ਅਕਲ ਕਲਾ ਨਾਲ ਕੰਮ ਕਰਨ ਵਾਲਾ ਤਿੰਨ ਚਾਰ ਘੰਟੇ ਸਰੀਰਕ ਬਲ ਤੇ ਬੁਧ ਨਾਲ ਕੰਮ ਕਰਦਾ ਹੈ, ਬਾਕੀ ਦਾ ਜਾਗ੍ਰਤ ਜੀਵਨ ਵਿਚਾਰ ਵਿਚ ਕਾਢਾਂ ਕੱਢਣ ਵਿਚ ਪ੍ਰਾਪਤ ਮਾਇਆ ਦੇ ਸੁਖ ਮਾਣਨ ਵਿਚ ਕਿਸੇ (ਆਰਟ) ਕਲਾ ਦੀ ਉੱਨਤੀ ਵਿਚ, ਉਪਕਾਰ ਵਿਚ ਖਰਚ ਕਰਦਾ ਹੈ। ਭਾਰਤ ਦੇ ਮਜ਼ਦੂਰ ਨੂੰ ਅੱਵਲ ਤਾਂ ਵਿਹਲ ਘੱਟ ਹੈ, ਜੇ ਵਿਹਲ ਹੈ ਤਾਂ ਉਸ ਵਿਹਲ ਨੂੰ ਉੱਚੇ ਦੈਵੀ ਸ਼ੁਗਲਾਂ ਵਿਚ ਖਰਚ ਕਰਨ ਦਾ ਨਾ ਢੰਗ ਹੈ ਨਾ ਵਸੀਲਾ। ਸਾਡਾ ਕਿਸਾਨ ਜਾਗ੍ਰਤ ਜੀਵਨ ਦਾ ਸਾਰਾ ਹਿੱਸਾ ਸਰੀਰਕ ਮਿਹਨਤ ਮੁਸ਼ਕੱਤ ਵਿਚ ਖਰਚ ਕਰਦਾ ਹੈ ਜਿਸ ਕਰਕੇ ਉਹ ਇਕ ਤਰ੍ਹਾਂ ਦਾ ਪਸ਼ੂ ਹੀ ਹੈ, ਇਨਸਾਨੀ ਦਰਜੇ ਤੋਂ ਦੂਰ, ਤੇ ਸੱਭਿਆ ਦੁਨੀਆਂ ਦਾ ਭਾਈਵਾਲ ਨਹੀਂ। ਜਿਸ ਦੇਸ਼ ਦੀ ਤਿੰਨ ਚੌਥਾਈ ਵੱਸੋਂ

ਸਾਹਿੱਤ ਦੀ ਪੜ੍ਹਾਈ ਰਾਗ ਰੰਗ ਦੇ ਸ਼ੁਗਲ, ਕਲਾ-ਕਾਰੀ ਦੀ ਕਦਰਦਾਨੀ ਤੇ ਪਿਆਰ ਵਿਹੂਣੀ ਹੋਏ ਉਸ ਦੇਸ਼ ਵਿਚ ਕਿਸੇ ਕਿਸਮ ਦੇ ਸੂਖਮ ਕਲਾ (Fine art) ਅਰਥਾਤ ਉਚ ਦਰਜੇ ਦੇ ਹੁਨਰ ਪ੍ਰਫੁੱਲਤ ਨਹੀਂ ਹੋ ਸਕਦੇ । ਯੂਰਪ ਦਾ ਮਾਮੂਲੀ ਲਿਖਾਰੀ ਆਪਣਾ ਜੀਵਨ ਅਪਣੀਆਂ ਰਚਿਤ ਪੁਸਤਕਾਂ ਨਾਲ ਬੜੀ ਐਸ਼ ਨਾਲ ਗੁਜ਼ਾਰ ਸਕਦਾ ਹੈ। ਭਾਰਤ ਵਿਚ ਉੱਚੇ ਦਰਜੇ ਦੇ ਲਿਖਾਰੀ ਭੁੱਖੇ ਫਿਰਦੇ ਹਨ ਕਿਉਂ ਕਿ ਸਾਡੇ ਦੇਸ਼ ਵਿਚ ਕਦਰਦਾਨੀ ਲਈ ਕਿਸੇ ਨੂੰ ਵਿਹਲ ਹੀ ਨਹੀਂ । ਸਾਰੀ ਗੱਲ ਵਿਹਲ ਦੀ ਹੈ । ਜੇ ਵਿਹਲ ਹੈ ਤਾਂ ਉੱਚ ਵਿਚਾਰਾਂ ਤੇ ਸਿਆਣਪਾਂ ਤੇ ਕਲਾ ਕ੍ਰਿਆ ਭੀ ਹਨ । ਜੇ ਵਿਹਲ ਨਹੀਂ, ਤਾਂ ਦੋ ਤੇ ਦੋ ਚਾਰ ਰੋਟੀਆਂ ਹਨ, ਹੋਰ ਕੁਝ ਨਹੀਂ । ਵਿਹਲ ਸਾਨੂੰ ਤਦ ਹੋਵੇਗੀ ਜਦ ਅਸੀਂ ਸਾਇੰਸ ਤੇ ਕੁਦਰਤ ਦੀਆ ਸ਼ਕਤੀਆਂ ਤੇ ਯੁਕਤੀਆਂ ਨੂੰ ਆਪਣੇ ਕੰਮਾਂ ਵਿਚ ਵਰਤਣ ਦਾ ਹੌਸਲਾ ਤੇ ਹੀਲਾ ਕਰਾਂਗੇ ।

ਜੇਕਰ ਮਸ਼ੀਨਾਂ ਨੂੰ ਅਸੀਂ ਲੋਭ ਲਹਿਰ ਨਾਲ ਅਣ-ਲੋੜੀ ਦੌਲਤ ਪੈਦਾ ਕਰਨ ਦੇ ਵਸੀਲੇ ਨਾ ਬਣਾਈਏ, ਕੇਵਲ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਤੇ ਸਰੀਰਕ ਕੰਮ ਹੌਲਾ ਕਰਨ ਲਈ ਵਰਤੀਏ ਤਾਂ ਸਵਰਗ ਦੂਰ ਨਹੀਂ ਨੇੜੇ ਹੀ ਹੈ ।

ਆਜ਼ਾਦੀ

ਸਨ ੧੯੧੪-੧੫ ਦੀ ਗੱਲ ਹੈ ਖਾਲਸਾ ਸਕੂਲ ਕੱਲਰ ਦੇ ਕੁਝ ਅਧਿਆਪਕ ਚੱਲ ਰਹੀ ਜੰਗ ਦੀਆਂ ਖ਼ਬਰਾਂ ਪੜ੍ਹ ਕੇ ਆਪੋ ਆਪਣੀਆਂ ਵਿਚਾਰਾਂ ਖੁੱਲ੍ਹੇ ਦਿਲ ਤਾਸ਼ ਦੇ ਪੱਤਿਆਂ ਵਾਂਗ ਵਗਾਹ ਰਹੇ ਸਨ। ਜਰਮਨੀ ਜਿੱਤ ਰਿਹਾ ਸੀ ਤੇ ਅੰਗਰੇਜ਼ ਹਾਰ ਰਹੇ ਸਨ। ਅੰਗਰੇਜ਼ਾਂ ਦੀ ਹਾਰ ਏਨ੍ਹਾਂ ਲਈ ਇਕ ਸੁਆਦਲੀ ਜਿਹੀ ਟੀਕਾ ਟਿਪਣੀ ਸੀ। ਨਕਸ਼ਿਆਂ ਦੀ ਇਕ ਕਿਤਾਬ ਖੋਲ੍ਹ ਕੇ ਸਾਮ੍ਹਣੇ ਰੱਖੀ ਹੋਈ ਸੀ; ਪੰਜ ਚਾਰ ਉਸਤਾਦ ਵੱਡੀਆਂ ਜਮਾਤਾਂ ਦੇ ਤੇ ਇਕ ਪ੍ਰਾਇਮਰੀ ਜਮਾਤ ਦਾ ਠ. ਸਿੰਘ। ਠ. ਸਿੰਘ ਖ਼ਬਰਾਂ ਸੁਣੀ ਜਾਂਦਾ ਸੀ ਤੇ ਕੋਈ ਖ਼ਾਸ ਦਿਲਚਸਪੀ ਨਾ ਉਸਦੇ ਚਿਹਰੇ ਤੋਂ ਪ੍ਰਗਟ ਸੀ ਨਾ ਉਸ ਦੀ ਗੱਲ ਬਾਤ ਤੋਂ। ਜਦ ਦੂਜਿਆਂ ਦੇ ਸੁਆਦ ਦਾ ਪਾਰਾ ਤਕੜਾ ਚੜ੍ਹ ਗਿਆ ਤੇ ਉਹ ਖ਼ੁਸ਼ੀ ਵਿਚ ਇਕ ਦੂਜੇ ਨੂੰ ਹੂਰੇ ਮਾਰਨ ਤੀਕ ਪਹੁੰਚ ਗਏ ਤਾਂ ਠ. ਸਿੰਘ ਨੇ ਭੀ ਕੰਨ ਚੁੱਕੇ। ਆਖਣ ਲੱਗਾ, "ਜੇ ਜਰਮਨੀ ਜਿੱਤ ਗਿਆ ਕੀ ਹੋਸੀ?" ਜਵਾਬ ਮਿਲਿਆ, "ਅੰਗਰੇਜ਼ਾਂ ਦਾ ਬਿਸਤਰ ਗੋਲ ਹੋ ਜਾਸੀ।" ਠ. ਸਿੰਘ ਸਮਝ ਗਿਆ ਤੇ ਫੇਰ ਪੁੱਛਣ ਲੱਗਾ, "ਠੀਕ ਹੈ ਅੰਗਰੇਜ਼ ਦੜਾ ਹੋ ਜਾਸਨ ਪਰ ਸਾਨੂੰ ਇਥੇ ਕੱਲਰ ਵਿਚ ਕੀ ਮਿਲੇਗਾ?" ਮਾਸਟਰ ਠ. ਸਿੰਘ ਵਿਚਾਰਾ ਇਕ ਦਸਵੀਂ ਪਾਸ ਪਰ ਗ਼ਰੀਬ ਘਰ ਦਾ ਆਦਮੀ ਸੀ ਜਿਸ ਨੂੰ ਮੁੰਡੇ ਪੜ੍ਹਾਂਦਿਆਂ ਛੇ ਸਤ ਸਾਲ ਹੋ ਗਏ ਸਨ। ਤਲਬ ਉਸਦੀ ਓਹੀ ੩੫ ਕੁ ਰੁਪਏ ਟਿਕੀ ਰਹੀ। ਜਦ ਉਸ ਦੀ ਤਰੱਕੀ ਦਾ ਸਵਾਲ ਆਵੇ ਹੈਡਮਾਸਟਰ ਅਤੇ ਹੋਰ ਪ੍ਰਬੰਧਕਾਂ ਵੱਲੋਂ ਇਹੋ ਜਵਾਬ ਮਿਲੇ, "ਜੀ ਠ. ਸਿੰਘ ਤਾਂ ਅਨ-ਟਰੇਂਡ ਹੈ ਇਸ ਨੂੰ

ਵਧ ਤਨਖਾਹ ਕਿਵੇਂ ਦਿੱਤੀ ਜਾਵੇ।" ਠ. ਸਿੰਘ ਗਰੀਬ ਅੱਕ ਚੁੱਕਾ ਸੀ ਇਸ ਨੌਕਰੀ ਤੋਂ। ਉਸ ਦਾ ਅਨ-ਟ੍ਰੇਂਡ ਹੋਣਾ ਉਸ ਲਈ ਕੋਹਹਿਮਾਲਾ ਨਾਲੋਂ ਭੀ ਵੱਡੀ ਅੌਕੜ ਬਣ ਖਲੋਤਾ ਸੀ। ਸਕੂਲ ਛੱਡ ਕੇ ਸਾਲ ਟਰੇਨਿੰਗ ਲਈ ਲਾਉਣ ਦੀ ਵਿਚਾਰੇ ਵਿਚ ਪਹੁੰਚ ਨਹੀਂ ਸੀ। ਘਰ ਬੈਠੇ ਨੂੰ ਸੋਹਣੀ ਆਰਾਮ ਦੀ ਨੌਕਰੀ ਲੱਭੀ ਹੋਈ ਸੀ ਤੇ ਟੱਬਰ ਦਾ ਗੁਜ਼ਾਰਾ ਚਲੀ ਜਾਂਦਾ ਸੀ, ਪਰ ਹਰ ਸਾਲ ਜਦ ਦੂਜਿਆਂ ਨੂੰ ਦੋ ਦੋ ਚਾਰ ਚਾਰ ਰੁਪਏ ਤਰੱਕੀਆਂ ਮਿਲਦੀਆਂ ਇਹ ਵਿਚਾਰਾ ਵੇਖਦਾ ਰਹਿ ਜਾਂਦਾ। ਅਨਟਰੇਂਡ ਹੋਣਾ ਇਸ ਦੇ ਜੀਵਨ ਵਿਚ ਇਕ ਅਜੇਹੀ ਰੁਕਾਵਟ ਪਾ ਰਿਹਾ ਸੀ ਕਿ ਉਹ ਪੜ੍ਹਦਾ ਪੜ੍ਹਾਂਦਾ ਤਾਂ ਜੋ ਕੁਝ ਸੀ ਪਰ ਅਨਟਰੇਂਡ ਹੋਣ ਦਾ ਕੰਡਾ ਹਰ ਦਮ ਉਸ ਦੇ ਚਿੱਤ ਵਿਚ ਰੜਕਦਾ ਰਹਿੰਦਾ।

ਠ. ਸਿੰਘ ਦੇ ਉਪਰੋਕਤ ਪ੍ਰਸ਼ਨ ਦੇ ਉਤਰ ਵਿਚ ਬਾਕੀ ਦੇ ਮਾਸਟਰ ਆਪੋ ਆਪਣੀ ਪਹੁੰਚ ਅਨੁਸਾਰ ਉਸ ਨੂੰ ਸਬਜ਼ਬਾਗ ਦਿਖਾਣ ਲੱਗੇ। ਹਿੰਦੁਸਤਾਨ ਵਿਚ ਆਪਣਾ ਰਾਜ ਹੋ ਜਾਵੇਗਾ, ਅੰਗਰੇਜ਼ਾਂ ਨੂੰ ਵਗਾਹ ਕੇ ਬਾਹਰ ਮਾਰਾਂਗੇ, ਆਜ਼ਾਦੀ ਆ ਜਾਵੇਗੀ, ਇਤ ਆਦਿਕ। ਪਰ ਠ. ਸਿੰਘ ਦੇ ਦਿਲ ਉਤੇ ਏਨ੍ਹਾਂ ਗਲਾਂ ਦਾ ਕੁਝ ਅਸਰ ਨਾ ਹੋਇਆ। ਉਸ ਫੇਰ ਪੁੱਛਿਆ, "ਠੀਕ ਹੈ ਆਜ਼ਾਦੀ ਆ ਜਾਵੇਗੀ ਪਰ ਸਾਨੂੰ ਕੀ ਲੱਭੇਗਾ ?" ਇਕ ਜ਼ਰਾ ਖੋਜੀ ਜਿਹਾ ਮਾਸਟਰ ਆਖਣ ਲੱਗਾ, "ਅੰਗਰੇਜ਼ਾਂ ਦੇ ਬਣਾਏ ਕਰੜੇ ਨਿਯਮ ਤੇ ਕਾਨੂੰਨ ਸਭ ਟੁੱਟ ਜਾਣਗੇ ਤੇ ਸਕੂਲ ਭੀ ਆਪਾਂ ਆਪਣੇ ਨਮੂਨੇ ਦੇ ਆਪਣੀ ਕਾਢ ਅਨੁਸਾਰ ਚਲਾਵਾਂਗੇ।" ਠ. ਸਿੰਘ ਦੇ ਚਿਹਰੇ ਉੱਤੇ ਜ਼ਰਾ ਕੁ ਚਮਕ ਜਿਹੀ ਉਠੀ। ਉਹ ਮਾਸਟਰ ਫੇਰ ਬੋਲਿਆ, "ਉੱਚੇ ਨੀਵੇਂ ਦੇ ਵੇਰਵੇ ਸਭ ਮਿਟ ਜਾਣਗੇ ਅਸੀਂ ਸਾਰੇ ਇੱਕੋ ਜਿਹੇ ਹੋ ਜਾਵਾਂਗੇ।" ਠ. ਸਿੰਘ ਦੀਆਂ ਵਰਾਛਾਂ ਪੂਰੀਆਂ ਖੁਲ੍ਹ ਗਈਆਂ ਤੇ ਉਠ ਕੇ ਕਪੜੇ ਝਾੜਦਾ ਹੋਇਆ ਆਖਣ ਲੱਗਾ, "ਬਸ ਇਹੋ ਗੱਲ ਤਾਂ ਮੈਂ ਚਾਹੁੰਦਾ ਹਾਂ, ਹੋਰ ਕੀ ਚਾਹੀਦਾ ਹੈ, ਟਰੇਂਡ ਅਨ-ਟਰੇਂਡ ਤਾਂ ਇਕੋ ਜਹੇ ਹੋ ਜਾਣਗੇ ਨਾ ?"

ਭਾਵੇਂ ਜਰਮਨ ਫੌਜਾਂ ਦੇ ਵਧ ਕੇ ਪੈਰਿਸ ਦੇ ਨੇੜੇ ਜਾ ਢੁੱਕਣ ਨਾਲ ਠ. ਸਿੰਘ ਦੇ ਅਨ-ਟਰੇਂਡ ਤੋਂ ਟਰੇਂਡ ਬਣ ਜਾਣ ਨਾਲ ਹਜ਼ਾਰਾਂ ਕੋਹਾਂ ਦਾ ਫ਼ਰਕ ਸੀ ਪਰ ਇਕ ਤਰ੍ਹਾਂ ਬੜਾ ਸਿੱਧਾ ਵਾਸਤਾ ਸੀ। ਹਰ ਆਦਮੀ ਨੂੰ ਅਪਣਾ ਅਪਣਾ ਸੁਆਰਥ ਹੈ। ਇਕ ਦੇਸ਼ ਫ਼ਤਹ ਕਰ ਲੈਣ ਦਾ ਦੂਜੇ ਨੂੰ ਗਵਾਂਢੀ ਦਾ ਪਰਨਾਲਾ

ਢਾਹ ਦੇਣ ਦਾ, ਜਿਸ ਦੇ ਪਾਣੀ ਦੀ ਵਾਫ਼ਰ ਉਸ ਦੇ ਘਰ ਆਏ ਪਰਾਹੁਣੇ ਦੀਆਂ ਲਾਹੀਆਂ ਜੁੱਤੀਆਂ ਉੱਤੇ ਪੈਕੇ ਉਸ ਦੇ ਸਵੈਮਾਨ ਨੂੰ ਫ਼ਨਾਹ ਕਰ ਦੇਂਦੀ ਹੈ। ਆਜ਼ਾਦੀ ਇਕ ਅਜਿਹਾ ਸ਼ਬਦ ਹੈ ਜਿਸ ਦੇ ਓਨੇ ਕਰੋੜ ਅਰਥ ਵਖ ਵਖ ਹਨ ਜਿੰਨੇ ਇਸ ਧਰਤੀ ਉੱਤੇ ਮਨੁਖ ਮਰਦ ਇਸਤਰੀਆਂ ਬੱਚੇ ਵਸਦੇ ਹਨ। ਤੇ ਜੰਗਲਾਂ ਵਿਚ ਚਰਦਿਆਂ ਅੰਡਜਾਂ ਤੇ ਜੇਰਜਾਂ ਦੀ ਆਜ਼ਾਦੀ ਦਾ ਭੀ ਧਿਆਨ ਰਖੀਏ ਤਾਂ ਕੁਝ ਹੋਰ ਹੀ ਸ਼ਕਲ ਬਣ ਜਾਂਦੀ ਹੈ। ਹਰ ਇਕ ਜੀਵ ਆਜ਼ਾਦ ਹੋਣਾ ਚਾਹੁੰਦਾ ਹੈ, ਜੋ ਜੀ ਆਵੇ ਕਰ ਸਕੇ, ਕੋਈ ਉਸ ਨੂੰ ਰੋਕ ਪਾਉਣ ਵਾਲਾ ਨਾ ਹੋਵੇ, "ਸੋਈ ਕਰੇ ਜੋਇ ਮਨ ਭਾਵੇ।" ਟਾਂਗੇ ਵਾਲਾ ਚਾਹੁੰਦਾ ਹੈ ਸੱਜੇ ਖੱਬੇ ਦਾ ਤੇ ਅੱਡੇ ਦੀ ਵਾਰਾਬੰਦੀ ਆਦਿ ਦਾ ਉਸ ਲਈ ਕੋਈ ਕੜਾ ਕਾਨੂੰਨ ਨਾ ਹੋਵੇ। ਜੱਟ ਚਾਹੁੰਦਾ ਹੈ ਬਾਹਲੀ ਜ਼ਮੀਨ ਵਾਲੇ ਦੀ ਜ਼ਮੀਨ ਮੱਲੋਂ ਚੋਰ ਜਾਂ ਵਾਹੁਣ ਤੋਂ ਉਸ ਨੂੰ ਰੋਕਣ ਵਾਲਾ ਕੋਈ ਨਾ ਹੋਵੇ। ਮਰਦ ਚਾਹੁੰਦਾ ਹੈ ਉਹ ਜਿੰਨੇ ਮਰਜ਼ੀ ਹੈ ਵਿਆਹ ਕਰ ਲਵੇ ਅੱਗੋਂ ਇਸਤ੍ਰੀ ਚੂੰ ਨਾ ਕਰ ਸਕੇ। ਤੇ ਇਸਤ੍ਰੀ ਚਾਹੁੰਦੀ ਹੈ ਮੈਂ ਆਪਣੇ ਮਰਦ ਨੂੰ ਜੇਬੀ ਵਿਚ ਪਾ ਕੇ ਡੱਕ ਛੱਡਾਂ ਤਾਂ ਜੋ ਹੋਰ ਕੋਈ ਇਸਤ੍ਰੀ ਇਸ ਵਲ ਅੱਖ ਨਾ ਚੁਕ ਸਕੇ।

ਆਜ਼ਾਦੀ ਦਾ ਇਤਿਹਾਸ ਜੇ ਠੀਕ ਠੀਕ ਲਿਖਣ ਵਾਲਾ ਕੋਈ ਹੋਵੇ ਬੜਾ ਸੁਆਦਲਾ ਇਤਿਹਾਸ ਹੈ। ਜਦ ਧਰਤੀ ਉੱਤੇ ਮਨੁਖਾਂ ਦੀ ਵਸੋਂ ਆਟੇ ਵਿਚ ਲੂਣ ਵਾਂਗ ਸੀ ਏਥੇ ਇਸ ਦੋ ਟੰਗੇ ਛੋਟੇ ਰੱਬ ਦਾ ਕੁਛ ਵੱਟੀਦਾ ਨਹੀਂ ਸੀ। ਧਰਤੀ ਉੱਤੇ ਹਾਥੀਆਂ ਨਾਲੋਂ ਕਈ ਕਈ ਗੁਣਾਂ ਵੱਡੇ ਢੋਂਡ-ਪਸ਼ੂ ਖੁਲ੍ਹੇ ਫਰਾਟੇ ਮਾਰਦੇ ਚਾਰੇ ਚੱਕ ਜਗੀਰ ਬਣਾਈ ਫਿਰਦੇ ਸਨ। ਐਟਮ ਬੰਬ ਬਣਾਉਣ ਵਾਲਿਆਂ ਦੇ ਵੱਡੇ ਵਡੇਰੇ ਖੁੰਦਰਾਂ ਵਿਚ ਲੁਕ ਛਿਪ ਕੇ ਦਿਨ ਕਟੀ ਕਰਦੇ ਸਨ। ਜਾਨਵਰਾਂ ਨੂੰ ਪੂਰੀ ਆਜ਼ਾਦੀ ਸੀ ਜਿਸ ਨੂੰ ਚਾਹੁਣ ਪਾਣ ਖਾਣ ਜਿਸ ਨੂੰ ਚਾਹੁਣ ਖੇਲ੍ਹ ਬਾਜ਼ੀ ਲਈ ਹੀ ਚਿੱਥ ਸੁੱਟਣ। ਮਨੁਖ ਵੀ ਤਕੜੇ ਪਸ਼ੂਆਂ ਵਰਗੇ ਸਨ ਪਰ ਜੀਵਨ ਇਨ੍ਹਾਂ ਦਾ ਉਹੋ ਜਿਹਾ ਸੀ ਜਿਹਾ ਅੱਜ ਜੰਗਲਾਂ ਵਿਚ ਵਿਚਰਦਿਆਂ ਚੀਤੇ ਬਘਿਆੜਾਂ ਦਾ ਹੈ, ਉਦੋਂ ਜੰਗਲੀ ਜਾਨਵਰ ਸ਼ਿਕਾਰੀ ਸਨ ਤੇ ਆਦਮੀ ਉਨ੍ਹਾਂ ਦਾ ਸ਼ਿਕਾਰ। ਹੌਲੀ ਹੌਲੀ ਮਨੁੱਖਾਂ ਦੇ ਟੱਬਰਾਂ ਤੋਂ ਕਬੀਲੇ ਬਣ ਗਏ ਤੇ ਕਬੀਲਿਆਂ ਤੋਂ ਧਾੜਵੀ। ਇਕ ਧੜੇ ਜਾਂ ਇਕ ਪਹਾੜ ਵਿਚ ਵੱਸਦੇ ਕਬੀਲੇ ਨੂੰ ਦੂਜੇ ਪਹਾੜ ਦੇ ਧੜੇ ਉੱਤੇ

ਚੜ੍ਹਾਈ ਕਰਨ ਦੀ ਪੂਰੀ ਆਜ਼ਾਦੀ ਸੀ, ਚੜ੍ਹਾਈ ਕਰਕੇ ਉਨ੍ਹਾਂ ਦਾ ਅੰਨ ਦਾਣਾ, ਪਹਿਨਣ ਦੀਆਂ ਖੁਲ੍ਹਾਂ ਲੁਟ ਲੈਣ ਦੀ, ਤੇ ਜਵਾਨ ਮੁਟਿਆਰਾਂ ਨੂੰ ਚੁੱਕ ਖੜਨ ਦੀ ਖੁਲ੍ਹ ਸੀ। ਕਾਨੂੰਨ ਇਹੀ ਸੀ ਜਿਸ ਦਾ ਬਾਹੂ ਬਲ ਉਸ ਦਾ ਸਭ ਕੁਝ, ਜਿਹੜਾ ਮਾੜਾ ਧੀੜਾ ਸੀ ਉਸ ਨੂੰ ਜੀਉਂਦੇ ਰਹਿਣ ਦਾ ਕੋਈ ਹਕ ਨਹੀਂ ਸੀ।

ਜੰਗਲੀ ਜਾਨਵਰਾਂ ਦੀ ਆਜ਼ਾਦੀ ਕੇਵਲ ਇਥੋਂ ਤੀਕ ਸੀ ਕਿ ਖਾਣ ਜੋਗੇ ਆਦਮੀ ਜਾਂ ਹੋਰ ਪਸ਼ੂ ਮਾਰ ਲਏ ਫੇਰ ਬਸ ਕੀਤੀ ਤੇ ਬੈਠੇ ਊਂਘਦੇ ਰਹੇ। ਬੰਸ ਦੇ ਵਾਧੇ ਵੱਲ ਕੁਛ ਧਿਆਨ ਦਿੱਤੀ ਹਰਮਸਰਾਇ ਦੀ ਪਨੀਰੀ ਨਾਲ ਖੇਲ੍ਹ ਲਏ ਤੇ ਜਣ ਭੁੱਖ ਲਗੀ ਫੇਰ ਸ਼ਿਕਾਰ ਚੜ੍ਹ ਪਏ। ਏਦੂੰ ਵਧ ਕੁਝ ਨਹੀਂ ਸੀ। ਕਬੀਰ ਸਾਹਿਬ ਦੇ ਕਹਿਣ ਵਾਂਗ ਨਾਂ ਉਹ "ਗਿਰਹਾ ਗਾਂਠ" ਬਨ੍ਹਦੇ ਸਨ, ਨਾ ਹੋਰ ਕਿਸੇ ਨੂੰ ਢਿੱਡ ਭਰਨੋਂ ਰੋਕਦੇ ਸਨ, ਬਸ ਸਾਧਾਂ ਵਾਲਾ ਜੀਵਨ ਸੀ। ਫ਼ਕੀਰ ਦੇ ਚਾਰ ਹਰਫ਼ਾਂ ਵਿਚੋਂ ਪਹਿਲੇ ਦੋ ਨਾਲ ਉਨ੍ਹਾਂ ਦਾ ਹਰ ਰੋਜ਼ ਹੀ ਵਾਸਤਾ ਰਹਿੰਦਾ ਸੀ। ਫ਼ਾਕੇ ਬਥੇਰੇ ਕੱਟਦੇ ਸਨ, ਜਦ ਸ਼ਿਕਾਰ ਨਾ ਮਿਲਦਾ ਕਨਾਇਤ ਆਪੇ ਕਰਨੀ ਪੈਂਦੀ ਤੇ ਯਾਦ ਤੇ ਰਿਆਜ਼ਤ ਦੀ ਉਨ੍ਹਾਂ ਗਰੀਬਾਂ ਨੂੰ ਸੋਝੀ ਹੀ ਨਹੀਂ ਸੀ ਜਿਸ ਕਰਕੇ ਦੋਸ਼ ਕੋਇ ਨਹੀਂ ਸੀ। ਜੇਕਰ ਰਬ ਨਿਆਉਂ ਕਰਦਾ ਤਦ ਏਨ੍ਹਾਂ ਜਾਨਵਰਾਂ ਦੀ ਆਜ਼ਾਦੀ ਕਾਇਮ ਰਖਣਾ ਜਿਨਾਂ ਦਾ ਸਾਰਾ ਜੀਵਨ ਬਸ ਦੋ ਗੱਲਾਂ ਵਿਚ ਹੱਦ-ਬੰਦ ਸੀ, ਢਿੱਡ ਭਰਨਾ ਤੇ ਸੰਤਾਨ ਉਤਪਤੀ। ਸਗੋਂ ਉਲਟ ਗੱਲ ਇਹ ਬਣੀ ਕਿ ਜੋ ਇਕ ਜੰਗਲ ਵਿਚ ਸੈਂਕੜੇ ਗੁਜ਼ਾਰਾ ਕਰ ਸਕਦੇ ਸੀ ਉਹ ਮਾਰੀਦੇ ਮਾਰੀਦੇ ਘੱਟ ਗਏ ਤੇ ਜੋ ਇਕ ਪਾਤਸ਼ਾਹੀ ਵਿਚ ਦੋ ਨਹੀਂ ਸੀ ਗੁਜ਼ਾਰਾ ਕਰਦੇ, ਅੱਗੇ ਗਏ ਤੇ ਆਜ਼ਾਦੀ ਨਾਲ ਇਕ ਦੂਜੇ ਉੱਤੇ ਚੜ੍ਹਾਈਆਂ ਕਰਕੇ ਕੇਵਲ ਹੌਂ ਤੇ ਹਿਰਸ ਨੂੰ ਰਜਾਉਣ ਲਈ ਦੇਸਾਂ ਪਰਦੇਸਾਂ ਨੂੰ ਹੇਠ ਉੱਤੇ ਕਰਨ ਜੋਗੇ ਬਣ ਗਏ।

ਇਹ ਇਕ ਇੱਤਿਹਾਸਕ ਸੱਚਾਈ ਹੈ ਕਿ ਚੋਰਾਂ ਧਾੜਵੀਆਂ ਤੋਂ ਵਧਦੇ ਵਧਦੇ ਲੋਕ ਬਾਦਸ਼ਾਹ ਬਣ ਗਏ। ਅੱਜ ਕਲ ਜਿਨ੍ਹਾਂ ਬਾਦਸ਼ਾਹਾਂ, ਅਮੀਰਾਂ ਤੇ ਖ਼ਾਨਾਂ ਦੀਆ ਪੀੜ੍ਹੀਆਂ ਦਾ ਵੇਰਵਾ ਬੜੇ ਗਹੁ ਅਤੇ ਸਤਕਾਰ ਨਾਲ ਚੇਤੇ ਕੀਤਾ ਜਾਂਦਾ ਹੈ ਅਜਬ ਨਹੀਂ ਕਿ ਉਹ ਕਿਸੇ ਧਾੜਵੀ ਦੀ ਔਲਾਦ ਹੋਵਣ ਜਿਸ ਨੇ ਆਪਣੇ ਭਰਾਵਾਂ ਦੀ ਆਜ਼ਾਦੀ ਖੋਹਣਾ ਆਪਣਾ ਪੇਸ਼ਾ ਬਣਾ ਛਡਿਆ ਸੀ। ਇਹ

ਕਹਿਣ ਵਿਚ ਸੰਕੋਚ ਨਹੀਂ ਹੋ ਸਕਦਾ ਕਿ ਜਿਸ ਤਰ੍ਹਾਂ ਮੁਢਲੀਆਂ ਸਦੀਆ ਵਿਚ ਜੰਗਲੀ ਜਾਨਵਰ ਦੂਜੇ ਜੀਵਾਂ ਦੀ ਆਜ਼ਾਦੀ ਮੂਲੀ ਗਾਜਰ ਸਮਝ ਕੇ ਹੜਪ ਕਰ ਜਾਂਦੇ ਸੀ ਇਸੇ ਤਰ੍ਹਾਂ ਇਤਿਹਾਸ ਦੇ ਪਹੁ ਫੁਟਾਲੇ ਤੋਂ ਪਹਿਲੋਂ ਦੇ ਹਨੇਰ ਵਿਚ ਨਵੇਂ ਪੁੰਗਰੇ ਬਾਦਸ਼ਾਹ ਤੇ ਸੈਨਾ-ਪਤੀ ਦੂਜਿਆਂ ਨੂੰ ਕੀੜੇ ਮਕੌੜੇ ਸਮਝ ਕੇ ਇਸ਼ਾਰੇ ਨਾਲ ਫਨਾਹ ਕਰ ਦੇਂਦੇ ਸਨ। ਚੰਗੇਜ਼ ਖ਼ਾਂ ਤੇ ਹਲਾਕੂ ਵਰਗਿਆਂ ਦੇ ਇਤਿਹਾਸ ਪੜ੍ਹਨ ਨਾਲ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਵੈਰੀ ਦਲਾਂ ਨੂੰ ਭਾਜ ਦੇ ਕੇ ਜੇਤੂ ਫੌਜਾਂ ਦਾ ਪਹਿਲਾ ਕੰਮ ਖੁੱਲ੍ਹੀ ਲੁੱਟ ਮਾਰ ਤੇ ਕਤਲਿਆਮ ਹੁੰਦਾ ਸੀ। ਸ਼ਹਿਰਾਂ ਦੇ ਸ਼ਹਿਰ ਫੂਕ ਸਾੜ ਕੇ ਪੱਧਰ ਕਰ ਦੇਣੇ ਮਮੂਲੀ ਕੰਮ ਹੁੰਦਾ ਸੀ। ਜੇਤੂ ਜਾਬਰ ਨਾ ਕੇਵਲ ਅਪਣੇ ਆਪ ਨੂੰ ਦੇਸ ਦੀ ਹਕੂਮਤ ਅਤੇ ਰਾਜ ਦਾ ਮਾਲਕ ਸਮਝਦਾ ਸੀ ਪਰ ਹਾਰੇ ਦੇਸ਼ ਦੇ ਇਸਤ੍ਰੀ ਪੁਰਸ਼ਾਂ ਸਭ ਦੇ ਜਾਨ ਮਾਲ ਉਤੇ ਵਸੀਕਾਰ ਰੱਖਣ ਵਾਲਾ ਸਮਝਦਾ ਸੀ। ਸ਼ਬਦ ਆਜ਼ਾਦੀ ਦਾ ਨਾਮ ਹੀ ਕੋਈ ਨਹੀਂ ਸੀ ਜਾਣਦਾ। ਸਿਕੰਦਰ ਨੇ ਈਰਾਨ, ਮਧ ਏਸ਼ੀਆ ਤੇ ਹਿੰਦੁਸਤਾਨ ਉਤੇ ਚੜ੍ਹਾਈ ਇਸ ਕਰਕੇ ਨਹੀਂ ਕੀਤੀ ਕਿ ਉਸ ਨੂੰ ਕਿਸੇ ਚੀਜ਼ ਦੀ ਥੁੜ ਸੀ ਜਾਂ ਕਿਸੇ ਨੂੰ ਆਜ਼ਾਦ ਕਰਨਾ ਸੀ, ਉਸਨੇ ਕੇਵਲ ਸ਼ੌਕ ਵਜੋਂ ਕੀਤਾ ਜਿਵੇਂ ਅਸੀਂ ਹੁਣ ਬੈਠ ਕੇ ਰੇਡੀਓ ਵਜਾ ਲੈਂਦੇ ਹਾਂ। ਹਜ਼ਾਰਾਂ ਸ਼ਹਿਰ ਤੇ ਲੱਖਾਂ ਟੱਬਰ ਉਸ ਨੇ ਉਜਾੜੇ, ਅਣਗਿਣਤ ਸਿਪਾਹੀ ਮਰਵਾਏ ਤੇ ਮਾਰੇ ਕੇਵਲ ਇਸ ਸ਼ੌਕ ਨੂੰ ਪੂਰਾ ਕਰਨ ਲਈ ਕਿ ਮੈਂ ਸਾਰਿਆਂ ਨੂੰ ਨਿਵਾ ਲਿਆ ਹੈ। ਅੱਜ ਕਲ ਜੇ ਕੋਈ ਨਿਕਾਰਾ ਜਿਹਾ ਕੇਵਲ ਨਾਮ ਮਾਤ੍ਰ ਪ੍ਰਾਣੀ ਮੋਟਰ ਅੱਗੇ ਆਕੇ ਛੁਟਕਾਰਾ ਪਾ ਜਾਵੇ ਪੁੱਛ ਪੜਤਾਲ ਬਿਨਾਂ ਦੱਬਣਾ ਭੀ ਮਨ੍ਹਾ ਹੈ, ਪੁਰਾਣੇ ਜ਼ਮਾਨੇ ਦੇ ਮਿਸਰ ਵਿਚ ਜਦ ਬਾਦਸ਼ਾਹ ਮਰਦਾ ਤਾਂ ਹਜ਼ਾਰਾਂ ਗੁਲਾਮ ਵਿਚਾਰੇ ਜੀਂਉਂਦੇ ਹੀ ਨਾਲ ਦੱਬ ਦਿੱਤੇ ਜਾਂਦੇ ਸਨ ਤਾਂ ਜੋ ਅੱਗੇ ਜਾ ਕੇ ਉਸ ਨੂੰ ਗੁਲਾਮਾਂ ਖੁਣੋ ਖੇਚਲ ਨਾ ਉਠਾਉਣੀ ਪਵੇ। ਅਜੇ ਕੱਲ ਦੀ ਗੱਲ ਹੈ ਸਭ ਤੋਂ ਅਗਾਹ ਵੱਧੂ ਆਜ਼ਾਦ ਦੇਸ ਯੂ. ਐਸ. ਏ. ਵਿਚ ਵਿਚ ਦਿਨ ਦੀਵੀਂ ਬਾਜ਼ਾਰ ਚੌਂਕ ਵਿਚ ਅਫਰੀਕਾ ਤੋਂ ਜਾਨਵਰਾਂ ਵਾਂਗ ਫੜ ਕੇ ਆਂਦੇ ਹਬਸ਼ੀ ਗੁਲਾਮ ਢੋਰਾਂ ਡੰਗਰਾਂ ਵਾਂਗ ਵਿਕਿਆ ਕਰਦੇ ਸਨ। ਲਿੰਕਨ ਵਰਗਾ ਸ਼ਾਹ-ਸਰਦ ਆਵੇ ਤੇ ਇਸ ਪੁਰਾਣੀ ਲਾਨ੍ਹਤੀ ਬਿਮਾਰੀ ਤੋਂ ਅਮਰੀਕਾ ਵਾਲਿਆਂ ਨੂੰ ਛੁੜਾਵੇ। ਅੱਜ ਵੀ ਕਿਤੇ ਕਿਤੇ ਚੋਰੀ ਛਿੱਪੇ ਅਰਬ ਦੇ ਨੇੜੇ ਤੇੜੇ ਦੇ ਦੇਸਾਂ ਵਿਚ ਗੁਲਾਮਾਂ ਦਾ

ਵਿਉਪਾਰ ਪ੍ਰਚਲਤ ਹੈ ਅਰਥਾਤ ਆਦਮੀ ਨੂੰ ਪਸ਼ੂਆਂ ਵਾਂਗ ਵੇਚਿਆ ਵੱਟਿਆ ਜਾਂਦਾ ਹੈ। ਇਹ ਹਜ਼ਰਤ ਇਨਸਾਨ ਉੱਤਮ ਜਨਮ ਧਾਰਨ ਵਾਲੇ ਆਦਮੀ ਦੀ ਆਜ਼ਾਦੀ ਦਾ ਹਾਲ ਹੈ। ਜਿਸ ਤਰ੍ਹਾਂ ਰਣਜੀਤ ਸਿੰਘ ਸੁਕਰਚਕਰੀਆ ਸਿੱਖਾਂ ਦੀਆਂ ਹੋਰ ਮਿਸਲਾਂ ਨੂੰ ਜ਼ੋਰ ਨਾਲ ਨਿਵਾ ਕੇ ਮਹਾਰਾਜਾ ਰਣਜੀਤ ਸਿੰਘ ਬਣ ਗਿਆ, ਇਸੇ ਤਰ੍ਹਾਂ ਜਿਹੜਾ ਦੂਜਿਆਂ ਦੀ ਆਜ਼ਾਦੀ ਖੋਹ ਸਕਦਾ ਸੀ ਖੋਹ ਲੈਂਦਾ ਤੇ ਆਪ ਵੱਡਾ ਬਣ ਬਹਿੰਦਾ ਤੇ ਅਗਲੇ ਉਸ ਨੂੰ ਰੱਬ ਦਾ ਏਜੰਟ ਮਿਥ ਕੇ ਸਿਰ ਝੁਕਾ ਦੇਂਦੇ। ਅੰਗਰੇਜ਼ ਬਾਦਸ਼ਾਹਾਂ ਨੇ ਤਾਂ ਦਾਅਵਾ ਵੀ ਕਰ ਦਿੱਤਾ ਸੀ ਅਸੀਂ ਰੱਬ ਵੱਲੋਂ ਭੇਜੇ ਹੋਏ ਉਸ ਦੇ ਖ਼ਾਸ ਕਾਰਿੰਦੇ ਹਾਂ, ਤੁਹਾਡੇ ਉੱਤੇ ਰਾਜ ਕਰਨ ਲਈ ਆਏ ਹਾਂ। ਪਰ ਅੰਗਰੇਜ਼ ਪਰਜਾ ਨੇ ਇਹ ਦਾਅਵਾ ਉਨ੍ਹਾਂ ਦਾ ਕਬੂਲ ਨਾ ਕੀਤਾ।

ਜਿਸ ਤਰ੍ਹਾਂ ਚੌਪਾਏ ਨੱਕ ਵਿਚ ਨੱਥ ਪੁਆ ਕੇ ਖੁਰਲੀ ਬੱਝ ਕੇ ਤੂੜੀ ਹਰਾ ਖ਼ੁਸ਼ੀ ਨਾਲ ਚਰਨ ਲੱਗ ਪੈਂਦੇ ਹਨ ਤੇ ਜੂਲਾ ਚੁੱਕਣਾ ਆਪਣਾ ਹੱਕ ਸਮਝਦੇ ਹਨ, ਏਸੇ ਤਰ੍ਹਾਂ ਵਿਚਕਾਰਲੀਆਂ ਸਦੀਆਂ ਸੋਲ੍ਹਵੀਂ, ਸਤਾਰ੍ਹਵੀਂ, ਅਠਾਰ੍ਹਵੀਂ ਆਦਿ ਸਦੀਆਂ ਵਿਚ ਬਹੁਤ ਸਾਰੇ ਦੇਸ਼ਾਂ ਨੂੰ ਆਪਣੇ ਗ਼ੁਲਾਮ ਹੋਣ ਦਾ ਅਨੁਭਵ ਹੀ ਨਹੀਂ ਸੀ, ਖ਼ਿਆਲ ਹੀ ਨਹੀਂ ਸੀ ਕਿ ਆਜ਼ਾਦੀ ਕੀ ਚੀਜ਼ ਹੁੰਦੀ ਹੈ। ਚਿਰ ਤੋਂ ਬਣੀ ਹੋਈ ਗੱਲ ਇਹ ਸੀ ਕਿ ਜਿਸ ਦੀ ਲਾਠੀ ਉਸ ਦੀ ਭੈਂਸ, ਜੇ ਜ਼ੋਰ ਹੈ ਤਾਂ ਉਪਰ ਨਹੀਂ ਤਾਂ ਹੇਠ। ਜਿਸ ਹੱਥ ਜ਼ੋਰ ਹੁੰਦਾ ਸੀ ਇਹ ਨਹੀਂ ਸਨ ਕਹਿੰਦੇ-ਕਹਿ ਹੰਗਦੇ ਭੀ ਨਹੀਂ ਸਨ—ਕਿ ਜ਼ੋਰ ਨਾਲ ਰਾਜ ਮੱਲ ਲਿਆ ਹੈ। ਸਗੋਂ ਆਖਦੇ ਸਨ, ਰੱਬ ਬਲ ਬਖ਼ਸ਼ਿਆ ਹੈ ਰਾਜ ਕਰਨ ਦਾ, ਰਾਜ ਮਾਣੋ। ਯੂਨਾਨ ਵਾਲਿਆਂ ਨੇ ਨੇੜ ਤੇੜ ਦੇ ਟਾਪੂ ਤੇ ਦੇਸ਼ ਮੱਲ ਕੇ ਸਾਮਰਾਜਤਾ ਦਾ ਮੁੱਢ ਬੰਨ੍ਹਿਆ। ਆਮ ਰਿਵਾਜ ਹੁੰਦਾ ਸੀ ਜਿਸ ਨੇ ਇਕ ਦੇਸ਼ ਜਾਂ ਰਾਜ ਨੂੰ ਹਾਰ ਦਿਤੀ ਉਸ ਨੇ ਹਾਰੇ ਦੇਸ਼ ਵਿਚੋਂ ਹਜ਼ਾਰਾਂ ਆਦਮੀ ਤ੍ਰੀਮਤਾਂ ਗ਼ੁਲਾਮ ਬਣਾ ਕੇ ਆਪਣੇ ਦੇਸ਼ ਬੰਨ੍ਹ ਲਿਆਉਣੇ। ਇੱਤਿਹਾਸ ਦੱਸਦਾ ਹੈ ਕਿ ਮਹਮੂਦ ਗ਼ਜ਼ਨਵੀ ਹਿੰਦੁਸਤਾਨ ਨੂੰ ਸਰ ਕਰਕੇ ਏਨੇ ਗ਼ੁਲਾਮ ਲੈ ਗਿਆ ਕਿ ਗ਼ਜ਼ਨੀ ਦੀਆਂ ਗਲੀਆਂ ਵਿਚ ਟਕੇ ਟਕੇ ਹਿੰਦੀ ਗ਼ੁਲਾਮ ਤੇ ਬਾਂਦੀਆਂ ਵਿਕੇ। ਸ਼ਬਦ 'ਆਜ਼ਾਦੀ' ਅਸਲੀ ਅਰਥਾਂ ਵਿਚ ਉਦੋਂ ਕੁ ਜਿਹੇ ਪੂਰਬੀ ਤੇ ਮੱਧ ਯੂਰਪ

ਦੇ ਰੋਮ ਆਦਿਕ ਸ਼ਹਿਰਾਂ ਵਿਚ ਪ੍ਰਚਲਤ ਹੋਇਆ ਜਦ ਸਾਮਰਾਜੀ ਦੇਸ਼ਾਂ ਵਿਚ ਦੋ ਪ੍ਰਕਾਰ ਦੇ ਬੰਦੇ ਹੋ ਗਏ, ਇਕ ਜੇਤੂ, ਸਾਮਰਾਜ ਕਾਇਮ ਕਰਨ ਵਾਲੇ ਦੂਜੇ ਹਾਰੇ ਹੋਏ ਸਾਮਰਾਜਾਂ ਦਾ ਸ਼ਿਕਾਰ। (Free) ਫਰੀ ਅਖਵਾਂਦੇ ਸਨ, ਦੂਜੇ ਗ਼ੁਲਾਮ। ਕਦੇ ਕਦੇ ਗ਼ੁਲਾਮ ਭੀ ਫਰੀ ਕਰ ਦਿੱਤੇ ਜਾਇਆ ਕਰਦੇ ਸਨ। ਯੂਨਾਨ ਤੋਂ ਮਗਰੋਂ ਰੋਮ ਸ਼ਹਿਰ ਵਿਚੋਂ ਅਜਿਹੇ ਸਦਾਚਾਰੀ ਤਕੜੇ ਹਿੰਮਤੀ ਮਨੁੱਖ ਉਤਪੰਨ ਹੋਏ ਕਿ ਉਨ੍ਹਾਂ ਨੇ ਨਾ ਕੇਵਲ ਸਾਰੇ ਇਟਲੀ ਨੂੰ ਸਰ ਕਰ ਲਿਆ, ਬਲਕਿ ਅੱਧਾ ਯੂਰਪ ਮੱਲ ਕੇ ਬਰਤਾਨੀਆ ਨੂੰ ਜਾ ਫ਼ਤਹਿ ਕੀਤਾ। ਤੁਰਕਾਂ ਨੇ ਤਲਵਾਰ ਫੜ ਕੇ ਸਪੇਨ ਤੇ ਉੱਤਰੀ ਅਫਰੀਕਾ ਜਾ ਮੱਲਿਆ। ਜਦ ਈਸਾਈ ਮੱਤ ਦੀ ਜਨਮ ਭੂਮੀ ਸ਼ਾਮੀਆ ਨੂੰ ਤੁਰਕਾਂ ਦੇ ਪੰਜੇ ਹੇਠੋਂ ਕੱਢਣ ਲਈ ਯੂਰਪ ਦੇ ਈਸਾਈ ਬਾਦਸ਼ਾਹ ਧਰਮ ਯੁਧ ਕਰਨ ਲਈ ਫ਼ੌਜਾਂ ਭੇਜਣ ਲੱਗ ਪਏ ਤਾਂ ਯੂਰਪ ਵਿਚ ਆਜ਼ਾਦੀ ਦਾ ਮਾੜਾ ਜਿਹਾ ਝਾਉਲਾ ਪੈਣ ਲੱਗਾ। ਉਦੋਂ ਜਿਹੇ ਦੁਨੀਆ ਇਕ ਤਰ੍ਹਾਂ ਦੋ ਧੜਿਆਂ ਵਿਚ ਵੰਡੀ ਕਹੀ ਜਾ ਸਕਦੀ ਸੀ, ਸਵਾਧੀਨ ਦੇਸ਼ ਅਤੇ ਗ਼ੁਲਾਮ ਦੇਸ।

ਬੜੀ ਅਜਬ ਗੱਲ ਹੈ ਕਿ ਬਰਤਾਨੀਆ ਜਿਸ ਨੂੰ ਆਜ਼ਾਦੀ ਅਤੇ ਲੋਕ ਰਾਜ ਦਾ ਮੋਢੀ ਸਮਝਿਆ ਗਿਆ ਹੈ ਕਦੇ ਵੀ ਅਸਲੀ ਅਰਥਾਂ ਵਿਚ ਆਪਣੇ ਵਲ ਨਾਲ ਰੋਮ ਤੋਂ ਆਜ਼ਾਦ ਨਾ ਹੋਇਆ। ਰੋਮਨ ਆਏ ਤੇ ਬਰਤਾਨੀਆ ਵਿਚ ਉਹਨਾਂ ਦੇ ਰਾਜ ਪ੍ਰਬੰਧ ਦੇ ਢੰਗ ਸਭਿਤਾ ਨਯਾਇਕ ਤਰੀਕੇ ਸਭ ਸਮਾ ਗਏ, ਬਰਤਾਨੀਆ ਵਾਲਿਆਂ ਰੋਮਨ ਰਾਜ ਵਿਰੁਧ ਸੰਯੁਕਤ ਹੋ ਕੇ ਨਾ ਬਗ਼ਾਵਤ ਕੀਤੀ ਨਾ ਰੋਮਨ ਰਾਜ ਨੂੰ ਦੇਸ ਨਿਕਾਲਾ ਦਿੱਤਾ। ਆਪੇ ਹੀ ਸਮਾਂ ਪਾ ਕੇ ਜਦ ਰੋਮਨ ਖੀਣ ਹੋ ਗਿਆ ਬਰਤਾਨੀਆ ਭੀ ਆਜ਼ਾਦ ਹੋ ਗਿਆ। ਆਜ਼ਾਦੀ ਅਸਲ ਵਿਚ ਦੇਸ਼ਕ ਸਵਾਧੀਨਤਾ ਦੇ ਰੋ ਦਾ ਨਾਂ ਹੈ। ਜਦ ਸਪੇਨ ਆਦਿ ਦੇਸ਼ਾਂ ਨੇ ਮੂਰ ਮੁਸਲਮਾਨਾਂ ਤੋਂ ਛੁਟਕਾਰਾ ਪਾਇਆ ਫ਼ਰਾਂਸ ਨੇ ਰੋਮਨ ਰਾਜ ਤੋਂ ਇਟਲੀ ਨੇ ਆਸਟਰੀਆਂ ਤੋਂ, ਆਜ਼ਾਦੀ, ਆਜ਼ਾਦ ਦੇਸ਼, ਆਜ਼ਾਦ ਕੌਮ ਇਕ ਨਵਾਂ ਉੱਚਾ ਕਿਸਮ ਦਾ ਅੰਦੋਲਨ ਸਮਝਿਆ ਜਾ ਰਿਹਾ ਸੀ ਤੇ ਹੌਲੀ ਹੌਲੀ ਜ਼ਾਲਮ ਬਾਦਸ਼ਾਹਾਂ ਨਾਪਸਿੰਦ ਰਾਜ ਪ੍ਰਬੰਧ, ਨਾਲਾਇਕ ਆਗੂਆਂ ਤੋਂ ਛੁਟਕਾਰਾ ਪਾਉਣ ਦੇ ਅੰਦੋਲਨ ਵੀ ਚਲ ਪਏ ਤੇ ਆਜ਼ਾਦੀ ਦੇ ਅਰਥਾਂ ਦੀਆਂ ਨੀਹਾਂ ਹੋਰ ਚੌੜੀਆਂ ਤੇ ਡੂੰਘੀਆਂ ਹੋ ਗਈਆਂ। ਫ਼ਰਾਂਸੀਸੀ ਇਨਕਲਾਬ ਨੇ ਆਜ਼ਾਦੀ ਦੇ ਅਰਥ ਹੋਰ ਵਿਸ਼ਾਲ ਅਤੇ

ਮਨੁੱਖ ਮਾਤ੍ਰ ਤੇ ਲਾਗੂ ਕਰ ਦਿੱਤੇ।

ਏਸ਼ੀਆ ਵਿਚ ਆਜ਼ਾਦੀ ਦੀ ਲਹਿਰ ਦੇਰ ਪਿਛੋਂ ਆਈ। ਆਜ਼ਾਦੀ ਦੀ ਲਹਿਰ ਨੂੰ ਭਲੀ ਪ੍ਰਕਾਰ ਅਪਨਾਉਣ ਤੋਂ ਪਹਿਲੋਂ ਦੇਸ਼ ਦੀ ਏਕਤਾ ਜਾਂ ਕੌਮੀਅਤ ਦਾ ਅਨੁਭਵ ਜ਼ਰੂਰੀ ਸੀ ਜੋ ਕਿ ਏਸ਼ੀਆ ਵਿਚ ਕਿਧਰੇ ਨਹੀਂ ਸੀ। ਏਸ਼ੀਆਈ ਕੌਮ ਇਕ ਨਾਮ ਹੀ ਸੀ। ਤੁਰਕੀ, ਈਰਾਨ, ਅਰਬ ਦੇਸ ਆਦਿਕ ਪੁਰਾਣੇ ਸਤੇ ਗਲੇ ਸਾਮਰਾਜੀ ਬੰਧਨਾਂ ਵਿਚ ਜ਼ੋਰ ਨਾਲ ਨਹੀਂ, ਤਾਮਸਕ ਸੁਭਾਵਾਂ ਕਰਕੇ ਜਕੜੇ ਪਏ ਸਨ। ਹਿੰਦੁਸਤਾਨ ਮੁਸਲਮਾਨਾਂ ਪਿਛੋਂ ਅੰਗਰੇਜ਼ਾਂ ਮੱਲ ਲਿਆ ਤੇ ਚੀਨ ਇਕ ਬੁੱਢੇ ਅਫੀਮੀ ਵਾਂਗ ਸਿਸਕਦਾ ਜਿਹਾ ਦੇਸ਼ ਸੀ ਜੋ ਪੱਛਮੀ ਸਾਮਰਾਜੀਆਂ ਦਾ ਸ਼ਿਕਾਰ ਹੋ ਰਿਹਾ ਸੀ।

ਇਹ ਸਾਰਾ ਕਿੱਸਾ ਇਸ ਇਕ ਗੱਲ ਦਾ ਹੈ ਕਿ ਆਜ਼ਾਦੀ ਹਰ ਇਕ ਚਾਹੁੰਦਾ ਹੈ ਪਰ ਆਪਣੇ ਲਈ ਦੂਜੇ ਲਈ ਨਹੀਂ, ਆਪਣੇ ਨਮੂਨੇ ਦੀ ਆਜ਼ਾਦੀ। ਇਹ ਮਨੁਖੀ ਖ਼ਾਸਾ ਮੁੜ ਮੁੜ ਢਹਿ ਢਹਿ ਕੇ ਉਭਰਦਾ ਹੈ, ਆਪ ਆਜ਼ਾਦ ਹੋਣਾ ਪਰ ਦੂਜਿਆਂ ਨੂੰ ਵਾਹ ਲਗਦੀ ਫਾਹੀ ਰੱਖਣਾ। ਇਸ ਸੁਆਰਥੀ ਬੀਮਾਰੀ ਨੇ ਕਾਰੇ ਵੀ ਬੜੇ ਕੀਤੇ ਹਨ ਪਰ ਹਾਲੀ ਵੀ ਲੋਕ ਸੁਆਰਥ ਤੇ ਤੰਗ-ਦਿਲ ਨੂੰ ਨਹੀਂ ਛੱਡਦੇ। ਸੁਆਰਥ ਦੀ ਦੌੜ ਵਿਚ ਦੇਸ਼ਾਂ ਅਤੇ ਸਾਮਰਾਜੀ ਨੇਤਾਵਾਂ ਦੇ ਹੱਡ ਗੋਡੇ ਬਥੇਰੇ ਟੁੱਟੇ ਹਨ, ਪਰ ਅਜੇ ਲੋਕ ਬਾਜ਼ ਨਹੀਂ ਆਉਂਦੇ। ਬਾਦਸ਼ਾਹਾਂ ਦੀ ਤਾਂ ਅਲਖ ਹੀ ਮੁਕਾ ਦਿੱਤੀ ਗਈ ਹੈ। ਯੂਰਪ ਵਿਚ ਗਿਣਤੀ ਦੇ ਤਿੰਨ ਚਾਰ ਰਾਜੇ ਕਾਇਮ ਰਹਿ ਗਏ ਹਨ। ਅੱਧੇ ਕੁ ਪਹਿਲੀ ਯੂਰਪੀ ਜੰਗ ਵਿਚ ਖ਼ਤਮ ਹੋ ਗਏ ਰਹਿੰਦੇ ਦੂਜੀ ਵਿਚ ਅਲੋਪ ਹੋ ਗਏ। ਇਕ ਆਦਮੀ ਦੀ ਥਾਂ ਪੰਚਾਇਤਾਂ ਨੇ ਮੱਲ ਲਈ ਹੈ। ਜਾਂ ਤਾਂ ਅੱਗੇ ਵਰਗੇ ਤਕੜੇ ਤੇ ਨੀਤੀ ਪੁੰਜ ਲੋਕ ਨਹੀਂ ਰਹੇ ਜੋ ਅਕਬਰ ਵਾਂਗ ਵਿਰੋਧੀ ਧਰਮਾਂ ਦੀ ਰਈਅਤ ਨੂੰ ਸਾਂਭਸਕਣ ਤੇ ਜਾਂ ਲੋਕਾਂ ਦੀ ਹੋਂ ਏਨ ਪਰਬਲ ਹੋ ਗਈ ਹੈ, ਕਿ ਉਹ ਰਾਜਿਆਂ ਰਾਣੀਆਂ ਦੀ ਖੇਡ ਹੀ ਚੰਗੀ ਨਹੀਂ ਸਮਝਦੇ। ਪੁਰਾਣੇ ਨਿਜ਼ਾਮਾਂ ਵਿਚ ਲੋਕਾਂ ਦਾ ਅੰਧਵਿਸ਼ਵਾਸ ਚੁਕਿਆ ਗਿਆ। ਪਰਜਾ ਵਿਚੋਂ ਬੁਤ ਪੂਜਣ ਦਾ ਸੁਭਾਉ ਨਿਕਲਦਾ ਜਾ ਰਿਹਾ ਹੈ। ਉਹ ਨਹੀਂ ਸਮਝਦੇ ਕਿ ਇਕ ਆਦਮੀ ਜਾਂ ਇਸਤ੍ਰੀ ਭਾਵੇਂ ਉਹ ਦੇਵੀ ਦੇਵਤੇ ਤੁਲ ਹੋਣ ਰਾਜ ਪ੍ਰਬੰਧ ਚੰਗੂ ਚਲਾ ਸਕਦੇ ਹਨ : ਸੋ ਰਾਜਿਆਂ ਰਾਣੀਆਂ ਦਾ ਜ਼ਮਾਨਾ ਗਿਆ।

ਵੱਡੇ ਵੱਡੇ ਦੇਸ਼ਾਂ ਦਾ ਵੀ ਜ਼ਮਾਨਾ ਜਾ ਰਿਹਾ ਹੈ। ਇਕ ਦੂਜੇ ਨਾਲ ਜਕੜੇ ਰਹਿਣ ਵਿਚ ਕੋਈ ਵਡਿਆਈ ਨਹੀਂ ਰਹਿ ਗਈ। ਸਵੀਡਨ ਨਾਰਵੇ ਸਕੇ ਭਾਈਆਂ ਵਾਂਗ ਸਨ, ਹੁਣ ਅਲਗ ਹਨ। ਨਾਲੋਂ ਫਿਨਲੈਂਡ, ਰੂਸ ਦੀ ਕੁਛੜ ਵਿਚੋਂ ਇਕ ਨਵਾਂ ਦੇਸ ਨਿਕਲ ਆਇਆ ਹੈ। ਅਸਟਰੀ ਸਾਮਰਾਜ ਵਿਚੋਂ ਯੂਗੋਸਲਾਵ ਜ਼ੈਕੋ-ਸ਼ਲਵਾਕੀਆ ਆਦਿ ਛੋਟੇ ਦੇਸ ਵੱਖ ਵੱਖ ਹੋ ਕੇ ਆਜ਼ਾਦ ਹੋ ਗਏ ਹਨ। ਆਇਰਲੈਂਡ ਬਰਤਾਨੀਆ ਤੋਂ ਆਜ਼ਾਦ ਹੋ ਗਿਆ ਹੈ। ਆਜ਼ਾਦੀ ਇਸ ਗੱਲ ਵਿਚ ਜਾਪਦੀ ਹੈ ਕਿ ਰਹੀਏ ਵੱਖ ਹੋ ਕੇ ਭਾਵੇਂ ਇਕ ਝੁੱਗੀ ਹੀ ਹੋਵੇ, ਪਰ ਇਸ ਵੱਖ ਹੋਣ ਨੂੰ ਵੈਰ ਵਿਰੋਧ ਨਾ ਸਮਝਿਆ ਜਾਵੇ, ਅਰਥਾਤ ਜੇ ਸਾਡਾ ਸਾਰਿਆਂ ਦਾ ਦਿਲ ਮੋਕਲਾ ਹੋਵੇ ਨਿਸ਼ੰਗ ਸਕੇ ਭਾਈ ਨੂੰ ਅੱਡ ਕਰ ਦੇਈਏ ਤੇ ਇਹ ਸਮਝੀਏ ਕਿ ਭਰਾ ਹੀ ਹੈ, ਅੱਡ ਘਰ ਪਾ ਲਿਆ ਤਾਂ ਕੀ ਹੋਇਆ। ਜੇ ਹੋਰ ਵਿਸਥਾਰ ਨਾਲ ਆਖਣਾ ਹੋਵੇ ਤਾਂ ਇਹ ਕਹਿਣਾ ਚਾਹੀਦਾ ਹੈ ਕਿ ਜੇ ਮੇਰੇ ਟੱਬਰ ਦੇ ਜੀ ਅਲਗ ਅਲਗ ਵਿਚਰਨਾ ਚਾਹੁਣ ਤਾਂ ਵਿਚਰਨ ਦਿਓ ਕਿਉਂਕਿ ਉਹਨਾਂ ਨੂੰ ਵੀ ਆਜ਼ਾਦੀ ਓਨੀਂ ਪਿਆਰੀ ਹੈ ਜਿਨੀ ਮੈਨੂੰ। ਰਾਜ ਪ੍ਰਬੰਧ ਲਈ ਜਿੰਨਾ ਵੀ ਦੇਸ ਛੋਟਾ ਹੋਊ ਉੱਨਾਂ ਹੀ ਚੰਗਾ। ਘੱਟ ਧੜੇ ਘੱਟ ਵਿਰੋਧ। ਵੱਡਾ ਟੱਬਰ ਅਲਸੇਟਿਆਂ ਦਾ ਹੀ ਕਾਰਨ ਬਣਦਾ ਹੈ ਤੇ ਨਾਲੇ ਗਵਾਂਢੀਆਂ ਨੂੰ ਵੀ ਡਰ। ਡਰ ਸਦਾ ਵਡਿਆਂ ਤੇ ਵਡਿਆਈਆਂ ਦਾ ਹੁੰਦਾ ਹੈ। ਐਸ ਵਕਤ ਦੋ ਤਿੰਨ ਵੱਡੇ ਟੱਬਰ ਹਨ, ਬਰਤਾਨੀਆ, ਰੂਸ ਤੇ ਅਮਰੀਕਾ। ਬਰਤਾਨੀਆ ਬਹੁਤ ਦੁਰਬਲ ਹੋ ਚੁਕਾ ਹੈ, ਤਦ ਵੀ ਉਸ ਦੀ ਨੀਤੀ ਇਹ ਹੈ ਕਿ ਆਸਟਰੇਲੀਆ, ਕੈਨੇਡਾ ਆਦਿ ਦੇਸ਼ਾਂ ਨੂੰ ਆਜ਼ਾਦੀ ਦੇ ਛੱਡੀ ਹੈ ਏਥੋਂ ਤੀਕ ਕਿ ਏਹਨਾਂ ਦੇਸ਼ਾਂ ਨੂੰ ਖ਼ਾਸ ਹਾਲਤਾਂ ਵਿਚ ਬਰਤਾਨੀਆ ਤੋਂ ਵੱਖ ਰਹਿ ਕੇ ਬਰਤਾਨੀਆ ਦਿਆਂ ਝਗੜਿਆਂ ਤੋਂ ਸੁਤੰਤਰ ਰਹਿ ਜਾਣ ਦਾ ਹੱਕ ਹੈ। ਇਸੇ ਤਰ੍ਹਾਂ ਯੂ. ਐਸ. ਏ. ਨੇ ਦੇਸ਼ ਨੂੰ ਛੋਟੇ ਛੋਟੇ ਸੂਬਿਆਂ ਵਿਚ ਵੰਡਿਆ ਹੈ ਤੇ ਹਰ ਸੂਬੇ ਨੂੰ ਬਹੁਤ ਹੱਦ ਤੀਕ ਸਵਾਧੀਨਤਾ ਪ੍ਰਾਪਤ ਹੈ।

ਰੂਸ ਇਕ ਨਵਾਂ ਕਮਿਊਨਿਸਟ ਸਾਮਰਾਜ ਹੋ ਰਿਹਾ ਹੈ। ਕਹਿਣ ਨੂੰ ਇਹ ਇਕ ਆਜ਼ਾਦ ਦੇਸ਼ ਹੈ ਪਰ ਆਜ਼ਾਦੀ ਦੇ ਚਿਹਨ ਕਈ ਇਸ ਵਿਚ ਨਹੀਂ ਹਨ। ਰੂਸ ਦੇ ਨਵੇਂ ਕਰਮਚਾਰੀਆਂ ਨੂੰ ਹਾਲੇ ਅਗਲੇ ਬਾਦਸ਼ਾਹਾਂ ਵਾਂਗ ਸਾਮਰਾਜੀ ਭੁੱਖ ਹੈ। ਰੂਸ ਨੇ ਸਾਰੀਆਂ ਛੋਟੀਆਂ ਸਟੇਟਾਂ ਲੈਟਵੀਆ, ਐਸਥੋਨੀਆ ਆਦਿਕ ਹੜਪ

ਕਰ ਲਈਆਂ ਹਨ। ਬਲਗਾਰੀਆ ਰੂਮਾਨੀਆ, ਬਲਕਾਨੀ ਦੇਸ਼ ਹਜ਼ਮ ਕਰ ਲਏ ਹਨ, ਪੋਲੈਂਡ ਦਾ ਭਲਾ ਕੀ ਲੈਣਾ ਹੈ ਨਾਮ । ਜ਼ੋਰ ਨਾਲ ਲੱਤਾਂ ਪਸਾਰ ਲੈਣਾ ਦੂਜਿਆਂ ਦੀ ਆਜ਼ਾਦੀ ਖੋਹੇ ਬਿਨਾ ਨਹੀਂ ਹੋ ਸਕਦਾ। ਰੂਸੀ ਸਾਮਰਾਜ ਇਕ ਬਹੁਤ ਵੱਡਾ ਬੇਢਬ, ਨਾ ਚੱਲਣ ਵਾਲਾ ਸਾਮਰਾਜ ਹੈ। ਜੇ ਆਜ਼ਾਦੀ ਹੋਵੇ ਏਡਾ ਵੱਡਾ ਵੱਡਾ ਕਬੀਲਾ ਕਦੇ ਇਕੱਠਾ ਨਹੀਂ ਰਹਿ ਸਕਦਾ, ਏਹੀ ਸਾਬਤ ਕਰਨ ਲਈ ਕਾਫ਼ੀ ਹੈ ਕਿ ਰੂਸੀ ਸਾਮਰਾਜ ਵਿਚ ਆਜ਼ਾਦੀ ਕਿਸੇ ਹੋਰ ਚੀਜ਼ ਨੂੰ ਆਖਦੇ ਹਨ ਜੋ ਸਾਡੀ ਸਮਝ ਤੋਂ ਪਰੇ ਹੈ। ਜੇਕਰ ਰੂਸ ਨੇ ਆਪਣੇ ਦੋਸਤ ਚੀਨ ਤੋਂ ਮੰਗੋਲੀਆ ਦਾ ਵੱਡਾ ਸੂਬਾ ਜੋ ਪੰਜਾਬ ਤੋਂ ਵੱਡਾ ਹੈ ਕਿਸੇ ਹੀਲੇ ਨਾਲ ਲੈ ਲਿਆ ਹੈ, ਇਹ ਕਿਵੇਂ ਆਖ ਸਕਦੇ ਹਾਂ ਕਿ ਰੂਸ ਆਜ਼ਾਦੀ ਦਾ ਹਾਮੀ ਹੈ। ਦੂਜਿਆਂ ਦੀ ਆਜ਼ਾਦੀ ਦਾ ਹਾਮੀ ਹੋਣਾ ਹੀ ਅਸਲੀ ਸਿਦਕ ਦਿਲ ਦੀ ਆਜ਼ਾਦੀ ਦਾ ਹਾਮੀ ਹੋਣਾ ਹੈ। ਹਾਂ ਚੀਨ ਨੇ ਜ਼ਰੂਰ ਇਸ ਇਕ ਗੱਲ ਵਿਚ ਆਜ਼ਾਦੀ ਦੇ ਹਾਮੀ ਹੋਣ ਦਾ ਸਬੂਤ ਦਿੱਤਾ ਹੈ। ਅਮਰੀਕਾ ਨੇ ਫ਼ਿਲਪਾਈਨ ਆਦਿਕ ਵੱਡੇ ਦੇਸ਼ ਹੱਥੋਂ ਛਡ ਕੇ ਦੂਜਿਆਂ ਦੀ ਆਜ਼ਾਦੀ ਨੂੰ ਅਪਣਾਇਆ ਹੈ। ਦੁਨੀਆਂ ਦੇ ਇਤਿਹਾਸ ਵਿਚ ਇਹ ਇਕ ਦੋ ਗੱਲਾਂ ਨਿਰਾਲੀਆਂ ਹਨ ਜਿਨ੍ਹਾਂ ਦੀ ਰੀਸ ਦੀ ਬੜੀ ਜ਼ਰੂਰਤ ਹੈ ਪਰ ਜੋ ਬੜੀ ਕਠਨ ਹੈ। ਅੱਜ ਆਜ਼ਾਦੀ ਦਾ ਹੜ ਜੇਹਾ ਵਗ ਪਿਆ ਹੈ। ਲੋਕ ਚਾਰੇ ਬੰਨੇ ਆਜ਼ਾਦੀ ਚਾਹੁੰਦੇ ਹਨ। ਧਰਮਾਂ ਤੋਂ ਆਜ਼ਾਦ ਹੋਣਾ ਚਾਹੁੰਦੇ ਹਨ। ਸਮਾਜਕ ਬੰਧਨਾ ਨੂੰ ਤੋੜ ਕੇ ਨਵੇਂ ਟੀਚੇ ਕਾਇਮ ਕਰਨਾ ਚਾਹੁੰਦੇ ਹਨ। ਧਰਮਾਂ ਵਿਰੁਧ ਤਾਂ ਹੁਣ ਆਜ਼ਾਦੀ ਦਾ ਹੜ੍ਹ ਏਨਾਂ ਵੇਗ ਵਿਚ ਆ ਗਿਆ ਹੈ ਕਿ ਧਾਰਮਕ ਰਹੁ ਰੀਤਾਂ ਨੂੰ ਮੂੰਹ ਲਾਉਣਾ ਪਾਖੰਡ ਤੇ ਵਿਖਾਵਾ ਸਮਝਿਆ ਜਾਂਦਾ ਹੈ। ਗਿਰਜੇ ਮੰਦਰ, ਮਸੀਤਾਂ ਨੂੰ ਰੀਡਿੰਗ ਰੂਮ ਤੇ ਕਿਤਾਬ ਘਰ ਬਣਾ ਦੇਣਾ ਚੰਗਾ ਸਮਝਿਆ ਜਾਂਦਾ ਹੈ। ਧਾਰਮਕ ਖ਼ਿਆਲਾਂ ਵਾਲਿਆਂ ਨੂੰ ਵਾਹ ਲਗਦੀ ਕੌਮੀ ਉਸਾਰੂ ਕੰਮਾਂ ਵਿਚ ਦਖ਼ਲ ਨਹੀਂ ਦੇਣ ਦਿੱਤਾ ਜਾਂਦਾ। ਜਿਹੜਾ ਆਗੂ ਰੱਬ ਦਾ ਨਾਉਂ ਘੱਟ ਲਵੇ, ਧਾਰਮਕ ਵਿਚਾਰਾਂ ਤੋਂ ਲਾਂਭੇ ਰਹੇ, ਉਹ ਚੰਗਾ ਸਮਝਿਆ ਜਾਂਦਾ ਹੈ। ਵਿਆਹਾਂ ਨੂੰ ਤੋੜ ਕੇ ਤਲਾਕ ਦਾ ਰਾਹ ਸੁਖਾਲਾ ਕੀਤਾ ਜਾ ਰਿਹਾ ਹੈ। ਹਿੰਦੂ ਮਤ ਵਿਚ ਤਲਾਕ ਨੂੰ ਉੱਕਾ ਥਾਉਂ ਨਹੀਂ ਸੀ ਪਰ ਕਾਨੂੰਨ ਘੜੇ ਜਾ ਰਹੇ ਹਨ ਜਿਨ੍ਹਾਂ ਦੁਆਰਾ ਇਸਤਰੀ ਪੁਰਸ਼ ਆਪਣੇ ਕੀਤੇ ਸੁੱਚੇ ਕੌਲਾਂ ਨੂੰ

ਤੋੜ ਕੇ ਵੇਖ ਹੋ ਸਕਣਗੇ । ਇਹ ਸਭ ਕੁਛ ਆਜ਼ਾਦੀ ਦੇ ਨਾਉਂ ਉੱਤੇ ਕੀਤਾ ਜਾ ਰਿਹਾ ਹੈ ।

ਜੇਕਰ ਅ-ਜ਼ਾਦੀ ਦਾ ਇਤਿਹਾਸ ਵਾਚਿਆ ਜਾਵੇ ਤੇ ਹਰ ਜ਼ਮਾਨੇ ਦੀ ਅਜ਼ਾਦੀ ਤੋਲੀ ਮਿਣੀ ਜਾਵੇ ਤਾਂ ਇੰਝ ਜਾਪਦਾ ਹੈ ਕਿ ਮਨ-ਮੰਨੀ ਅਜ਼ਾਦੀ ਦਿਨ ਘਟਦੀ ਜਾ ਰਹੀ ਹੈ । ਇਕ ਤਾਂ ਉਂਜ ਭੁਇਂ ਰਹਿਣ ਸਹਿਣ ਨੂੰ ਸੌੜੀ ਹੋਈ ਜਾਂਦੀ ਹੈ । ਅੱਗੇ ਵਿਆਹਾਂ ਦੀ ਆਜ਼ਾਦੀ ਵੀ ਤੇ ਅਵਸਰ ਵੀ ਘੱਟ ਸਨ । ਵਿਆਹ ਕਰਨ ਲਈ ਵਰ ਵੀ ਥੋੜੇ ਸਨ, ਗੁਜ਼ਾਰੇ ਘੱਟ ਸਨ ਤੇ ਇਕ ਪਾਸੇ ਬਾਹਲੇ ਗੁਜ਼ਾਰੇ ਵਾਲਿਆਂ ਨੂੰ ਵਰ ਹੀ ਨਹੀਂ ਸਨ ਲਭਦੇ । ਹੁਣ ਕਈ ਅੰਨੇ, ਲੰਗੜੇ, ਲੂਲੇ ਵੀ ਵਿਆਹ ਕਰ ਲੈਂਦੇ ਹਨ । ਲੋਕ ਬਿਨਾਂ ਲੋੜ ਵਸੋਂ ਵਿਚ ਵਾਧਾ ਕਰੀ ਜਾਂਦੇ ਹਨ । ਇਸ ਗਲੋਂ ਆਜ਼ਾਦੀ ਵਧ ਗਈ ਜਾਪਦੀ ਹੈ, ਪਰ ਖਾਣ ਪੀਣ ਨੂੰ ਖੁਰਾਕ ਤੇ ਰਹਿਣ ਨੂੰ ਥਾਂ ਘਟਦੇ ਜਾਂਦੇ ਹਨ । ਅੱਗੇ ਜ਼ਰੂਰਤਾਂ ਵੀ ਥੋੜੀਆਂ ਸਨ, ਆਵਾ ਜਾਈ ਘੱਟ ਸੀ, ਸਾਡੇ ਬਜ਼ੁਰਗਾਂ ਨੂੰ ਪੰਜਾਬੋਂ ਬਾਹਰ ਜਾਣਾ ਇਕ ਬੜੀ ਮੁਹਿੰਮ ਸੀ ਤੇ ਸਿਆਸੀ ਜਾਗਰਤ ਏਨੀ ਨਹੀਂ ਸੀ । ਰੋਟੀ ਲਈ ਕੰਮ ਕਾਜ ਕਰਨਾ, ਥੋੜਾ ਜਿਹਾ ਰੱਬ ਦਾ ਉਲਾਂਭਾ ਲਾਹੁਣਾ ਤੇ ਸਰ੍ਹਾਣੇ ਬਾਂਹ ਦੇ ਕੇ ਸੌਂ ਰਹਿਣਾ, ਬਸ ਏਨੀ ਕਾਰ ਸੀ । ਫ਼ਾਰਸੀ ਕਵੀ ਦੇ ਕਥਨ ਅਨੁਸਾਰ ਬਸ ਦੋ ਤਿੰਨ ਗੱਲਾਂ ਹੀ ਕਰਨ ਵਾਲੀਆਂ ਸਨ, ਫ਼ਿਕਰੇ ਮੁਆਸ਼, ਜ਼ਿਕਰੇ ਖ਼ੁਦਾ, ਯਾਦਿ ਰਫ਼ਤਗਾਂ ।' ਪਰ ਅੱਜ ਤਾਂ ਸਾਨੂੰ ਸੌ ਬਲਾਵਾਂ ਚਾਰੇ ਪਾਸੇ ਘੇਰਾ ਘੱਤੀ ਖਲੋਤੀਆਂ ਹਨ । ਰੋਟੀ ਕਮਾਉਣ ਲਈ ਘੱਟੋ ਘੱਟ ਅੱਠ ਘੰਟੇ ਰੋਜ਼ ਕੰਮ ਕਰਨਾ ਜ਼ਰੂਰੀ ਹੋ ਗਿਆ ਹੈ । ਅਖ਼ਬਾਰ ਪੜ੍ਹੇ ਬਿਨਾਂ ਆਦਮੀ ਅਧੂਰਾ ਅਖਵਾਂਦਾ ਹੈ । ਮਾਤਾ ਪਿਤਾ, ਇਸਤ੍ਰੀ, ਬੱਚਿਆਂ, ਗਵਾਂਢੀਆਂ, ਮਹੱਲੇ ਵਾਲਿਆਂ ਦਾ ਦੇਣਾ ਜੇਕਰ ਆਦਮੀ ਦੇ ਵੀ ਦੇਵੇ ਉਸ ਨੂੰ ਕਿਸੇ ਨਾ ਕਿਸੇ ਸਿਆਸੀ ਪਾਰਟੀ ਵਿਚ ਨਾਵਾਂ ਜ਼ਰੂਰ ਲਵਾਣਾ ਪੈਂਦਾ ਹੈ । ਓਧਰੋਂ ਯੂ. ਐਨ. ਓ. ਵਾਲੇ ਆਖਦੇ ਹਨ ਸਾਡੀ ਦੁਨੀਆਂ ਮਸਾਂ ਸੌੜੀ ਜਿਹੀ ਇਕ ਦੁਨੀਆਂ ਹੈ ਇਸ ਕਰ ਕੇ ਅੱਗੇ ਪਿੱਛੇ ਸ ਨੂੰ ਸਾਰੇ ਦੇਸ਼ਾਂ ਨੂੰ ਰਲ ਕੇ ਇਕ ਗਵਰਨਮੈਂਟ ਰਚਣੀ ਪਵੇਗੀ । ਕਮਯੂਨਿਸਟ ਆਪਣੇ ਧੂਤੂ ਬਜਾਂਦੇ ਫਿਰਦੇ ਹਨ ਕਿ ਸਭ ਤੋਂ ਚੰਗੇ ਅਸੀਂ ਹਾਂ ਸਾਡੇ ਵੱਲ ਆਓ । ਰੌਲਾ ਪਾਉਣ ਲਈ ਅਖ਼ਬਾਰ, ਰਸਾਲੇ, ਲਾਊਡ ਸਪੀਕਰ, ਰੇਡੀਓ ਬੇਅੰਤ ਹੋ ਗਏ ਹਨ, ਭਲਾ ਏਸ ਕਲਜੁਗੀ ਭੀੜ

ਭੜਕ ਵਿਚ ਆਦਮੀ ਗਰੀਬ ਨੂੰ ਕੀ ਆਜ਼ਾਦੀ ਹੋ ਸਕਦੀ ਹੈ। ਅੱਜ ਤੋਂ ਦਸ ਵੀਹ ਸਾਲਾਂ ਨੂੰ ਵਿਦਿਆ ਕਿਰਤ ਅਤੇ ਆਮ ਵਾਕਫ਼ੀ ਦਾ ਮੈਦਾਨ ਐਨਾ ਬੇ-ਓੜਕ ਹੋ ਜਾਵੇਗਾ ਕਿ ਆਉਂਦੀਆਂ ਨਸਲਾਂ ਧਰਤੀ ਦੇ ਕੀੜਾਂ ਵਾਂਗ ਬਸ ਇਕ ਅੱਧ ਲਕੀਰ ਦੇ ਜਾਣੂ ਹੋਣਗੇ, ਬਾਕੀ ਦਿਆਂ ਤੋਂ ਉੱਕਾ ਨਾ-ਵਾਕਫ਼ ਹੋਣਗੇ। ਇਕ ਦੂਜੇ ਨਾਲ ਰਲਣਾ ਮਿਲਣਾ ਗੱਲਾਂ ਕਰਨਾ ਇਕ ਦੂਜੇ ਦੇ ਭਾਵਾਂ ਨੂੰ ਸਮਝਣਾ ਅਸੰਭਵ ਹੋ ਜਾਵੇਗਾ। ਐਸ ਮੁਹੱਲੇ ਦਾ ਆਦਮੀ ਪਰਲੇ ਮੁਹੱਲੇ ਦੇ ਬਰਾਬਰ ਦੇ ਹਮਜੋਲੀ ਨੂੰ ਇੰਜ ਮਿਲੇਗਾ ਜਿਵੇਂ ਧਰਤੀ ਉੱਤੇ ਰਹਿਣ ਵਾਲਾ ਚੰਦ ਦੇ ਵਾਸੀ ਨੂੰ ਮਿਲੇ। ਹਰ ਇਕ ਚੀਜ਼ ਦੀ ਅਜ਼ਾਦੀ ਐਨੀ ਹੋ ਜਾਵੇਗੀ ਕਿ ਮਨੁਖ ਦੀ ਆਪਣੀ ਆਜ਼ਾਦੀ ਵਿਚੋਂ ਅਲੋਪ ਹੋ ਜਾਵੇਗੀ।

ਚਲਦਾ ਹੋਟਲ

ਰਾਜਪੁਰੇ ਸਟੇਸ਼ਨ ਤੋਂ ਲਾਹੌਰ ਜਾਣ ਵਾਲੀ ਕਲਕੱਤਾ ਮੇਲ ਚੀਕ ਮਾਰ ਕੇ ਹਿਲ ਪਈ ਸੀ। ਮੁਸਾਫ਼ਰ ਆਪੋ ਆਪਣੇ ਟਿਕਾਣਿਆਂ ਉੱਤੇ ਜਾ ਬੈਠੇ ਸਨ ਜਾਂ ਪਾਇਦਾਨਾਂ ਉੱਤੇ ਖਲੋਤੇ ਸਨ ਇਕੱਤ ਦੁਕੱਤ ਛਾਬੜੀਆਂ ਵਾਲੇ ਆਪਣੇ ਪੈਸਿਆਂ ਲਈ ਨਸ ਭਜ ਕਰ ਰਹੇ ਸਨ ਤੇ ਕੁਝ ਛਾਬੜੀਆਂ ਸੰਭਾਲ ਰਹੇ ਸਨ। ਗੱਡੀ ਹਾਲਾਂ ਅੱਧ ਕੁ ਹੀ ਲੰਘੀ ਸੀ ਤੇ ਤੇਜ਼ ਹੋਣ ਲਗੀ ਸੀ ਕਿ ਦੋ ਗੱਭਰੂ ਮੁੰਡੇ ਹੱਥਾਂ ਵਿਚ ਹਾਕੀਆਂ, ਖੇਲ੍ਹਾਂ ਦੀਆਂ ਵਰਦੀਆਂ ਪਾਈ ਸਿਰਾਂ ਦੇ ਸਾਫ਼ੇ ਸੱਜਰੇ ਬੰਨ੍ਹੇ ਹੋਏ, ਟਿਕਟ ਬਾਬੂ ਦੇ ਕਹਿੰਦਿਆਂ ਤੇ ਵੇਂਹਦਿਆਂ ਉਸ ਦੇ ਹੱਥਾਂ ਵਿੱਚੀ ਲੰਘ ਗਏ ਤੇ ਗੱਡੀ ਵੱਲ ਨੂੰ ਨੱਸ ਪਏ। ਕਾਵਾਂ ਰੌਲੀ ਜੇਹੀ ਪੈ ਗਈ, "ਖ਼ਬਰਦਾਰ, ਮਤ ਚੜ੍ਹੋ" "ਮੁੰਡਿਓ ਨਾ ਚੜ੍ਹਿਓ", "ਪਿਛੇ ਹਟੋ"। ਪਰ ਮੁੰਡੇ ਕਦ ਕਿਸੇ ਦੀ ਦੀ ਸੁਣਦੇ ਸਨ। ਦੋ ਤਿੰਨ ਡੱਬੇ ਹੱਥਾਂ ਵਿਚੋਂ ਜੱਕੋ ਤੱਕੇ ਵਿਚ ਹੀ ਲੰਘ ਗਏ ਤੇ ਝੰਡੀ ਵਾਲੇ ਦੀ ਗੱਡੀ ਨੇੜੇ ਹੀ ਸੀ ਜਦ ਉਨ੍ਹਾਂ ਡਿੱਠਾ ਕਿ ਗੱਡੀ ਤਾਂ ਹੱਥੋਂ ਲੰਘ ਚੱਲੀ। ਗਾਰਡ ਦੇ ਡੰਡ ਪਾਉਂਦਿਆਂ ਅਗਲੇ ਨੇ ਅਖੀਰਲੇ ਡੱਬੇ ਦੇ ਜੰਗਲੇ ਨੂੰ ਹੱਥ ਪਾ ਲਿਆ ਛਾਲ ਮਾਰ ਕੇ ਪਾਇਦਾਨ ਉਤੇ ਖਲੋ ਗਿਆ। ਮਗਰੋ ਦੂਜੇ ਨੇ ਛਾਲ ਮਾਰੀ ਤੇ ਇਕ ਦੂਜੇ ਨੂੰ ਸਹਾਰਾ ਦਿੰਦੇ ਦੋਵੇਂ ਜਵਾਨ ਗੱਡੀ ਦੇ ਬਾਹਰ ਚੜ੍ਹ ਖਲੋਤੇ। ਬਾਰੀਆਂ ਵਿਚੋਂ ਸਿਰ ਕੱਢੀ ਮੁਸਾਫ਼ਰ ਝਾਕ ਰਹੇ ਸਨ, ਗਾਰਡ ਵੀ ਵੇਖ ਰਿਹਾ ਸੀ। ਗੱਡੀ ਤੇਜ਼ ਹੋ ਗਈ ਤੇ ਗਾਰਡ ਵੀ ਆਪਣੀ ਝੰਡੀ ਆਖ਼ਰ ਵਾਰ ਹਿਲਾ ਕੇ ਆਪਣੇ ਖ਼ਾਨੇ ਵਿਚ ਜਾ ਬੈਠਾ।

ਭੱਜੀ ਜਾਂਦੀ ਰੇਲ ਗੱਡੀ ਉੱਤੇ ਚੜ੍ਹਨਾ ਵੀ ਫ਼ਕੀਰੀ ਵਾਂਗ ਔਖਾ ਡਾਢਾ ਹੈ, ਪਰ ਇਕ ਵਾਰੀ ਚੜ੍ਹ ਗਏ ਤਾਂ ਬਸ ਬੇੜਾ ਪਾਰ ਹੈ । "ਚੜ੍ਹ ਜਾਏਂ ਤਾਂ ਪ੍ਰੇਮ ਰਸ ਨਹੀਂ ਤਾਂ ਚਕਨਾ ਚੂਰ ਹੈ ।" ਸਿਆਲ ਦੇ ਦਿਨ ਸਨ, ਤੇ ਭਾਵੇਂ ਸੂਰਜ ਭਗਵਾਨ ਨਿਕਲਣਾ ਚੜ੍ਹ ਚੁੱਕਾ ਸੀ ਡਾਕ ਗੱਡੀ ਦੇ ਬਾਹਰ ਖਲੋ ਰਿਹਣਾ ਖ਼ਾਸੀ ਜੋਖਮ ਦੀ ਖੇਡ ਸੀ । ਅੱਗੋਂ ਸੁਖ ਨਾਲ ਰਾਜ ਪੁਰੇ ਤੋਂ ਲੁਧਿਆਣੇ ਤੀਕ ਡਾਕ ਦੀ ਇਕੋ ਦੌੜ ਹੁੰਦੀ ਹੈ, ਦੋ ਘੰਟੇ ਲਗਦੇ ਹਨ, ਰਾਹ ਵਿਚ ਕੋਈ ਅਚਨਚੇਤ ਔਕੜ ਆ ਜਾਵੇ ਤਾਂ ਭਾਵੇਂ ਖਲੋਣਾ ਪੈ ਜਾਵੇ ਨਹੀਂ ਤਾਂ ਸੱਤਰ ਕੁ ਮੀਲ ਦਾ ਇਕੋ ਹੀ ਪੜਾ ਕਰਦੀ ਹੈ । ਗੱਡੀ ਆਪਣੇ ਚਾਲੇ ਪੈ ਗਈ ਸੀ ਤੇ ਮੁਸਾਫ਼ਰ ਦੋ ਘੰਟਿਆਂ ਦੇ ਟਿਕਾ ਲਈ ਅਪਣੀਆਂ ਥਾਵਾਂ ਵਿਚ ਸਿੱਧੇ ਹੋ ਕੇ ਬੈਠ ਗਏ ਸਨ ਕਿ ਦੋਨ੍ਹਾਂ ਗਭਰੂਆਂ ਨੂੰ ਭੀ ਅਪਣਾ ਫ਼ਿਕਰ ਪਿਆ । ਗੱਡੀ ਤਾਂ ਫੜ ਲਈ, ਭਲਾ ਪੰਜਾਬੀ ਦਾ ਹਥ ਜਿਥੇ ਪੈ ਜਾਵੇ ਉਥੋਂ ਛੁੱਟੇ ਕਿਵੇਂ, ਪਰ ਹੁਣ ਸਵਾਲ ਇਹ ਸੀ ਕਿ ਅੰਦਰ ਕਿਥੋਂ ਦੀ ਵੜੀਏ । ਉਸ ਗੱਡੀ ਵਿਚ ਨਾ ਕੋਈ ਮੁਸਾਫ਼ਰ ਦਿਸਦਾ ਸੀ ਤੇ ਨਾ ਹੀ ਕੁਛ ਬੋਲ ਚਾਲ ਸੀ । ਦਰਵਾਜ਼ਾ ਕੋਲ ਹੀ ਸੀ ਪਰ ਬੰਦ । ਬਾਹਰੋਂ ਬਥੇਰਾ ਜ਼ੋਰ ਲਾਇਆ ਪਰ ਨਾ ਖੁਲ੍ਹਿਆ । ਮੁੰਡੇ ਬੜੇ ਘਾਬਰੇ ਬੜੀ ਕੁੜੱਕੀ ਵਿਚ ਫਸ ਗਏ, ਨਾ ਅੰਦਰ ਵੜਨ ਜੋਗੇ ਨਾ ਹੇਠ ਉਤਰਨ ਜੋਗੇ । ਸੋਚੀਂ ਪਏ ਕਿ ਕੀ ਕੀਤਾ ਜਾਵੇ; ਇਕ ਆਖੇ, ਖ਼ਵਰੇ ਏਹ ਕਿਸੇ ਅਫ਼ਸਰ ਦੀ ਗਡੀ ਹੈ ਵਰਦੀਆਂ ਵਾਲੇ ਇਕ ਦੋ, ਫਿਰਦੇ ਦਿਸਦੇ ਹਨ ਹੋਰ ਕੁਝ ਪਤਾ ਨਹੀਂ ਲਗਦਾ, ਦੂਜਾ ਆਖੇ ਚੰਗੇ ਫਸੇ ਹਾਂ ਕਿਤੇ ਹਵਾਲਾਤ ਹੀ ਨਾ ਜਾਣਾ ਪਵੇ । ਮੁੰਡੇ ਦੋਵੇਂ ਹੀ ਤਕੜੇ, ਅੰਮ੍ਰਿਤਸਰ ਖ਼ਾਲਸਾ ਕਾਲਜ ਦੇ ਪੜ੍ਹਾਕੂ ਸਨ ਜੀ ਭਿਆਣੇ ਜੇਹੇ ਹੋ ਕੇ ਉਨ੍ਹਾਂ ਮੱਤਾ ਪਕਾਇਆ ਕਿ ਕਿਵੇਂ ਹੋਵੇ ਅੰਦਰ ਵੜੋ ਫੇਰ ਵੇਖੀ ਜਾਊ, ਕੋਈ ਫਾਹੇ ਤਾਂ ਨਹੀਂ ਲਾ ਦੇਊ । ਸ਼ੀਸ਼ੇ ਵਾਲ਼ੀ ਬਾਰੀ ਇਕ ਨੇ ਮਾੜੀ ਜੇਹੀ ਉਗੀਸੀ ਤੇ ਉਹ ਝਟ ਹੇਠਾਂ ਜਾ ਪਈ, ਲਕੜੀ ਦੀ ਬਾਰੀ ਉੱਪਰ ਨੂੰ ਉਠਦੀ ਸੀ ਤੇ ਅਧੀ ਕੁ ਉੱਠੀ ਸੀ ਕਿ ਅੰਦਰੋਂ ਕੋਈ ਬੋਲਿਆ "ਵੇਖ ਉਇ ਕੀ ਕਰਨਾ ਏਂ, ਮਾਰ ਖਾਣੀ ਊ" । ਤਾਰਾ ਸਿੰਘ ਮਾੜਾ ਜੇਹਾ ਝਿਜਕਿਆ ਪਰ ਫੇਰ ਤਕੜਾ ਹੋ ਗਿਆ ਤੇ ਆਪਣੇ ਸਾਥੀ ਦੀਦਾਰ ਸਿੰਘ ਨੂੰ ਹੌਲੀ ਦੇ ਆਖਣ ਲੱਗਾ ਏਥੇ ਤਕੜਿਆਂ ਹੋ ਕੰਮ ਬਣਨਾ ਏਂ ਨਹੀਂ ਤਾਂ ਬਾਹਰ ਖਲੋਤੇ ਸੁੰਨ ਹੋ ਜਾਵਾਂਗੇ । ਤਾਰਾ ਸਿੰਘ ਦਾ ਅੱਧਾ ਸਿਰ ਅੰਦਰ ਕਰਨ

ਦੀ ਦੇਰ ਸੀ ਕਿ ਅਗੋਂ ਦੋ ਚਿੱਟੀਆਂ ਵਰਦੀਆਂ ਵਾਲੇ ਉਸ ਨੂੰ ਪੈ ਗਏ ਤੇ ਲੱਗੇ ਬਾਹਰ ਨੂੰ ਧੱਕਣ। ਤਾਰਾ ਸਿੰਘ ਦਾ ਅੱਧਾ ਧੜ ਅੰਦਰ ਹੋਣ ਦੀ ਦੇਰ ਸੀ ਕਿ ਅਗੋਂ ਮੁਕਾਬਲਾ ਢਿੱਲਾ ਪੈ ਗਿਆ ਤੇ ਆਖ਼ਰ ਅੰਦਰਲਿਆਂ ਨੂੰ ਹੋਰ ਕੋਈ ਚਾਰਾ ਨਾ ਰਿਹਾ ਤੇ ਉਨ੍ਹਾਂ ਨੇ ਦਰਵਾਜ਼ਾ ਖੋਲ੍ਹ ਦਿੱਤਾ। ਦੀਦਾਰ ਸਿੰਘ ਦਰਵਾਜ਼ੇ ਵਿਚੋਂ ਅੰਦਰ ਜਾ ਵੜਿਆ ਪਰ ਤਾਰਾ ਸਿੰਘ ਨੇ ਤਾਂ ਬਾਰੀ ਵਿਚੋਂ ਹੀ ਸ਼ਾਨ ਨਾਲ ਵੜਨਾ ਚੰਗਾ ਸਮਝਿਆ।

ਅੰਦਰ ਗਏ ਤਾਂ ਵੇਖਦੇ ਹਨ ਕਿ ਮੇਜ਼ਾਂ ਲੱਗੀਆਂ ਹੋਈਆਂ ਹਨ ਤੇ ਉੱਤੇ ਪਲੇਟਾਂ ਚਮਕ ਰਹੀਆਂ ਹਨ। ਜਿਵੇਂ ਕੁੱਤਾ ਸ਼ੀਸ਼ ਮਹਿਲ ਵਿਚ ਜਾ ਕੇ ਭੌਰ ਭੋਰ ਹੋ ਜਾਂਦਾ ਹੈ, ਪਹਿਲਾਂ ਤਾਂ ਦੋਵੇਂ ਘਬਰਾਏ ਪਰ ਜਦ ਵਰਦੀ ਵਾਲੇ ਬਹਿਰੇ ਨੇ ਆਖਿਆ, ਏਹ ਤਾਂ ਹੋਟਲ ਹੈ ਤੁਸੀਂ ਕਿਥੇ ਚੜ੍ਹ ਆਏ, ਤੁਸਾਂ ਮੁਸਾਫ਼ਰਾਂ ਵਾਲੀ ਗੱਡੀ ਵਿਚ ਚੜ੍ਹਨਾ ਸੀ, ਜ਼ਰਾ ਕੁ ਧੀਰਜ ਹੋਈ। "ਅੱਛਾ, ਏਹ ਚਲਦਾ ਹੋਟਲ ਹੈ ? ਏਹ ਆਖ ਕੇ ਦੋਵੇਂ ਫੇਰ ਸੋਚਣ ਲਗ ਪਏ, ਬਈ ਹੁਣ ਅੱਗੋਂ ਕੀ ਬਣੇ। ਕਾਲਜ ਦੇ ਮੁੰਡੇ, ਤੇ ਉਸ ਜ਼ਮਾਨੇ ਦੇ ਮੁੰਡੇ ਜਦ ਕਾਲਜਾਂ ਦੇ ਨਾਮ ਤੋਂ ਲੋਕੀ ਜਾਣੂ ਨਹੀਂ ਸਨ ਹੁੰਦੇ ਤੇ ਖ਼ਾਲਸਾ ਕਾਲਜ ਤਾਂ ਭਲਾ ਹੈ ਸੀ ਹੀ ਨਿਰੇ ਪੇਂਡੂਆਂ ਦਾ ਕਾਲਜ। ਖ਼ਾਲਸਾ ਕਾਲਜ ਦੇ ਅਲ੍ਹੜ ਅਲ੍ਹਦੋਂ ਮੁੰਡੇ ਤੇ ਭਲਾ ਹੋਟਲ ਕੀ, ਤੇ ਹੋਟਲ ਭੀ ਚਲਦਾ ਹੋਟਲ। ਬਹਿਰਿਆਂ ਵਿਚੋਂ ਇਕ ਬੁੱਢੇ ਦੇ ਦਿਲ ਵਿਚ ਏਨ੍ਹਾਂ ਦੀ ਹਾਲਤ ਵੇਖ ਕੇ ਤਰਸ ਜੇਹਾ ਆ ਗਿਆ। ਮੁੰਡੇ ਚੰਗੇ ਭਲੇ ਸੁਨੱਖੇ, ਤਕੜੇ ਰੂਪ ਰੰਗ ਤੇ ਜੀਆ ਵਾਲੇ ਪਰ ਸ਼ਹਿਰੀ ਚਪਲਤਾ ਤੇ ਡਾਕ ਗੱਡੀ ਦੇ ਚਲਦੇ ਹੋਟਲ ਦੇ ਠਾਠ ਬਾਠ ਸੌਂਹੇ ਉੱਕਾ ਲਾਚਾਰ। ਬੁੱਢਾ ਬਹਿਰਾ ਆਖਣ ਲੱਗਾ, "ਕਾਕਾ ! ਏਹ ਤਾਂ ਰੈਸਟੋਰੈਂਟ ਕਾਰ ਹੈ, ਜੇ ਰੋਟੀ ਖਾਣੀ ਜੇ ਤਾਂ ਵਾਹ ਵਾਹ, ਨਹੀਂ ਤਾਂ ਏਥੇ ਐਵੇਂ ਮੁਸਾਫ਼ਰ ਨਹੀਂ ਚੜ੍ਹ ਸਕਦੇ।" ਤਾਰਾ ਸਿੰਘ ਨੂੰ ਯਾਦ ਆ ਗਿਆ ਕਿ ਚਲਦੀ ਗੱਡੀ ਵਿਚ ਭੀ ਖਾਣ ਦਾ ਪ੍ਰਬੰਧ ਹੋਇਆ ਸੁਣਿਆ ਸੀ। ਦੋਹਾਂ ਦੇ ਮੱਥਿਆਂ ਦੀਆਂ ਤਿਊੜੀਆਂ ਢਿੱਲੀਆਂ ਹੋ ਗਈਆਂ, ਮੂਹਾਂ ਉੱਤੇ ਚਿੰਤਾ ਦੇ ਵੱਟ ਖੁਲ੍ਹ ਗਏ ਤੇ ਦੋਵੇਂ ਇਕ ਦੂਜੇ ਵਲ ਵੇਖ ਵੇਖ ਕੇ ਮਨੋ ਮਨੀ ਕਹਿਣ ਲੱਗੇ ਖ਼ੈਰ ਹੀ ਗੁਜ਼ਰੀ ਬਚ ਗਏ ਹਾਂ। ਕੁਰਸੀਆਂ ਉੱਤੇ ਬਹਿ ਗਏ, ਮੱਜ਼ੇਦਾਰ ਫੁਲਕਿਆਂ ਅਤੇ ਰਿੱਝਦੇ ਝਟਕੇ ਦੀ ਵਾਸ਼ਨਾਂ ਨੇ ਯਕੀਨ ਦਿਵਾ ਦਿੱਤਾ ਕਿ ਸਚ ਮੁਚ ਏਥੇ ਰੋਟੀ ਪਕ ਰਹੀ ਹੈ।

ਪਹਿਲਾ ਸਵਾਲ ਏਹ ਸੀ ਕਿ ਹੋਟਲ ਵਿਚ ਖ਼ਬਰੇ ਰੋਟੀ ਦਾ ਕੀ ਲੈਣਗੇ। ਖੂੰਦੇ ਬਹਿਰੇ ਤੋਂ ਪਤਾ ਲੱਗਾ ਕਿ ਝਟਕੇ ਦੀ ਪਲੇਟ ਨਾਲ ਫੁਲਕੇ ਜਿੰਨੇ ਜੀ ਚਾਹੇ ਛਕ ਲਓ ਇਕ ਚੁਆਨੀ ਲਗਦੀ ਹੈ।

ਅੱਜ ਕਲ ਦੇ ਕਾਲਜੇਟ ਚੁਆਨੀ ਦਾ ਨਾਉਂ ਸੁਣ ਕੇ ਸ਼ਾਇਦ ਘ੍ਰਿਣਾ ਵਜੋਂ ਬੂਲ੍ਹ ਟੇਰਨਗੇ। ਏਹ ਇਕ ਵਰਤੀ ਡਿੱਠੀ ਗੱਲ ਹੈ ਕਿ ਏਸ ਸਦੀ ਦੇ ਪਹਿਲਿਆਂ ਸਾਲਾਂ ਵਿਚ ਹੀ ਸਟੇਸ਼ਨਾਂ ਉਤੇ ਮੁਸਾਫਰਾਂ ਲਈ ਖਾਣ ਪੀਣ ਦਾ ਪ੍ਰਬੰਧ ਤੁਰਿਆ ਸੀ ਤੇ ਲਾਹੌਰ ਸਟੇਸ਼ਨ ਦੇ ਹਿੰਦੂ—ਸਿਖ ਹੋਟਲ ਵਿਚ ਇਕ ਚੁਆਨੀ ਨਾਲ ਮਾਸ ਦੀ ਪਲੇਟ ਤੇ ਲੌਹ ਦੇ ਰੱਜਵੇਂ ਫੁਲਕੇ ਮਿਲਿਆ ਕਰਦੇ ਸਨ। ਫੁਲਕੇ ਕੋਈ ਬਾਹਲੇ ਖਾ ਲੈਂਦਾ ਸੀ, ਕੋਈ ਥੋੜੇ ਤੇ ਇਸ ਵਿਚ ਅਜੂਬੇ ਦੀ ਗੱਲ ਵੀ ਕੋਈ ਨਹੀਂ, ਕਿਉਂਕਿ ਛੇ ਸਤ ਆਨੇ ਸੇਰ ਕੁਲੀਆ ਸੀ, ਦੋ ਢਾਈ ਰੁਪਏ ਮਣ ਕਣਕ ਤੇ ਰੁਪਏ ਸੇਰ ਖਰਾ ਘਿਉ। ਤਾਰਾ ਸਿੰਘ ਤੇ ਦੀਦਾਰ ਸਿੰਘ ਹੋਰਾਂ ਦੀ ਜਦ ਮਾੜੀ ਜਿਹੀ ਢਾਰਸ ਬੱਝੀ ਤੇ ਫਰਾਟੇ ਮਾਰਦੀ ਗੱਡੀ ਦੇ ਝੂਟੇ ਕੁਰਸੀਆਂ ਉੱਤੇ ਆਉਣ ਲਗ ਪਏ, ਉਹਨਾਂ ਪਹਿਲਾਂ ਆਪਣੇ ਬੋਝੇ ਫਰੋਲੇ। ਤਾਰਾ ਸਿੰਘ ਨੂੰ ਯਾਦ ਆ ਗਿਆ ਕਿ ਉਸ ਕੋਲੋਂ ਰਾਤ ਦੇ ਟੀਮ ਦੇ ਸਾਂਝੇ ਬਚੇ ਹੋਏ ਦਸ ਕੁ ਆਨੇ ਹਨ। ਇਹ ਭੀ ਉਹਨਾਂ ਨੂੰ ਛੇਤੀ ਹੀ ਸੁਝ ਗਿਆ ਕਿ ਉਨ੍ਹਾਂ ਦੀ ਬੇਨਿਯਮੀ ਨੂੰ ਸੁਧ ਕਰਨ ਲਈ ਇਕ ਇਹੀ ਤਰੀਕਾ ਹੈ ਕਿ ਰੋਟੀ ਖਾਣ ਲਗ ਪੈਣ। ਹਾਕੀਆਂ ਮੇਜ਼ ਦੇ ਹਠ ਟਿਕਾ ਕੇ ਤਾਰਾ ਸਿੰਘ ਨੇ ਅਜੇ ਭੀ ਕੁਝ ਸ਼ਕ ਜੇਹੇ ਵਿਚ ਹੁਕਮ ਦੇ ਦਿੱਤਾ ਕਿ ਦੋਹਾਂ ਦੀ ਰੋਟੀ ਆ ਜਾਵੇ। ਹਾਲਾਂ ਕਿਉਂਕਿ ਸਿਆਲੇ ਦੇ ਹਿਸਾਬ ਨਾਲ ਸਾਹਜਰਾ ਹੀ ਸੀ, ਬਸ ਏਹੀ ਦੋ ਹੋਟਲ ਦੇ ਪਹਿਲੇ ਗਾਹਕ ਸਨ। ਰੋਟੀ ਆ ਗਈ ਤੇ ਦੋਵੇਂ ਖਾਣ ਲੱਗ ਪਏ।

ਲੁਧਿਆਣੇ ਦਾ ਅੱਧ ਟਪ ਚੁਕੇ ਸੀ। ਗੱਡੀ ਸ਼ਿਕਾਰੀਆਂ ਤੋਂ ਤ੍ਰਭਕੇ ਹਰਨ ਵਾਂਗ ਸਭ ਕੁਝ ਪਿੱਛੇ ਸੁੱਟੀ ਜਾ ਰਹੀ ਸੀ। ਇੰਜਨ ਕਿਉਂਕਿ ਦੂਰ ਸੀ ਉਸ ਦੀ ਆਵਾਜ਼ ਉੱਕਾ ਨਹੀਂ ਸੀ ਸੁਣੀਂਦੀ, ਇੰਝ ਮਲੂਮ ਹੁੰਦਾ ਸੀ ਕਿ ਚਲਦਾ ਹੋਟਲ ਆਪੇ ਕਿਸੇ ਅੰਦਰਲੇ ਬਲ ਨਾਲ ਲੀਹਾਂ ਉੱਤੇ ਰਿੜ੍ਹੀ ਜਾ ਰਿਹਾ ਹੈ। ਤਾਰਾ ਸਿੰਘ ਹੋਰਾਂ ਦਾ ਕੇਵਲ ਦਿਲ ਸ਼ਾਂਤ ਤੇ ਚਿੰਤਾ ਤੋਂ ਉੱਕਾ ਬਰੀ ਨੇ ਗਿਆ ਸਗੋਂ ਸਵੇਰ ਸਾਰ ਭਾਪਾ ਛਡਦਾ ਮਹਾਂ ਪਰਸ਼ਾਦ ਤੇ ਫੁੱਲੇ ਹੋਏ ਫੁਟਬਾਲ ਵਰਗੇ ਫੁਲਕੇ ਸਾਮ੍ਹਣੇ

ਆ ਗਏ ਜਿਸ ਨਾਲ ਸਗੋਂ ਕੁਝ ਮਸਤੀ ਜੇਹੀ ਆ ਗਈ। ਕਿੱਥੇ ਤਾਂ ਗੱਡੀਓਂ ਬਾਹਰ ਬਿੱਲੀਆਂ ਵਾਂਗ ਚੌਕੜ ਪਾਲੇ ਨਾਲ ਤੇ ਬੇਨਿਯਮੀ ਜੇਹੀ ਦੇ ਡਰ ਨਾਲ ਰਹੇ ਖਲੋਤੇ ਸਨ, ਤੇ ਕਿੱਥੇ ਨੱਠੇ ਨੌਕਰਾਂ ਨੂੰ ਸਿੱਧੇ ਕਰਕੇ ਗੱਡੀ ਦੇ ਵਿਚ ਕੁਰਸੀਆਂ ਉੱਤੇ ਆਣ ਬੈਠੇ ਤੇ ਓਹੀ ਵਰਦੀ ਵਾਲੇ ਨੌਕਰ, ਜੀ ਕਹਿਕੇ ਫੁਲਕੇ ਪਲੇਟਾਂ ਵਿਚ ਰੱਖ ਕੇ ਅਦਬ ਨਾਲ ਥਾਲਾਂ ਵਿਚ ਟਿਕਾਣ ਲੱਗ ਪਏ। ਮੁੰਡਿਆਂ ਆਖਿਆ ਹੁਣ ਬਹਿ ਤਾਂ ਗਏ ਹਾਂ ਤੇ ਜਾਣਾ ਹੈ ਅੰਮ੍ਰਿਤਸਰ ਹੋਵੇ ਨਾ ਤਾਂ ਬਹਿ ਹੀ ਰਹੀਏ, ਟਿਕਟ ਕੋਲ ਹੈਨ, ਰੋਟੀ ਦੇ ਪੈਸੇ ਦੇਣੇ ਹਨ ਫੇਰ ਡਰ ਕਾਸ ਦਾ। ਤਾਰਾ ਸਿੰਘ ਹੋਰਾਂ ਨੇ ਵੀ ਕਾਹਲ ਨਹੀਂ ਕੀਤੀ, ਫੁਲਕੇ ਜਿੰਨੇ ਆਏ ਉਹ ਨਬੇੜਦੇ ਗਏ। ਨੌਕਰ ਜਦ ਵੇਖਣ ਉਨ੍ਹਾਂ ਦੇ ਥਾਲ ਖ਼ਾਲੀ ਦੇ ਖ਼ਾਲੀ, ਉਨ੍ਹਾਂ ਬਥੇਰੀ ਵਾਰ ਠੌਰ ਠੌਰ ਕੇ "ਸਰਦਾਰ ਜੀ ਹੋਰ", "ਸਰਦਾਰ ਜੀ ਹੋਰ" ਆਖਿਆ ਪਰ ਸਿੰਘ ਹੋਰੀ ਸਹਿਜੇ ਜੇਹੇ ਆਖ ਛੱਡਣ ਲਿਆਓ ਜੀ ਫੁਲਕੇ ਲਿਆਓ। ਲੁਧਿਆਣੇ ਦੇ ਨੇੜੇ ਢੁੱਕਣ ਲੱਗਿਆਂ ਤਾਂ ਹੋਟਲ ਵਾਲਿਆਂ ਨੇ ਉਨ੍ਹਾਂ ਦੇ ਥਾਲਾਂ ਵਿਚ ਕੱਠੇ ਹੀ ਤਿੰਨ ਤਿੰਨ ਚਾਰ ਚਾਰ ਫੁਲਕੇ ਰੱਖ ਦਿੱਤੇ ਤਾਂ ਜੋ ਇਹ ਦੋਵੇਂ ਜਣੇ ਖਹਿੜਾ ਛੱਡਣ ਤੇ ਲੁਧਿਆਣੇ ਸਟੇਸ਼ਨ ਉੱਤੇ ਉਨ੍ਹਾਂ ਨੂੰ ਕਹਿਣ ਵਾਲੇ ਬਣਨ ਕਿ ਜੀ ਪੈਸੇ ਦੇਓ ਤੇ ਵਿਦਾ ਹੋਵੋ। ਉਨ੍ਹਾਂ ਨੂੰ ਪਤਾ ਨਹੀਂ ਸੀ ਲੱਗਾ ਕਿ ਕਾਲਜੀਟਾਂ ਦੇ ਮਨ ਵਿਚ ਬਦੀ ਆ ਗਈ ਹੈ। ਦੋ ਕੁ ਪਾਸੇ ਤਾਰਾ ਸਿੰਘ ਨੇ ਏਧਰ ਓਧਰ ਮਾਰੇ, ਦੀਦਾਰ ਸਿੰਘ ਬਾਰੀ ਵਿਚੋਂ ਝਾਕਣ ਲਗ ਪਿਆ ਕਿ ਲੁਧਿਆਣਾ ਕਿੰਨੀ ਕੁ ਦੂਰ ਹੈ, ਬਹਿਰਿਆਂ ਨੂੰ ਉਮੈਦ ਜੇਹੀ ਬੱਝੀ ਕਿ ਹੁਣ ਇਹ ਹਿੱਲਣਗੇ। ਜਦ ਲੁਧਿਆਣਾ ਦਿੱਸਣ ਲੱਗ ਪਿਆ ਦੋਵੇਂ ਜਣੇ ਫੇਰ ਕੁਰਸੀਆਂ ਉੱਤੇ ਟਿਕ ਕੇ ਬਹਿ ਗਏ। ਖ਼ਾਲੀ ਥਾਲੀਆਂ ਝਾਕਣ ਲੱਗ ਪਏ, ਮਾਸ ਦੇ ਭੋਰਿਆਂ ਨੂੰ ਮਲਕ ਮਲਕ ਚੁਗਣ ਲੱਗ ਪਏ। ਗੁੰਨ੍ਹੇ ਹੋਏ ਆਟੇ ਦਾ ਤਕੜਾ ਹਿੱਸਾ ਦੋਵੇਂ ਜਣੇ ਛਕ ਚੁੱਕੇ ਸਨ, ਹੋਟਲ ਦੇ ਵੱਡੇ ਬਾਬੂ ਦੀ ਮਗਜ਼ ਖੋਰੰਗ ਨੇ ਆਖਿਆ ਏਹਨਾਂ ਕੋਲ ਟਿਕਟ ਹੈ ਨਹੀਂ। ਉਸ ਨੇ ਮਲਕੜੇ ਜੇਹੇ ਬਹਿਰਿਆਂ ਨੂੰ ਇਸ਼ਾਰਾ ਕੀਤਾ ਕਿ ਬਸ ਕਰੋ ਮਸਤ ਹੋ ਰਹੇ, ਲੁਧਿਆਣੇ ਚੱਲ ਕੇ ਇਹਨਾਂ ਦਾ ਬੰਦੋਬਸਤ ਕਰਦੇ ਹਾਂ।

ਗੱਡੀ ਮਜ਼ਾਖਾਂ ਨਾਲ ਲੁਧਿਆਣੇ ਸਟੇਸ਼ਨ ਆਣ ਵੜੀ, ਬਹਿਰਿਆਂ ਦਾ ਧਿਆਨ ਖੇਹ ਟਿਕਟਾਂ ਦੇ ਗਾਹਕਾਂ ਵੱਲ ਹੋ ਗਿਆ। ਪਲੇਟਫ਼ਾਰਮ ਉੱਤੇ ਚੜ੍ਹਨ

ਉਤਰਣ ਵਾਲਿਆਂ ਦੀ ਭੀੜ ਲੱਗ ਗਈ, ਸਾਡੇ ਬੇਲੀ ਉਸੇ ਤਰ੍ਹਾਂ ਮੇਜ਼ ਉਤੇ ਖ਼ਾਲੀ ਥਾਲ ਲਈ ਬੈਠੇ ਰਹੇ। ਮਹਾਂ ਪਰਸ਼ਾਦ ਦੇ ਪਲੇਟ ਵੀ ਖ਼ਾਲੀਆਂ ਵਰਗੇ ਹੀ ਸਨ ਪਰ ਏਹ ਕਹਿਣ ਨੂੰ ਥਾਂ ਸੀ ਕਿ ਅਸਾਂ ਰੋਟੀ ਹਾਲਾਂ ਮੁਕਾਈ ਨਹੀਂ। ਏਨੇ ਨੂੰ ਹੋਟਲ ਵਾਲਾ ਇਕ ਟਿਕਟ ਬਾਬੂ ਨੂੰ ਲੈ ਕੇ ਆ ਵੜਿਆ ਜਿਸ ਨੇ ਆਉਂਦਿਆਂ ਹੀ ਬੜੇ ਦਾਬੇ ਨਾਲ ਆਖਿਆ 'ਟਿਕਟ ਵਿਖਾਓ ਬਈ।'

ਵਿਹਾਰ ਕਾਰ ਵਿਚ ਆਮ ਦੋ ਤਾਕਤਾਂ ਸਮਝੀਆਂ ਗਈਆਂ ਹਨ : ਇਕ ਤਾਂ ਨਿਯਮ ਕਾਨੂੰਨ ਰਵਾਜ ਦੀ, ਦੂਜੀ ਹੱਥ ਦੀ। ਜਿਸ ਕੋਲ ਕਾਨੂੰਨ ਦਾ ਜ਼ੋਰ ਨਾ ਹੋਵੇ ਉਹ ਹੱਥ ਵਰਤ ਲੈਂਦਾ ਹੈ। ਅਜਬ ਗੱਲ ਉਦੋਂ ਬਣਦੀ ਹੈ ਜਦ ਇਕ ਪਾਸੇ ਹੋਵੇ ਨਿਯਮਾਵਲੀ ਤੇ ਕਿਤੇਬਾਂ ਵਾਲਾ, ਦੂਜੇ ਪਾਸੇ ਹੋਵੇ ਲੱਠ ਵਾਲਾ। ਤੇ ਜਦ ਲੱਠ ਵਾਲੇ ਨੂੰ ਸੂਹ ਲਗ ਜਾਵੇ ਕਿ ਨਿਯਮ ਕੁਝ ਢਿੱਲਾ ਮੱਠਾ ਹੀ ਹੈ ਤਦ ਉਸ ਦੀ ਹੋਰ ਵੀ ਖਰੂ ਮੱਚ ਪੈਂਦੀ ਹੈ। ਟਿਕਟ ਥਰਡ ਕਲਾਸ ਦੇ ਦੋਹਾਂ ਕੱਢ ਕੇ ਵਿਖਾ ਦਿੱਤੇ। ਟਿਕਟ ਬਾਬੂ ਤੇ ਹੋਟਲ ਬਾਬੂ ਨੇ ਟਿਕਟਾਂ ਦੀ ਚੰਗੀ ਪੜਤਾਲ ਕੀਤੀ, ਸਿੱਧ ਪੁੱਠ ਵੇਖਿਆ, ਵੇਖਣ ਵਿਚ ਤਕੜਾ ਚਿਰ ਲਾਇਆ। ਜਦ ਟਿਕਟਾਂ ਵਿਚ ਕੋਈ ਨੁਕਸ ਨਾ ਲੱਭਾ, ਟਿਕਟ ਬਾਬੂ ਨੇ ਟਿਕਟ ਮੋੜ ਦਿੱਤੇ, ਹੋਟਲ ਬਾਬੂ ਛਿੱਥਾ ਪੈ ਕੇ ਹੋਰ ਪਰਫੰਡੇ ਮਾਰਨ ਲੱਗਾ, ਆਖਣ ਲਗਾ, "ਚੰਗਾ ਹੁਣ ਪੈਸੇ ਦੇਓ, ਤੇ ਆਪਣੀ ਥਾਂ ਜਾਓ ਗੱਡੀ ਤੁਰਨ ਵਾਲੀ ਹੈ।" ਮੁੰਡੇ ਆਖਣ ਅਸਾਂ ਅਜੇ ਰੋਟੀ ਨਹੀਂ ਮੁਕਾਈ ਤੇ ਉਹ ਆਖੇ ਮੈਂ ਤੁਹਾਨੂੰ ਰਜਾਉਣ ਦਾ ਠੇਕਾ ਲਿਆ ਹੋਇਆ ਹੈ। ਏਸ ਝਗੜੇ ਵਿਚ ਟਿਕਟ ਬਾਬੂ ਤਾਂ ਆਪਣਾ ਪੱਖ ਮਾੜਾ ਵੇਖ ਕੇ ਖਿਸਕ ਗਿਆ, ਮੁੰਡਿਆਂ ਦਾ ਝਗੜਾ ਵੇਖਣ ਨੂੰ ਚਾਰ ਪੰਜ ਮੁਸਾਫਰ ਆ ਖਲੋਤੇ ਤੇ ਬਹਿਰੇ ਵੀ ਓਦਾਲੇ ਹੋ ਗਏ। ਏਨੇ ਨੂੰ ਗੱਡੀ ਨੇ ਚੀਕ ਮਾਰ ਦਿਤੀ, ਚਲਦੇ ਹੋਟਲ ਵਿਚ ਫੇਰ ਅਗੇ ਵਾਂਗ ਭੀੜ ਜੇਹੀ ਹੋ ਗਈ, ਤੇ ਗੱਡੀ ਟੁਰ ਪਈ।

ਜਦ ਮੁੰਡਿਆਂ ਨੇ ਵੇਖਿਆ ਕਿ ਅਸੀਂ ਤਾਂ ਲੁਧਿਆਣਾ ਭੀ ਸਹੀ ਸਲਾਮਤ ਲੰਘਾ ਦਿਤਾ ਹੈ ਤੇ ਹੋਟਲ ਬਾਬੂ ਕੁਛ ਨਹੀਂ ਕਰ ਸਕਿਆ, ਉਨ੍ਹਾਂ ਦੇ ਹੌਸਲੇ ਟੀਸੀ ਉੱਤੇ ਚੜ੍ਹੇ। ਕੁਛ ਉਨ੍ਹਾਂ ਨੂੰ ਗੁੱਸਾ ਵੀ ਸੀ ਕਿ ਹੋਟਲ ਵਾਲੇ ਦਾਬੇ ਨਾਲ ਸਾਨੂੰ ਕੱਢਣਾ ਚਾਹੁੰਦੇ ਹਨ। ਬਾਬੂ ਦੇ ਦਬਕਿਆਂ ਦੀ ਪਰਵਾਹ ਨਾ ਕਰਕੇ ਉਹ ਕੁਰਸੀਆਂ ਉੱਤੇ ਡਟ ਕੇ ਬੈਠ ਗਏ ਤੇ ਤਾਰਾ ਸਿੰਘ ਨੇ ਜ਼ਰਾ ਕਰਾਰੇ ਬੋਲ ਨਾਲ ਆਖਿਆ

ਲਿਆ ਥੋਟੀ ਫੁਲਕੇ ਲਿਆ, ਛੋਟੀ ਛੋਟੀ ਲਿਆ। ਤਾਰਾ ਸਿੰਘ ਨੇ ਬੇਲੀ ਦੇ ਕੰਨ ਵਿਚ ਫੂਕ ਜੇਹੀ ਮਾਰੀ, "ਦੀਦਾਰ ਸਿੰਘ ਅਜੇ ਅੰਮ੍ਰਿਤਸਰ ਪਹੁੰਚਣ ਵਿਚ ਦੋ ਘੰਟੇ ਹੋਰ ਰਹਿੰਦੇ ਹਨ, ਅੱਜ ਸਮਝ ਛਡ ਕਿ ਲੱਧਾ ਸਿੰਘ ਵਾਲੀ ਦੂਜੀ ਘੰਟੀ ਵਿਚ ਹੀ ਬੈਠਾ ਹਾਂ।"

ਲੱਧਾ ਸਿੰਘ ਵਾਲੀ ਦੂਜੀ ਘੰਟੀ ਕੀ ਹੈ, ਇਸ ਦਾ ਦੱਸਣਾ ਬਹੁਤ ਜ਼ਰੂਰੀ ਹੈ। ਕਿਉਂਕਿ ਪਾਠਕ ਨੂੰ ਹਨੇਰੇ ਵਿਚ ਨਹੀਂ ਰੱਖਿਆ ਜਾ ਸਕਦਾ। ਖ਼ਾਲਸਾ ਕਾਲਜ ਦੇ ਸਕੂਲ ਵਿਚ ਏਨ੍ਹਾਂ ਮੁੰਡਿਆਂ ਨੇ ਦਸਵੀਂ ਜਮਾਤ ਪਾਸ ਕੀਤੀ। ਉਨ੍ਹਾਂ ਦਿਨਾਂ ਵਿਚ ਸਕੂਲ ਦੇ ਮੁੰਡੇ ਵੱਡੀ ਉਮਰ ਦੇ ਵੀ ਤੇ ਉੱਝ ਵੀ ਹੱਡਾਂ ਪੈਰਾਂ ਦੇ ਮੋਕਲੇ ਪੇਂਡੂ ਜੁਆਨ ਖੇਲ੍ਹਣ ਮਲ੍ਹਣ ਖਾਣ ਪੀਣ ਵਾਲੇ ਹੁੰਦੇ ਸਨ। ਸਕੂਲ ਦੇ ਬੋਰਡਿੰਗ ਵਿਚ ਦੋ ਦਰਜੇ ਦੇ ਲੰਗਰ ਹੁੰਦੇ ਸੀ, ਇਕ ਵਧੀਆ ਦੂਜਾ ਘਟੀਆ। ਜ਼ਿਆਦਾ ਮੁੰਡੇ ਘਟੀਆ ਲੰਗਰ ਵਿਚ ਹੀ ਹੁੰਦੇ ਸਨ ਜਿੱਥੇ ਇਕ ਮਿੱਠੀ ਚੀਜ਼ ਯਾ ਮਾਸ ਹਫਤੇ ਵਿਚ ਕੇਵਲ ਇਕ ਵਾਰੀ ਬਣਿਆ ਕਰਦਾ ਸੀ, ਵਧੀਆ ਲੰਗਰ ਦਾ ਖਰਚ ਛੇ ਕੁ ਰੁਪਏ ਆਉਂਦਾ ਸੀ। ਘਟੀਆ ਲੰਗਰ ਵਿਚ ਤੰਦੂਰ ਦੇ ਫੁਲਕੇ ਤੇ ਇਕ ਦਾਲ ਯਾ ਸਬਜ਼ੀ ਹੁੰਦੀ। ਤਾਰਾ ਸਿੰਘ ਹੋਰਾਂ ਦੀ ਜਮਾਤ ਵਿਚ ਉਸ ਸਾਲ ਜ਼ਰਾ ਵਧੇਰੇ ਮਨਚਲੇ ਨਿੱਡਰ ਜੇਹੇ ਮੁੰਡੇ ਆ ਗਏ ਸਨ ਤੇ ਗਾਹਕ ਸਨ ਸਾਰੇ ਘਟੀਆ ਲੰਗਰ ਦੇ। ਉਹਨਾਂ ਵੇਖਿਆ ਕਿ ਲੰਗਰ ਵਿਚ ਕਈ ਕੰਜੂਸ ਮਾਸਟਰ ਤੇ ਉਨ੍ਹਾਂ ਦੇ ਯਾਰ ਦੋਸਤ ਲਾਂਗਰੀਆਂ ਦੇ ਪਰਾਹੁਣੇ ਤੇ ਇਕ ਦੋ ਟੱਬਰ ਲੰਗਰ ਵਿਚੋਂ ਮੁਫ਼ਤ ਰੋਟੀ ਖਾ ਰਹੇ ਸਨ। ਲੱਧਾ ਸਿੰਘ ਨਾਂਵੇਂ ਇਕ ਬੁਢਾ ਪਿਨਸ਼ਨੀਆ ਹੁੰਦਾ ਸੀ, ਜੋ ਰਾਤ ਨੂੰ ਪਹਿਰਾ ਦੇਂਦਾ ਤੇ ਦਿਨੇ ਲੰਗਰ ਦੀ ਸੇਵਾ ਕਰਕੇ ਰੋਟੀ ਮੁਫਤ ਖਾ ਲੈਂਦਾ--ਮੁੰਡਿਆਂ ਦੇ ਸਿਰੋਂ--ਤੇ ਤਲਬ ਪੂਰੀ ਦੀ ਪੂਰੀ ਜਮ੍ਹਾਂ ਕਰ ਛੱਡਦਾ। ਏਸ ਲੱਧਾ ਸਿੰਘ ਦਾ ਕੰਮ ਸੀ ਕਿ ਜਦ ਉਸ ਨੇ ਵੇਖਣਾ ਅਜ ਦਾਲ ਥੁੜ ਜਾਵੇਗੀ, ਉਸ ਨੇ ਲਾਂਗਰੀ ਦੇ ਕੰਨ ਵਿਚ ਆਖ ਦੇਣਾ ਵੱਤਰ ਲਾ ਦੇ। ਲਾਂਗਰੀ ਨੇ ਤੰਦੂਰ ਵਿਚ ਪਾਣੀ ਉਬਾਲਣਾ, ਉਬਾਲ ਕੇ ਦਾਲ ਵਿਚ ਘੱਤ ਦੇਣਾ, ਉਪਰੋਂ ਵਗਾਹੁਣਾ ਲੂਣ ਦਾ ਛੱਟਾ ਤੇ ਦਾਲ ਉੱਨੀ ਦੀ ਉੱਨੀ ਫੇਰ ਹੋ ਜਾਣੀ। ਮੁੰਡਿਆਂ ਮਨਕੀਨਾ ਦਾਲ ਮੋਟੀ ਹੋਈ ਕਿ ਪਤਲੀ ਖਾਕੇ ਉਠ ਜਾਣਾ। ਵੱਤਰ ਲਾਉਣਾ ਏਥੋਂ ਤਕ ਪ੍ਰਚਲਤ ਹੋਇਆ ਕਿ ਲੱਧਾ ਸਿੰਘ ਨਿਝੱਕ ਹੋਕੇ ਉੱਚੀ ਉੱਚੀ ਵੀ ਆਖਣ ਲਗ ਪਿਆ ਵੱਤਰ ਲਾ ਦਿਓ।

ਮੁੰਡਿਆਂ ਦਾ ਬਸ ਕੋਈ ਨਾ ਚਲੇ, ਇਕ ਦੋ ਵਾਰ ਮਾਸਟਰਾਂ ਕੋਲ ਸ਼ਕਾਇਤ ਕੀਤੀ ਪਰ ਕੌਣ ਪੁਛਦਾ ਹੈ ਸਕੂਲ ਦੇ ਮੁੰਡਿਆਂ ਦੀ। ਦਸਵੀਂ ਵਾਲਿਆਂ ਮੁੰਡਿਆਂ ਨੂੰ ਤਾਰਾ ਸਿੰਘ ਹੋਰਾਂ ਦੇ ਬੇਲੀਆਂ ਨੂੰ ਕਈ ਵਾਰ ਲੜ ਭਿੜ ਕੇ ਭੁਖੇ ਉਠਣਾ ਪਿਆ ਪਰ ਇਲਾਜ ਕੁਝ ਨ ਲੱਭੇ ਕਿਵੇਂ ਲੰਗਰ ਦੀ ਏਸ ਧੱਕੇਸ਼ਾਹੀ ਨੂੰ ਰੋਕਿਆ ਜਾਵੇ। ਹੁੰਦੇ ਹੁੰਦੇ ਸਲਾਹ ਠਹਿਰੀ ਬਈ ਸ਼ਕਾਇਤਾਂ ਤੇ ਮੂੰਹ ਨਾਲ ਰੌਲਾ ਪਾਇਆਂ ਕੁਝ ਨਹੀਂ ਬਣਦਾ, ਕਿਸੇ ਯੁਕਤੀ ਨਾਲ ਖ਼ਾਮੋਸ਼ ਮੁਕਾਬਲਾ ਕਰੋ। ਵਡਿਆਂ ੨ ਨੇ ਯੁਕਤੀ ਦਾ ਢਾਂਚਾ ਬਣਾ ਲਿਆ ਤੇ ਬਾਕੀ ਦਿਆਂ ਉਸ ਨੂੰ ਪਰਵਾਨ ਕਰ ਲਿਆ। ਲੰਗਰ ਵਿਚ ਤਿੰਨ ਘੰਟੀਆਂ ਹੁੰਦੀਆਂ ਸਨ, ਪਹਿਲੀ ਘੰਟੀ ਛੋਟੇ ਮੁੰਡਿਆਂ ਦੀ ਤੇ ਅਖ਼ੀਰਲੀ ਦਸਵੀਂ ਵਾਲਿਆਂ ਦੀ। ਸਕੀਮ ਇਹ ਸੀ, ਮੋਹਰੀ ਨੇ ਤਿੰਨ ਆਸਣ ਦੱਸੇ, ਪਹਿਲਾਂ ਚੌਕੜੀ ਮਾਰਕੇ ਬਹਿ ਜਾਣ, ਦੂਜੇ ਵਿਚ ਇਕ ਗੋਡਾ ਚੁਕ ਲੈਣਾ, ਤੀਜੇ ਵਿਚ ਦੂਜਾ ਗੋਡਾ, ਤੇ ਹਰ ਆਸਣ ਵਿਚ ਘੱਟੋ ਘੱਟ ਚਾਰ ਰੋਟੀਆਂ ਖਾਣੀਆਂ। ਜਿੱਦਨ ਇਹ ਮੁਕਾਬਲਾ ਆਰੰਭ ਹੋਇਆ ਆਟਾ ਨਵੇਂ ਸਿਰਿਓਂ ਗੁਨ੍ਹਣਾ ਪਿਆ ਦੋ ਵਾਰ ਦਾਲ ਨੂੰ ਵੱਤਰ ਲਗਾ ਕੇ ਤੇ ਜਦ ਦਸਵੀਂ ਜਮਾਤ ਵਾਲੇ ਲੰਗਰ ਵਿਚੋਂ ਖਾਕੇ ਉਠੇ ਲਾਂਗਰੀਆਂ ਤੇ ਲੱਧਾ ਸਿੰਘ ਹੋਰੀ ਰੋਣ ਹੱਕੇ ਹੋ ਗਏ, ਪਰ ਕਰ ਕੁਝ ਨਹੀਂ ਸਕੇ ਕਿਉਂਕਿ ਮੁੰਡਿਆਂ ਪੂਰੀ ਚੁਪ ਵੱਟੀ ਹੋਈ ਹੋਈ ਸੀ ਤੇ ਗੁਸੇ ਗਿਲੇ ਨੂੰ ਥਾਉਂ ਹੀ ਨਹੀਂ ਸੀ। ਦੋ ਚਾਰ ਵਾਰ ਇਹ ਕਰਤਬ ਹੋਇਆ ਤਾਂ ਉਪਰਲਿਆਂ ਨੇ ਦਸਵੀਂ ਜਮਾਤ ਦੀ ਘੰਟੀ ਦੂਜੀ ਕਰ ਦਿਤੀ ਤਾਂ ਜੋ ਇਹ ਆਖ ਸਕਣ ਕਿ ਜੀ ਦਸਵੀਂ ਵਾਲੇ ਖਾਣ ਨੂੰ ਬੜਾ ਚਿਰ ਲਾਉਂਦੇ ਹਨ। ਤੇ ਤੀਜੀ ਘੰਟੀ ਵਾਲੇ ਭੁਖੇ ਹੋ ਜਾਣ ਬਈ ਸਾਨੂੰ ਵਕਤ ਸਿਰ ਰੋਟੀ ਨਹੀਂ ਮਿਲਦੀ। ਦੂਜੀ ਘੰਟੀ ਵਿਚ ਵੀ ਦਸਵੀਂ ਵਾਲਿਆਂ ਦਾ ਈਹੋ ਵਤੀਰਾ ਰਿਹਾ ਤੇ ਨੌਬਤ ਏਥੋਂ ਤੀਕ ਪੁਜੀ ਕਿ ਇਕ ਦੋ ਮਾਸਟਰਾਂ ਦੀ ਡਿਊਟੀ ਲਗੀ ਕਿ ਤੁਸੀਂ ਜਾ ਕੇ ਵੇਖੋ ਤੇ ਪੜਤਾਲ ਕਰੋ ਕੀ ਗੱਲ ਹੈ। ਜਦ ਮਾਸਟਰਾਂ ਦਾ ਪਹਿਰਾ ਲੱਗ ਗਿਆ ਲੱਧਾ ਸਿੰਘ ਦੀ ਦਾਲ ਮੁਕ ਗਈ ਤੇ ਉਨ੍ਹਾਂ ਦੇ ਸਾਮ੍ਹਣੇ ਵੱਤਰ ਕਿਵੇਂ ਲਗੇ। ਬਸ ਜੀ ਦਸਵੀਂ ਵਾਲਿਆਂ ਦੀ ਜਿੱਤ ਹੋ ਗਈ। ਤੇ ਲੰਗਰ ਵਾਲਿਆਂ ਦੀ ਬੜੀ ਹੇਠੀ ਹੋਈ ਕਿ ਮੁੰਡਿਆਂ ਨੂੰ ਭੁਖ ਮਾਰ ਕੇ ਆਪ ਰਾਸ਼ਨ ਚੁਰਾ ਜਾਂਦੇ ਹਨ। ਬਸ ਫੇਰ ਕੀ ਸੀ ਲੱਧਾ ਸਿੰਘ ਤੇ ਲਾਂਗਰੀਆਂ ਲਾਏ ਕੰਨਾਂ ਨੂੰ ਹੱਥ ਤੇ ਦਸਵੀਂ ਵਾਲਿਆਂ ਅਗੇ ਪਾਣੀ ਭਰਨ

ਲਗ ਪਏ।

ਇਹ ਸੀ ਲੱਧਾ ਸਿੰਘ ਤੀ ਦੂਜੀ ਘੰਟੀ। ਹੋਟਲ ਵਾਲੇ ਕੀ ਕਰ ਸਕਦੇ ਸਨ, ਫੁਲਕੇ ਪਕਾਉਣ ਲਗ ਪਏ ਤੇ ਤਾਰਾ ਸਿੰਘ ਹੋਰੀਂ ਨਵੇਂ ਸਿਰਿਓਂ ਖਾਣ ਲਗ ਪਏ। ਭਲਾ ਜਿਨ੍ਹਾਂ ਨੇ ਬਾਰਾਂ ਬਾਰਾਂ ਤੰਦੂਰ ਦੇ ਫੁਲਕੇ ਖਾ ਕੇ ਡਕਾਰ ਨ ਲੈਣਾ ਹੋਇਆ ਉਨ੍ਹਾਂ ਨੂੰ ਇਨ੍ਹਾਂ ਦੇ ਫੁਲਕੇ ਕਿੱਥੇ ਚੁਭਣੇ ਸਨ। ਫਿਲੌਰ ਟੱਪ ਕੇ ਸਵੇਰ ਦਾ ਆਟਾ ਗੁੰਨ੍ਹਿਆ ਹੋਇਆ ਮੁਕ ਗਿਆ ਤੇ ਬੈਰੇ ਲੱਗੇ ਉਨ੍ਹਾਂ ਦੇ ਮੂੰਹ ਵਲ ਝਾਕਣ। ਪਰ ਏਥੇ ਕੁ ਆ ਕੇ ਤਾਰਾ ਸਿੰਘ ਹੋਰਾਂ ਕੀਤੀ ਤਾਂ ਮੁਤਾਬਿਕ ਹੀ ਗੱਲ ਪਰ ਥੜੀ ਚਾਲ ਹੋ ਗਈ। ਤਾਰਾ ਸਿੰਘ ਨੇ ਇਕ ਪਲੇਟ ਮਾਸ ਦੀ ਹੋਰ ਮੰਗਾਕੇ ਅੱਧ ਅੱਧ ਕਰ ਲਈ ਤੇ ਵੇਖਣ ਵਾਲੇ ਨੂੰ ਦਿਸੇ ਕਿ ਮਾਸ ਦੀਆਂ ਪਲੇਟਾਂ ਪਈਆਂ ਹਨ ਪਰ ਫੁਲਕੇ ਹੈ ਨਹੀਂ। ਹੋਟਲ ਪ੍ਰਬੰਧਕ ਨੂੰ ਜਦ ਪਤਾ ਲੱਗਿਆ ਕਿ ਸਵੇਰ ਦਾ ਸਾਰਾ ਆਟਾ ਮੁਕ ਗਿਆ ਹੈ ਉਸ ਨੂੰ ਤਾਂ ਪਿੱਸੂ ਪੈ ਗਏ, ਲੱਗਾ ਵਾਹੀ ਤਬਾਹੀ ਬੋਲਣ ਤੇ ਬੈਰਿਆਂ ਨੂੰ ਗਾਲ੍ਹਾਂ ਕੱਢਣ। ਅੱਗੋਂ ਬੈਰੇ ਆਪ ਤੰਗ ਆਏ ਪਏ ਸਨ। ਹੋਟਲ ਬਾਬੂ ਆਖਣ ਲੱਗਾ ਤੁਸੀਂ ਝੂਠੇ ਹੋ, ਉਹ ਫੁਲਕੇ ਬਾਹਰ ਸੁਟੀ ਜਾਂਦੇ ਹੋਣਗੇ ਤੇ ਤੁਹਾਨੂੰ ਪਤਾ ਨਹੀਂ ਲੱਗਦਾ। ਝਗੜਾ ਝਾਂਜਾ ਹੋਕੇ ਆਖਰ ਗੱਲ ਏਥੇ ਮੁਕੀ ਕਿ ਬਾਬੂ ਹੋਰੀ ਆਖਣ ਲੱਗੇ ਆਓ ਮੈਂ ਏਥੇ ਸਾਮ੍ਹਣੇ ਬੈਠਦਾ ਹਾਂ ਤੁਸੀਂ ਫੁਲਕੇ ਲਿਆਓ, ਦੇਖਾਂ ਫੁਲਕੇ ਕਿਧਰ ਜਾਂਦੇ ਹਨ। ਜਿੰਦਾ ਖੋਲ੍ਹ ਕੇ ਬਾਬੂ ਨੇ ਥੋੜਾ ਜਿਹਾ ਆਟਾ ਹੋਰ ਦਿੱਤਾ ਤੇ ਪੰਜ ਸਤ ਮਿੰਟਾਂ ਵਿਚ ਫੁਲਕਿਆਂ ਦਾ ਆਉਣਾ ਆਰੰਭ ਹੋ ਗਿਆ।

ਬਾਬੂ ਜੀ ਦੇ ਸਾਮ੍ਹਣੇ ਫੁਲਕੇ ਆਉਂਦੇ ਸਨ ਤੇ ਤਾਰਾ ਸਿੰਘ ਹੋਰਾਂ ਦੇ ਮੂੰਹਾਂ ਵਿਚ ਪੈ ਜਾਂਦੇ ਸਨ। ਜਾਲੰਧਰ ਛਾਉਣੀ ਦੇ ਸਟੇਸ਼ਨ ਗੱਡੀ ਵੜਦੀ ਹੀ ਸੀ ਬਾਬੂ ਜੀ ਨੂੰ ਖ਼ਬਰ ਦਿੱਤੀ ਗਈ ਕਿ ਆਟਾ ਫੇਰ ਮੁਕਣ ਵਾਲਾ ਹੈ ਬਾਬੂ ਤਾਂ ਕੁਰਸੀ ਤੋਂ ਉੱਠ ਕੇ ਬਾਹਰ ਛਾਲ ਮਾਰਨ ਵਾਲਾ ਹੋ ਗਿਆ। ਆਖਰ ਸੋਚਕੇ ਉਸ ਨੇ ਪੱਕਾ ਇਰਾਦਾ ਕਰ ਲਿਆ ਕਿ ਹੋਰ ਆਟਾ ਤਾਂ ਗੁੰਨ੍ਹਣਾ ਹੀ ਪਵੇਗਾ ਪਰ ਏਹਨਾਂ ਨੂੰ ਫੁਲਕੇ ਦੇਣੇ ਬੰਦ ਕਰ ਦੇਉ। ਛਾਉਣੀ ਦੇ ਸਟੇਸ਼ਨ ਤੋਂ ਤੁਰਦਿਆਂ ਕਰਦਿਆਂ ਆਟਾ ਮੁਕ ਗਿਆ ਤੇ ਤਾਰਾ ਸਿੰਘ ਹੋਰੀ ਉਸੇ ਤਰ੍ਹਾਂ ਅਡੋਲ ਕੁਰਸੀਆਂ ਉੱਤੇ ਜਮੇ ਰਹੇ। ਰੋਟੀ ਖਾਣ ਵਾਲੇ ਦੋ ਤਿੰਨ ਜੈਂਟਲਮੈਨ ਹੋਰ ਆ ਬੈਠੇ ਤੇ ਬੈਰੇ ਉਨ੍ਹਾਂ ਵਲ ਲੱਗ ਪਏ। ਹੁਣ ਹੋਟਲ ਪ੍ਰਬੰਧਕ ਆਖੇ ਪੈਸੇ ਦੇਉ ਤੇ ਤਾਰਾ ਸਿੰਘ ਹੋਰੀ ਆਖਣ

ਸਾਨੂੰ ਸਮਝਾਓ, ਵੇਖਣ ਵਾਲੇ ਹੈਰਾਨ ਹੋਣ ਕਿ ਕੀ ਗੱਲ ਹੈ, ਚੰਗਾ ਭਲਾ ਹੋਟਲ ਹੈ, ਖਾਣ ਵਾਲੇ ਵੀ ਆਦਮੀ ਹੀ ਹਨ ਭਲਾ ਰੋਟੀ ਕਿਉਂ ਨਹੀਂ ਦਿੱਤੀ ਜਾਂਦੀ। ਨਵੇਂ ਖਾਣ ਵਾਲਿਆਂ ਨੂੰ ਤਸੱਲੀ ਦੇਣੀ ਪਈ ਕਿ ਰੋਟੀ ਜ਼ਰੂਰ ਮਿਲੇਗੀ ਪਰ ਉਨ੍ਹਾਂ ਨੂੰ ਮਿਲੇਗੀ ਤਾਂ ਏਨ੍ਹਾਂ ਨੂੰ ਕਿਉਂ ਨਹੀਂ ਦਿੱਤੀ ਜਾ ਰਹੀ। ਹੋਟਲ ਵਾਲਾ ਆਖੇ ਹੋਰ ਗੱਲ ਹੈ। ਤੁਸੀਂ ਬੇਫ਼ਿਕਰ ਰਹੋ ਰੋਟੀ ਮਿਲੇਗੀ। ਆਖਰ ਬਹੁਤ ਗੱਲਾਂ ਬਾਤਾਂ ਪਿਛੋਂ ਜਾਲੰਧਰ ਸ਼ਹਿਰ ਦੇ ਸਟੇਸ਼ਨ ਪਰ ਗੱਲ ਏਥੇ ਪਹੁੰਚੀ ਕਿ ਹੋਟਲ ਵਾਲਾ ਆਖੇ ਮੈਂ ਪੈਸੇ ਛੱਡੇ ਤੁਸੀਂ ਬਾਹਰ ਨਿਕਲੋ ਤੇ ਅੱਗੋਂ ਤਾਰਾ ਸਿੰਘ ਆਖੇ ਅਸੀਂ, ਕੋਈ ਮੰਗਤੇ ਹਾਂ, ਪੈਸੇ ਤੈਨੂੰ ਬਾਰਾਂ ਆਨੇ ਖਰੇ ਦੇਣੇ ਹਨ ਪਰ ਰੋਟੀ ਖਾ ਕੇ ਦੇਣੇ ਹਨ। ਜਦ ਇਕ ਦੋ ਵਾਰ ਹੋਰ ਹੋਟਲ ਵਾਲੇ ਨੇ ਪੈਸੇ ਮੁਆਫ਼ ਕਰਨ ਦਾ ਨਾਉਂ ਲਿਆ ਤਾਂ ਦੀਦਾਰ ਸਿੰਘ ਘੁਰਕ ਕੇ ਪਿਆ ਕਿ ਅਸੀਂ ਕੋਈ ਭੁੱਖੇ ਹਾਂ ਕਿ ਤੈਥੋਂ ਮੁਫ਼ਤ ਰੋਟੀ ਖਾ ਜਾਵਾਂਗੇ। ਪ੍ਰਬੰਧਕ ਵਿਚਾਰਾ ਘੁਰਕੀ ਖਾ ਕੇ ਆਪਣੇ ਥਾਂ ਬੈਠ ਗਿਆ।

ਜਦ ਗੱਡੀ ਅੰਮ੍ਰਿਤਸਰ ਸਟੇਸ਼ਨ ਅੱਪੜੀ ਉਂਝ ਤਾਂ ਉਨ੍ਹਾਂ ਦਾ ਸਫ਼ਰ ਵੀ ਮੁਕ ਗਿਆ ਸੀ ਪਰ ਹੋਟਲ ਪ੍ਰਬੰਧਕ ਨੇ ਗਾਰਡ ਨੂੰ ਸੱਦਿਆ। ਗਾਰਡ ਨੇ ਅੱਗੋਂ ਮੁੰਡਿਆਂ ਨੂੰ ਸਮਝਾਇਆ। ਹੋਟਲ ਵਾਲਾ ਆਖੇ ਮੇਰੀ ਜਾਨ ਛਡਾਓ ਮੈਂ ਪੈਸਿਆਂ ਤੋਂ ਬਾਜ ਆਇਆ ਤੇ ਮੁੰਡੇ ਆਖਣ ਪੈਸੇ ਅਸਾਂ ਜ਼ਰੂਰ ਦੇਣੇ ਹਨ ਤੇ ਦੇਣੇ ਵੀ ਥੋੜੇ ਨਹੀਂ ਬਾਰਾਂ ਆਨੇ ਦੇਣੇ ਹਨ, ਪਰ ਸਾਨੂੰ ਰੋਟੀ ਤਾਂ ਖੁਆਓ। ਗੱਲ ਕੀ ਕੁਝ ਭਲੇ ਮਾਣਸਾਂ ਨੇ ਮੁੰਡਿਆਂ ਨੂੰ ਪਲੋਸ ਕੇ ਬਾਹਰ ਕੱਢਿਆ ਤੇ ਹੋਟਲ ਵਾਲੇ ਵਿਚਾਰੇ ਦੀ ਜਿੰਦ ਛੁੱਟੀ ਤੇ ਚਲਦੇ ਹੋਟਲ ਦਾ ਕਿੱਸਾ ਖ਼ਤਮ ਹੋਇਆ।

—o—

ਇਕੱਲੀ ਸਵਾਰੀ

ਤਾਂਗਾ ਵਾਹੁਣਾ ਬਦਨਾਮ ਬੜਾ ਹੈ ਪਰ ਕਿੱਤਾ ਚੰਗਾ ਸੁਆਦਲਾ ਰੌਣਕ ਵਾਲਾ ਹਰ ਰੋਜ਼ ਦੇ ਮੇਲੇ ਵਰਗਾ ਹੈ। ਅੱਡੇ ਉੱਤੇ ਜਦ ਜਾਓ ਮੇਲਾ ਲਗਿਆ ਹੁੰਦਾ ਹੈ, ਕੋਈ ਆਉਣ ਵਾਲੇ ਕੋਈ ਜਾਣ ਵਾਲੇ, ਕਿਧਰੇ ਘੋੜਿਆਂ ਨੂੰ ਵਾਹ ਕੇ ਨਾਲ ਲਗ ਰਹੇ ਹਨ, ਕਿਧਰੇ ਘਾਹ ਖੋਤ ਕੇ ਲਿਆਉਣ ਵਾਲੀਆਂ ਨਾਲ ਸੌਦੇ ਹੋ ਰਹੇ ਹਨ। ਘੋੜਿਆਂ ਦਾ ਨਿਹਾਰੀ ਖਾਣਾ, ਤਾਂਗਿਆਂ ਦੇ ਸਾਜ ਲਿਸ਼ਕਦੇ, ਕੋਲ ਘੋੜੇ ਊਂਘਦੇ, ਮੋਚੀ ਵਾਗਾਂ ਤੇ ਹੋਰ ਸਾਮਾਨ ਦੀ ਗੰਢ ਤੁਪ ਵਿਚ ਰੁਝੇ ਹੋਏ, ਮਾਲਕ ਬੈਠੇ ਚੌਪੜਾਂ ਤੇ ਤਾਸ਼ਾਂ ਖੇਲ ਰਹੇ ਤੇ ਦੁਕਾਨਾਂ ਵਾਲੇ ਚਾਹਾਂ ਦੇ ਬਾਟੇ ਭਰ ਭਰ ਫੜਾ ਰਹੇ। ਦਿਨ ਢਲਣ ਲਗਿਆਂ ਤਿਆਰੀ ਹੋ ਜਾਵੇਗੀ ਤੇ ਆਵਾਜ਼ ਇਹੋ ਆਵੇਗੀ 'ਇਕੱਲੀ ਸਵਾਰੀ' ਕੋਈ ਆਖੇ ਇਨ੍ਹਾਂ ਇਕੱਲੀ ਸਵਾਰੀ ਤੋਂ ਵਧ ਕਦੇ ਬਹਾਲੀ ਹੀ ਨਹੀਂ। ਐਵੇਂ ਨਹੀਂ ਲੋਕੀ ਤਾਂਗੇ ਵਾਲਿਆਂ ਨੂੰ ਛਟੇ ਹੋਏ ਆਖਦੇ। ਤਾਂਗੇ ਵਾਲੇ ਨੇ ਟੱਬਰ ਤਾਂ ਸਾਰੀ ਦੁਨੀਆਂ ਵਾਂਗ ਹੀ ਪਾਲਣਾ ਹੁੰਦਾ ਹੈ ਪਰ ਮੇਹਨਤ ਤੋਂ ਛੁਟ ਇਸ ਨੂੰ ਸਾਰੀ ਖ਼ੁਦਾਈ ਦਾ ਚੂਹੇਰਗੜ੍ਹੀਆ ਬਣਨਾ ਪੈਂਦਾ ਹੈ। ਘੋੜੇ ਦੀ ਪਛਾਣ, ਭੈੜੇ ਘੋੜੇ ਨੂੰ ਜੇ ਮੁੱਲ ਲੈ ਬੈਠੇ ਉਸ ਨੂੰ ਚਾਲੇ ਪਾ ਕੇ ਚੰਗਾ ਕਰਕੇ ਵਿਖਾਲਣਾ ਤੇ ਵੇਚ ਦੇਣਾ, ਗਰਮੀ ਸਰਦੀ ਵਿਚ ਉਸ ਦੀ ਸੰਭਾਲ ਕਰਨੀ, ਸੋਚ ਸਮਝ ਕੇ ਸਮੇਂ ਰੁਤ ਤੇ ਥਾਂ ਅਨੁਸਾਰ ਉਸ ਤੋਂ ਕੰਮ ਲੈਣਾ ਏਹ ਗੁਣ ਜਿਸ ਤਾਂਗੇ ਵਾਲੇ ਵਿਚ ਨਹੀਂ ਉਹ ਕਦੇ ਅਸਲੀ ਤਾਂਗੇ ਵਾਲਾ ਨਹੀਂ ਅਖਵਾ ਸਕਦਾ। ਪਰ ਏਸ ਵਡੇ ਗੁਣ ਤੋਂ ਛੁਟ ਉਸ ਵਿਚ ਸਾਰਿਆਂ ਨਾਲ ਵਰਤਣ ਦਾ ਢੰਗ ਜ਼ਰੂਰੀ ਹੈ। ਸ਼ਹਿਰੀ ਤਾਂਗੇ ਵਾਲਿਆਂ

ਦੀ ਗਲ ਨਹੀਂ ਜਿਨ੍ਹਾਂ ਦਾ ਕੰਮ ਕੁੱਲ ਕੋਚਵਾਨੀ ਹੈ, ਤਾਂਗੇ ਦਾ ਮਾਲਕ ਕੋਈ ਹੋਰ ਆਪ ਕੇਵਲ ਵਾਹ ਛਡਣਾ ਤੇ ਮਾਲਕ ਨੂੰ ਪੈਸੇ ਕਮਾ ਕੇ ਅਧ ਪਚਧ ਲਿਆ ਦੇਣੇ, ਨਾਲੇ ਸ਼ਹਿਰ ਵਿਚ ਤਾਂਗਾ ਵਾਹੁਣਾ ਕੋਈ ਵਡਾ ਮੁਸ਼ਕਲ ਕਮ ਨਹੀਂ। ਵਡੇ ਸ਼ਹਿਰ ਵਿਚ ਤਾਂਗਾ ਚਲਾਣਾ ਜ਼ਰੂਰ ਉਸਤਾਦੀ ਚੁਸਤੀ ਤੇ ਕੰਨ ਖੜੇ ਰਖਣ ਵਾਲੀ ਗਲ ਹੈ ਪਰ ਆਮ ਸ਼ਹਿਰਾਂ ਵਿਚ ਮਾਮੂਲੀ ਦੇਖ ਭਾਲ ਦਾ ਕੰਮ ਹੈ ਜੋ ਹਰ ਇਕ ਸਮਝਦਾਰ ਆਦਮੀ ਨੂੰ ਆਉਂਦਾ ਹੈ। ਨਾ ਅਸੀਂ ਉਨ੍ਹਾਂ ਅਮੀਰੀ ਤਾਂਗਿਆਂ ਦੇ ਕੋਚਵਾਨਾਂ ਦੀ ਗਲ ਕਰ ਰਹੇ ਹਾਂ ਜਿਨ੍ਹਾਂ ਨੇ ਸਾਰੇ ਦਿਨ ਵਿਚ ਇਕ ਅਧੀ ਵੇਰ ਲਾਲਾ ਜੀ ਨੂੰ ਮੰਡੀ ਵਿਚ ਪੁਚਾ ਕੇ ਤੇ ਸ਼ਾਮ ਨੂੰ ਸੇਠਾਣੀ ਨੂੰ ਹਵਾ ਖੁਆ ਕੇ ਬਾਕੀ ਦਾ ਦਿਨ ਪੱਕੇ ਚੂਨੇ ਗੱਚ ਤਵੇਲੇ ਵਿਚ ਮੌਜ ਨਾਲ ਹੁੱਕੇ ਦਾ ਦਮ ਲਾਈ ਜਾਣਾ ਹੈ; ਜਾਂ ਤਾਂਗੇ ਦੇ ਪਿੱਤਲ ਨੂੰ ਘਸਾ ਛਡਿਆ ਤੇ ਘਾਹ ਮੁਲ ਲੈ ਕੇ ਘੋੜੇ ਨੂੰ ਪਾ ਛਡਿਆ।

ਅਸੀਂ ਉਨ੍ਹਾਂ ਤਾਂਗੇ ਵਾਲਿਆਂ ਦੀ ਗਲ ਕਰਦੇ ਹਾਂ ਜੋ ਦੇਸ਼ ਦੀ ਪੇਂਡੂ ਵਸੋਂ ਨੂੰ ਢੋ ਕੇ ਕਚਿਹਰੀਆਂ, ਥਾਣਿਆਂ, ਤਸੀਲਾਂ ਮੰਡੀਆਂ ਵਿਚ ਸੁਟਦੇ ਹਨ, ਜੋ ਮੇਲਿਆਂ ਦੇ ਅਸਲੀ ਰਚਣ ਵਾਲੇ ਹਨ ਤੇ ਪੰਦਰਾਂ ਵੀਹ ਮੀਲ ਜਾਣਾ ਤੇ ਉਨੇ ਹੀ ਮੁੜ ਕੇ ਆਉਣਾ ਹਰ ਰੋਜ਼ ਦੀ ਜਿਨ੍ਹਾਂ ਦੀ ਕਾਰ ਹੈ। ਜੋ ਸਾਡੀਆਂ ਲੰਮੀਆਂ ਸੜਕਾਂ ਦੀ ਰੋਣਕ ਹਨ ਤੇ ਜਿਨ੍ਹਾਂ ਬਿਨਾਂ ਸਰਕਾਰ ਭਾਵੇਂ ਟਿੱਲ ਲਾਵੇ ਦੇਸ਼ ਦੀ ਮੁਸਾਫ਼ਰੀ ਆਵਾ-ਜਾਈ ਦਾ ਪ੍ਰਬੰਧ ਉਸ ਮੌਜ ਤੇ ਢੁਕਵੇਂ ਤਰੀਕੇ ਨਾਲ ਨਹੀਂ ਕਰ ਸਕਦੀ ਜਿਸ ਨਾਲ ਪਿੰਡਾਂ ਦੇ ਤਾਂਗੇ ਵਾਲੇ ਕਰਦੇ ਹਨ।

ਤਾਂਗੇ ਵਾਲੇ ਨੂੰ ਚੰਗੇ ਮਾੜੇ ਸਿੱਧੇ ਕੁਸਿਧੇ ਉਚੇ ਨੀਵੇਂ ਹਰ ਕਿਸਮ ਦੇ ਤੀਵੀਂ ਮਰਦ ਨਾਲ ਵਾਹ ਪੈਂਦਾ ਹੈ। ਇਸ ਕਰਕੇ ਉਸ ਨੂੰ ਖਾਸਾ (ਡਿਪਲੋਮੈਟ) ਚਾਲਬਾਜ਼ ਹੋਣਾ ਪੈਂਦਾ ਹੈ। ਜਿੱਦਨ ਸਵਾਰੀਆਂ ਦੀ ਆਵਾ ਜਾਈ ਵਧ ਹੋਵੇ ਉਸ ਦਿਨ ਦੀ ਭੀੜ ਤੋਂ ਫ਼ਾਇਦਾ ਉਠਾਣਾ ਮਮੂਲੀ ਵਿਵਹਾਰਕ ਚਾਲ ਹੈ ਜੋ ਸਾਡੇ ਦੇਸ਼ ਦੇ ਦੁਕਾਨਦਾਰਾਂ ਵਿਚ ਆਮ ਹੈ ਬਾਜ਼ਾਰ ਦੇ ਤੇਜ਼ੀ ਮੰਦੇ ਤੋਂ ਜਾਣੂ ਹੋਣਾ ਜ਼ਰੂਰੀ ਹੈ। ਜੇ ਸ਼ਰਾਬੀਆਂ ਨੂੰ ਲੱਦ ਬੈਠੇ ਉਨ੍ਹਾਂ ਨੂੰ ਘੋੜੇ ਦੀ ਲੱਤ ਬਾਹ ਬਚਾ ਕੇ ਤੇ ਆਪ ਸੋਫ਼ੀ ਰਹਿ ਕੇ ਘਰ ਪੁਚਾਣਾ ਜ਼ਰੂਰੀ ਹੋ ਜਾਂਦਾ ਹੈ। ਜੇ ਤਾਂਗਾ ਘੋੜਾ ਚੰਗਾ ਹੋਵੇ ਪੁਲਸੀਏ ਤੇ ਤਸੀਲ ਵਾਲੇ ਹੀ ਖਹਿੜਾ ਨਹੀਂ ਛਡਦੇ ਤੇ ਜੇ ਉਨ੍ਹਾਂ ਦੇ ਟੋਟੇ

ਚੜ੍ਹ ਜਾਵੇ ਵਡੀ ਵਿਚਾਰ ਇਹ ਹੁੰਦੀ ਹੈ ਕਿ ਪੈਸੇ ਕੌਣ ਦੇਊ। ਥਾਣੇਦਾਰ ਸਾਹਿਬ ਤਾਂ ਪੈਸੇ ਦੇਣਾ ਜਾਣਦੇ ਹੀ ਨਹੀਂ, ਤਾਂਗੇ ਵਾਲਾ ਕਿਥੋਂ ਤੇ ਕਿਕੂੰ ਲਵੇ। ਅੱਡੇ ਵਿਚੋਂ ਤੇ ਪਿੰਡੋਂ ਹਰ ਰੋਜ਼ ਤਾਂਗੇ ਵਾਲੇ ਨੂੰ ਭਾਂਤ ਭਾਂਤ ਦੇ ਮਨੁਖ ਸਫੇਦ ਪੋਸ਼ ਤੇ ਮਲੀਨ, ਸਰਦਾਰ ਤੇ ਗ਼ਰੀਬ, ਦਰਿਆ ਦਿਲ ਦੇ ਮੱਖੀ ਚੂਸ, ਨੰਬਰਦਾਰ ਤੇ ਬਿਸਵੇਦਾਰ, ਹਲਕੇ ਫੁਲਕੇ ਹਥ ਵਿਚ ਪੱਖੀ ਵਾਲੇ ਤੇ ਸਿਰ ਉਤੇ ਬੋਰੀ ਬਿਨਾਂ ਕਦੇ ਨਾਂ ਟੁਰਨ ਵਾਲੇ, ਕਾਹਲੇ ਤੇ ਮੌਜ ਨਾਲ ਜਾਣ ਵਾਲੇ ਮਿਲਦੇ ਹਨ ਸਾਰੇ ਉਸਦੇ ਗਾਹਕ ਹਨ ਤੇ ਸਾਰਿਆਂ ਪੈਸੇ ਉੱਨੇ ਹੀ ਦੇਣੇ ਹਨ ਤਾਂ ਤੇ ਉਹ ਕਿਸ ਨੂੰ ਖੁਸ਼ ਕਰੇ ਕਿਸ ਨੂੰ ਨਾਰਾਜ਼ ਕਰੇ। ਉਸ ਨੂੰ ਇਹ ਪਤਾ ਹੈ ਜੇ ਕਿਤੇ ਸੜਕੇ ਤੁਰੇ ਜਾਂਦੇ ਪਿੰਡ ਦੇ ਚੌਧਰੀ ਨੂੰ ਉਸਨੇ ਨਾਂਹ ਕਰ ਦਿਤੀ ਸਾਰੀ ਉਮਰ ਦਾ ਵੈਰ ਗਲੋਂ ਨਹੀਂ ਲਹਿਣਾ ਤੇ ਜੇ ਕਿਸੇ ਪੁਲਸੀਏ ਸਿਪਾਹੀ ਨੂੰ ਮੁਫ਼ਤ ਨਾ ਦੋ ਚਾਰ ਮੀਲ ਲੱਦ ਕੇ ਲੈ ਗਿਆ ਉਸ ਦਾ ਚਾਲਾਨ ਬੰਨੇ ਤੇ ਪਿਆ ਹੈ। ਪਿੰਡ ਦੇ ਮੁਕਦਮੇ ਵਿਚ ਜੇ ਕਦੇ ਉਹ ਗ਼ਰੀਬ ਇਕ ਪਾਸੇ ਵਾਲਿਆਂ ਨੂੰ ਲੱਦ ਲਵੇ ਦੂਜਾ ਫ਼ਰੀਕ ਉਸ ਨੂੰ ਬਿਨਾਂ ਪੁਛੇ ਹੀ ਆਪਣਾ ਵਿਰੋਧੀ ਸਮਝ ਲੈਂਦਾ ਹੈ। ਇਨ੍ਹਾਂ ਸਾਰੀਆਂ ਗੱਲਾਂ ਦਾ ਸਾਹਮਣਾ ਕਰਨਾ, ਹਰ ਰੋਜ਼ ਤੇ ਆਪਣੇ ਤਾਂਗੇ ਘੋੜੇ ਦੀ ਜਾਨਦਾਰ ਤੇ ਬੇਜਾਨ ਮਸ਼ੀਨ ਨੂੰ ਪੰਜਾਬ ਦੇ ਕਾਣੇ ਪੌਣ ਪਾਣੀ ਵਿਚ ਚਾਲੂ ਰਖਣਾ, ਨਿਤ ਨਵੇਂ ਸੂਰਜ ਆਪ ਮੁਸਾਫ਼ਰੀ ਕੱਟਣ ਤੇ ਦੂਜਿਆਂ ਨੂੰ ਮੁਸਾਫ਼ਰੀ ਭਲੀ ਭਾਂਤ ਹੱਡ ਪੈਰ ਸਾਬਤ ਰਖ ਕੇ ਕਟੌਣ ਲਈ ਤਿਆਰ ਰਹਿਣਾ, ਏਨਾਂ ਕੁਛ ਤਾਂਗੇ ਵਾਲੇ ਦੇ ਸਿਰ ਹੈ ਤੇ ਭਲਾ ਤਾਂਗੇ ਵਾਲਾ ਛਟਿਆ ਹੋਇਆ ਕਿਵੇਂ ਨਾ ਹੋਵੇ, ਭਲਮਣਸਊ ਨੂੰ ਏਸ ਕਿੱਤੇ ਵਿਚ ਥਾਂ ਹੀ ਕਿਥੇ ਹੈ।

ਅੱਜ ਮਸ਼ੀਨਾਂ ਦੇ ਜ਼ਮਾਨੇ ਵਿਚ ਤਾਂਗਾ ਜ਼ਰਾ ਪਿੱਛੇ ਪੈ ਗਿਆ ਹੈ। ਲੋਕੀਂ ਰੇਲਾਂ ਬਸਾਂ ਤੇ ਮੋਟਰਾਂ ਦੇ ਗਾਹਕ ਬਣ ਗਏ ਹਨ ਪਰ ਤਾਂਗਾ ਵਿਚਾਰਾ ਅਜੇ ਭੀ ਸਾਨੂੰ ਸਾਡੀ ਸੱਭਿਅਤਾ ਦੇ ਮੁੱਢ ਤੇ ਸੀਲ ਸੁਭਾਵਕ ਸਰਲ ਜੀਵਨ ਦੀ ਯਾਦ ਦਿਵਾਉਣ ਲਈ ਕੋਈ ਕੋਈ ਹੈ। ਕੀ ਹੋਇਆ ਜੇ ਅੱਜ ਨਵੇਂ ਉੱਠੇ ਟ੍ਰਾਂਸਪੋਰਟ ਦੇ ਵੱਡੇ ਨਾਊਂ ਵਾਲੇ ਵਿਦੇਸ਼ੀ ਸਰਮਾਏਦਾਰਾਂ ਦੇ ਢਿੱਡ ਭਰਕੇ ਦੁਆਨੀ ਸੇਰ ਵਾਲੇ ਲੋਹੇ ਦਾ ਮੁੱਲ ਦਸ ਵੀਹ ਗੁਣਾ ਦੇ ਕੇ ਸਾਡੇ ਕੋਲ ਦੀ ਸ਼ੂ ਦੇ ਕੇ ਲੰਘ ਜਾਂਦੇ ਹਨ ਖਰ ਅਸਲੀ ਸਾਡਾ ਕੌਮੀ ਟ੍ਰਾਂਸਪੋਰਟ ਤਾਂ ਏਹੋ ਤਾਂਗਾ ਹੈ ਜਿਸ ਨੇ ਸਦੀਆਂ ਤੋਂ

ਸਾਡਾ ਸਾਥ ਦਿੱਤਾ ਹੈ। ਅਮਰੀਕਾ ਤੋਂ ਜੇ ਕੋਈ ਹਿੰਦੁਸਤਾਨੀਆਂ ਦੀ ਆਵਾ ਜਾਈ ਦੀਆਂ ਸਵਾਰੀਆਂ ਦੀ ਪੜਚੋਲ ਕਰਨ ਆਵੇ ਤਾਂ ਉਹ ਵੇਖੇਗਾ ਕਿ ਰੇਲ ਅੰਗਰੇਜ਼ਾਂ ਆਂਦੀ, ਮੋਟਰਾਂ ਅਮਰੀਕਾ ਤੋਂ ਆ ਗਈਆਂ ਕੀ ਇਸ ਤੋਂ ਪਹਿਲਾਂ ਹਿੰਦੁਸਤਾਨੀਆਂ ਕੋਲ ਕੁਛ ਨਹੀਂ ਸੀ। ਕਿਧਰ ਗਈਆਂ ਉਹ ਟਮਟਮਾਂ ਬੱਘੀਆਂ ਚੋਕੜੀਆਂ ਤੇ ਫਿਟਨਾਂ ਜਿਨ੍ਹਾਂ ਨੂੰ ਦਸ ਦਸ ਹਜ਼ਾਰ ਦੇ ਘੋੜੇ ਜੁੜਿਆ ਕਰਦੇ ਸਨ ? ਕਿੱਥੇ ਹਨ ਉਹ ਸ਼ਿਕਰਮਾਂ ਤੇ ਤਾਂਗੇ ਜਿਨ੍ਹਾਂ ਰਾਹੀਂ ਈਸਟ ਇੰਡੀਆ ਕੰਪਨੀ ਦੇ ਵੇਲੇ ਸਾਰੀ ਡਾਕ ਤੇ ਜ਼ਰੂਰੀ ਸਰਕਾਰੀ ਹੁਕਮ ਥਾਂ ਥਾਂ ਪੁਚਾਏ ਜਾਂਦੇ ਸੀ। ਵਾਇਸਰਾਇ ਤੇ ਗਵਰਨਰ ਜਨਰਲ ਦੇ ਜਲੂਸ ਹਾਲਾ ਤੀਕ ਕੁਮੈਤਾਂ ਦੀ ਚੋਕੜੀ ਵਾਲੀ ਬੱਘੀ ਵਿਚ ਕੱਢੇ ਜਾਂਦੇ ਰਹੇ ਹਨ। ਕਲਕੱਤੇ ਤੋਂ ਪਿਸ਼ਾਵਰ ਤੀਕ ਜਾਣ ਵਾਲੀ ਸ਼ਾਹੀ ਸੜਕ ਉੱਤੇ-ਜਿਸ ਨੂੰ ਪੱਕੀ ਕਰਕੇ ਹੁਣ ਗਰੈਂਡ ਟਰੰਕ ਰੋਡ ਨਾਉਂ ਰੱਖ ਲਿਆ ਹੈ।' ਹਿੰਦੁਸਤਾਨੀ ਘੋੜੇ ਹੀ ਸਨ ਜੋ ਮੁਸਾਫਰਾਂ ਨੂੰ ਪੜਾਓ ਪੜਾਓ ਖਿੱਚ ਕੇ ਲੈ ਜਾਂਦੇ ਸਨ। ਸ਼ਿਮਲੇ ਮਸੂਰੀ ਤੇ ਮਿਸਿਆੜੀ ਦੀਆਂ ਘਾਟੀਆਂ ਉੱਤੇ ਸਾਡਾ ਤਾਂਗੇ ਵਾਲਾ ਹੀ ਬੋਲੀ ਖਿੱਚ ਧੂਹ ਕੇ ਲਿਜਾਇਆ ਕਰਦਾ ਸੀ। ਰਾਵਲ ਪਿੰਡੀ ਤੋਂ ਕਸ਼ਮੀਰ ਨੂੰ ਅੜੁਖੇ ਰਾਹੀਂ ਤੇ ਝਨਾਂ ਦੇ ਕੰਢੇ ਤਾਂਗੇ ਬੱਘੀਆਂ ਹੀ ਚੱਲਿਆ ਕਰਦੀਆਂ ਸਨ। ਕਿੱਥੇ ਹੈ ਉਨ੍ਹਾਂ ਜਾਨ ਹੂਲਣ ਵਾਲੇ ਤਾਂਗੇ-ਵਾਹੂਆਂ ਦਾ ਇਤਿਹਾਸ ਜੋ ਉਨ੍ਹਾਂ ਦੇ ਜੀਵਨ ਦੀ ਤਸਵੀਰ; ਕਚੇ ਰਾਹਾਂ ਵਿਚ ਘੋੜਿਆਂ ਨੂੰ ਕਦਮ ਕਦਮ ਪੁਚਕਾਰ ਪੁਚਕਾਰ ਕੇ ਟੋਰਨ, ਲੂਹਦੀਆਂ ਲੋਆਂ ਅੰਨ੍ਹੇ ਕਰਨੀਆਂ ਹਨੇਰੀਆਂ ਵਿਚ ਮੰਜ਼ਲਾਂ ਉੱਤੇ ਅਪੜਾਉਣ ਦੀਆਂ ਖਿੱਚ ਕੇ ਦੱਸੋ ਜਦ ਰੇਲ ਤੇ ਮੋਟਰਾਂ ਦਾ ਨਾਉਂ ਨਿਸ਼ਾਨ ਨਹੀਂ ਸੀ।

ਅਜ ਦਾ ਤਾਂਗਾ ਕਈ ਸ਼ਕਲਾਂ ਵਿਚੀਂ ਹੋ ਕੇ ਵਰਤਮਾਨ ਸ਼ਕਲ ਧਾਰਨ ਕਰ ਰਿਹਾ ਹੈ। ਅਧੀ ਕੁ ਸਦੀ ਪਹਿਲਾਂ ਜਦ ਲਿਖਾਰੀ ਲੁਧਿਆਣੇ ਸਕੂਲ ਜਾਂਦਾ ਹੁੰਦਾ ਸੀ ਕਰਾਏ ਦੀਆਂ ਦੋ ਸਵਾਰੀਆਂ ਹੁੰਦੀਆਂ ਸਨ ਇਕ ਯਕਾ ਤੇ ਦੂਜੀ ਚੋਪਹੀਆ ਸ਼ਿਕਰਮ। ਯੱਕਾ ਸ਼ਾਇਦ ਸ਼ਬਦ ਇਕੇ ਤੋਂ ਵਿਗੜ ਕੇ ਬਣਿਆ ਹੈ ਇਕ ਘੋੜੇ ਵਾਲਾ। ਦੋ ਪਹੀਆਂ ਦੇ ਧੁਰੇ ਉਤੇ ਦੋ ਬਾਂਸ ਜੋੜੇ ਹੁੰਦੇ ਸਨ, ਬਿਨਾਂ ਕਿਸੇ ਕਮਾਨੀ ਤੋਂ, ਬਾਂਸਾਂ ਦਾ ਅਗਲਾ ਹਿਸਾ ਜਿਥੇ ਘੋੜਾ ਜੁੜਦਾ ਸੀ ਚੌੜਾ ਤੇ ਪਿਛਲਾ ਤੰਗ। ਉਚੀ ਕਰਕੇ ਇਕ ਪੀੜ੍ਹ ਧਰੀ ਹੋਈ ਹੁੰਦੀ ਸੀ ਜਿਸ ਦੇ ਸਾਹਮਣੇ

ਤੇ ਸੱਜੇ ਖੱਬੇ ਫੱਟ ਹੁੰਦੇ ਸਨ, ਪਾਸੇ ਦੇ ਫੱਟਾਂ ਨੂੰ ਕੰਨ ਆਖਿਆ ਕਰਦੇ ਸਨ। ਰੱਸੀਆਂ ਦੀ ਬੁਣੀ ਹੋਈ ਪੀੜ੍ਹੀ ਦੇ ਉੱਤੇ ਚਾਰ ਡੰਡਿਆਂ ਦੇ ਉੱਤੇ ਧਰੀ ਹੋਈ ਇਕ ਛਤਰੀ ਹੁੰਦੀ ਸੀ। ਮਸਾਂ ਤਿੰਨ ਸਵਾਰੀਆਂ ਪਿੱਠਾਂ ਜੋੜ ਕੇ ਬੈਠ ਸਕਦੀਆਂ ਸਨ ਤੇ ਚੌਥਾ ਆਪ ਯੱਕੇ ਵਾਲਾ। ਪੀੜ੍ਹੀ ਦੇ ਹੇਠ ਚੌਰਸ ਜੇਹੀ ਥਾਂ ਸਮਾਨ ਰਖਣ ਲਈ ਸੀ। ਲੁਧਿਆਣੇ ਤੋਂ ਨੌਂ ਦਸ ਮੀਲ ਪੈਂਡੇ ਦੇ ਪੰਜ ਪੈਸੇ ਕਰਾਇਆ ਹੁੰਦਾ ਸੀ, ਜਿਦਣ ਤੇਜ਼ੀ ਹੋ ਜਾਵੇ ਤਾਂ ਛੇ ਪੈਸੇ। ਏਹ ਯਕਾ ਪੰਡਤ ਜੀ ਦੀ ਬੈਲਾਂ ਵਾਲੀ ਬਹਿਲੀ ਤੋਂ ਵਿਗੜ ਕੇ ਜਾਂ ਆਖੋ ਸੁਧਰ ਕੇ ਘੋੜੇ ਲਈ ਬਣਾਇਆ ਜਾਪਦਾ ਸੀ ਕੁਛ ਸਾਲ ਪਿੱਛੋਂ ਅੰਮ੍ਰਿਤਸਰ ਲਾਹੌਰ ਦਾ ਪਰਵਾਹ ਵਗ ਪਿਆ। ਲੋਕੀਂ ਬੰਬੂ ਕਾਟ ਬਣਾਉਣ ਲਗ ਪਏ ਜੋ ਅਜੇ ਵੀ ਚਲਦੇ ਹਨ। ਬੰਬੂ ਕਾਰਟਾਂ ਵਿਚ ਦੋ ਸੁਧਰਾਈਆਂ ਸਨ, ਇਕ ਚੌਰਸ ਖੁਰਲੀ ਬੈਠਣ ਨੂੰ ਥਾਂ ਚੋਖਾ ਬਣ ਗਿਆ, ਤੇ ਦੂਜੇ ਕਮਾਣੀਆਂ ਕਰਕੇ ਹਿਲੋਰਿਆਂ ਨਾਲ ਪਾਸੇ ਰਗੜਨੋਂ ਬਚ ਗਏ ਜੋ ਯੱਕੇ ਨਾਲ ਹੋਇਆ ਕਰਦੇ ਸੀ। ਬੰਬੂ ਕਾਰਟਾਂ ਤੋਂ ਕਮਾਣੀਦਾਰ ਤਾਂਗੇ ਨਿਕਲ ਪਏ; ਜਾਲੰਧਰੀ ਤੇ ਪਿਸ਼ੌਰੀ ਤੇ ਰਈਸੀ ਤਾਂਗੇ। ਸ਼ਿਕਰਮਾਂ ਚਾਰ ਪਹੀਆਂ ਉੱਤੇ ਬਕਸਾ ਬਣਾ ਕੇ ਧਰ ਦੇਣ ਨਾਲ ਬਣ ਜਾਂਦੀਆਂ ਸਨ, ਦੋ ਘੋੜੇ ਜੁੜਦੇ ਸਨ। ਮਲੂਮ ਹੁੰਦਾ ਹੈ ਕਿ ਅੰਗਰੇਜ਼ਾਂ ਨੇ ਆਪਣੇ ਵਲੈਤੀ ਕੋਚ ਦੇ ਨਮੂਨੇ ਤੇ ਡਾਕ ਦਾ ਕੰਮ ਦੇਣ ਲਈ ਬਣਾਈਆਂ ਸਨ। ਅਜ ਕਲ ਏਨ੍ਹਾਂ ਦਾ ਰਵਾਜ ਨਹੀਂ ਰਿਹਾ।

ਬੰਬੂ ਕਾਰਟ ਤੇ ਤਾਂਗੇ ਹੁਣ ਟਕਸਾਲੀ ਸਵਾਰੀਆਂ ਬਣ ਗਈਆਂ ਹਨ। ਏਨ੍ਹਾਂ ਨੂੰ ਮੈਦਾਨੋਂ ਕਢਣ ਲਈ ਲਾਰੀਆਂ ਤੇ ਬਸਾਂ ਪੂਰਾ ਜ਼ੋਰ ਲਾ ਰਹੀਆਂ ਹਨ। ਜਾਪਦਾ ਏਹ ਹੈ ਕਿ ਜਦ ਤੀਕ ਘਰ ਦੀ ਸਵਾਰੀ ਰਖਣ ਵਾਲੇ ਲੋਕ ਹਨ ਤੇ ਲਾਰੀਆਂ ਸਸਤੀਆਂ ਤੇ ਥਾਂ ਥਾਂ ਖਲੋਣ ਵਾਲੀਆਂ ਨਹੀਂ ਚਲਦੀਆਂ ਉਦੋਂ ਤਕ ਤਾਂਗੇ ਚਲਦੇ ਰਹਿਣਗੇ। ਲਾਰੀਆਂ ਨੇ ਮੁਸਾਫ਼ਰਾਂ ਨੂੰ ਸਮਾਂ ਬਚਾਊ ਬਾਣ ਤਾਂ ਜ਼ਰੂਰ ਪਾ ਦਿੱਤੀ ਹੈ ਪਰ ਛੋਟੇ ਨਿਤਪ੍ਰਤ ਵਾਲੇ ਸਫ਼ਰਾਂ ਦਾ ਉਹ ਕੰਮ ਤੇ ਸੁਹਜ ਜੇਹਾ ਨਹੀਂ ਰਹਿ ਗਿਆ ਜੋ ਤਾਂਗਿਆਂ ਨਾਲ ਸੰਬੰਧਤ ਸੀ। ਲਾਰੀਆਂ ਤੇ ਤਾਂਗਿਆਂ ਦਾ ਉਹੀ ਮੁਕਾਬਲਾ ਹੈ ਜੋ ਹਫੇ ਹੋਏ ਭਜੇ ਜਾਂਦੇ ਝੱਗ ਛਡਦੇ ਪਾਂਧੀ ਦਾ ਸਹਿਜ ਤੇ ਮੌਜ ਨਾਲ ਤੁਰੇ ਜਾਂਦੇ ਚੁਟਕੀ ਬਜਾਉਂਦੇ ਰਾਹੀ ਦਾ। ਤਾਂਗੇ ਦੀ ਚੜ੍ਹੀ ਵਾਲੇ ਵੇਲਿਆਂ ਵਿਚ ਤਾਂਗੇ ਤੇ ਤਾਂਗਿਆਂ ਵਾਲੇ ਰੰਗਾਂ ਵਿਚ ਹੁੰਦੇ ਸੀ। ਅੱਡੇ ਵਿਚ ਪੰਜ ਸਤ

ਤਾਂਗੇ ਜ਼ਰੂਰ ਦਰਸ਼ਨੀ ਹੁੰਦੇ ਸਨ। ਪੰਜ ਛੇ ਸੌ ਦੀ ਘੋੜੀ, ਚਿਲਕਦਾ ਕਾਨਪੁਰੀ ਸਾਜ, ਘੋੜੀ ਦੇ ਸਿਰ ਉੱਤੇ ਰੰਗੀਨ ਰੰਗਾਂ ਦਾ ਫੂੰਗਾ, ਘੋੜੀ ਅਸੀਲ ਐਸੀ ਕਿ ਅੱਡੇ ਵਿਚ ਭਾਵੇਂ ਢਿੱਲੀ ਲਗਾਮ, ਬਿਨਾ ਆਦਮੀ, ਮੌਜ ਨਾਲ ਖਲੋਤੀ ਰਹੇ ਪਰ ਜਦ ਸਵਾਰੀਆਂ ਹੋ ਜਾਣ ਧਰਤੀ ਪੱਟ ਸੁੱਟੇ। ਤਾਂਗਾ ਰੰਗੀਲ, ਗੱਦੀਆਂ ਉੱਤੇ ਉਛਾੜ ਪਹੀਆਂ ਨੂੰ ਰਬੜਾਂ, ਕੀ ਮਜਾਲ ਕਿਤੇ ਮਾਸਾ ਭਰ ਰੜਕ ਹੋਵੇ ਯਾ ਖੜਾਕ। ਜਦ ਸੜਕ ਉੱਤੇ ਸਵਾਰੀਆਂ ਲੱਦ ਕੇ ਜਾਣ, ਜੀ ਕਰੇ ਲਾਰੇ ਨਾਲ ਰੇਲੇ ਹੋਏ ਇਕ ਦੂਜੇ ਦੇ ਮਗਰ ਤੁਰੇ ਜਾਣ ਕੁਛ ਨਾ ਪਤਾ ਲੱਗੇ ਕੇਹੜਾ ਤਿੱਖਾ ਤੇ ਕੇਹੜਾ ਮੱਠਾ ਹੈ। ਪਰ ਜ਼ਰਾ ਕੁ ਇਸ਼ਾਰੇ ਤੋਂ ਸਾਰਿਆਂ ਨੂੰ ਪਿੱਛੇ ਛੱਡ ਕੇ ਹਵਾ ਹੋ ਜਾਣ। ਕੁਝ ਚਿਰ ਤੋਂ ਤਾਂਗਿਆਂ ਦੀਆਂ ਦੌੜਾਂ ਦਾ ਵੀ ਰਵਾਜ ਚੱਲਿਆ ਸੀ। ਮੁਕਾਬਲੇ ਲਈ ਕੇਵਲ ਦੋ ਯਾ ਤਿੰਨ ਤਾਂਗੇ ਨਿੱਤਰਦੇ ਸਨ। ਦੋ ਕੁ ਮਹੀਨੇ ਪਹਿਲਾਂ ਹੀ ਤਾਰਖ ਮਿਥੀ ਜਾਂਦੀ ਸੀ ਤੇ ਘੋੜਿਆਂ ਨੂੰ ਘਿਉ ਤੇ ਛੋਲੇ ਚਾਰਨੇ ਆਰੰਭ ਹੋ ਜਾਂਦੇ ਸਨ। ਤਾਂਗਿਆਂ ਵਾਲੇ ਆਪਣੇ ਵਿਚੋਂ ਹੀ ਮੁਨਸਫ਼ ਨਿਯਤ ਕਰ ਲੈਂਦੇ ਸਨ ਤੇ ਤਿਆਰੀਆਂ ਆਰੰਭ ਹੋ ਜਾਂਦੀਆਂ ਸਨ। ਦੌੜ ਵਾਲੇ ਦਿਨ ਸਰਕਾਰੀ ਹੱਥ ਤੋਂ ਬਿਨਾਂ ਹੀ ਸੜਕ ਸਾਫ਼ ਹੋ ਜਾਂਦੀ ਸੀ। ਸ਼ਰਤਾਂ ਲੱਗ ਜਾਂਦੀਆਂ ਤੇ ਤਾਂਗਿਆਂ ਵਾਲਿਆਂ ਦਾ ਮੇਲਾ ਜੇਹਾ ਲੱਗ ਜਾਂਦਾ ਸੀ। ਪੰਜ ਛੇ ਮੀਲ ਦੀ ਦੌੜ ਕੁਛ ਮਿੰਟਾਂ ਵਿਚ ਸਮਾਪਤ ਹੋ ਜਾਂਦੀ। ਜੇਤੂ ਘੋੜੇ ਨੂੰ ਤਾਂਗੇ ਵਾਲਿਆਂ ਵਲੋਂ ਇਨਾਮ ਵਜੋਂ ਹੀ ਘੋੜੇ ਦੇ ਮੁਲ ਕੁ ਜਿੱਨਾ ਰੁਪਿਆ ਹੋ ਜਾਂਦਾ ਸੀ ਤੇ ਸ਼ਰਤਾਂ ਵਾਲਿਆਂ ਦਾ ਆਪਣਾ ਅੱਡ। ਪਰ ਇਸ ਦੌੜ ਨੂੰ ਨਾ ਕੋਈ ਸਰਕਾਰੀ ਮਦਦ ਮਿਲੀ ਨਾਂ ਡੰਗਰ-ਪਾਲੂ ਮਹਿਕਮੇ ਵੱਲੋਂ ਜਿਸ ਕਰਕੇ ਇਸ ਨੇ ਰਵਾਜ ਨ ਪਕੜਿਆ।

ਵੇਖਿਆ ਜਾਵੇ ਤਾਂ ਤਾਂਗੇ ਦੀ ਸਵਾਰੀ ਸਾਰੀਆਂ ਸਵਾਰੀਆਂ ਨਾਲੋਂ ਸੁਆਦਲੀ ਹੈ। ਗੱਡਾ ਤੇ ਘੋੜੇ ਦੀ ਪਿੱਠ ਜਿਲ੍ਹੀਆਂ ਸਵਾਰੀਆਂ ਹਨ ਮੋਟਰ ਦੀ ਸਵਾਰੀ ਬਹੁਤ ਤੇਜ਼ ਤੇ ਤਾਉਲੀ ਤੇ ਦਿਲ ਨੂੰ ਅਫਰਾ ਦਫਰੀ ਪਾਉਣ ਵਾਲੀ ਹੈ। ਉਸ ਸਵਾਰੀ ਦਾ ਕੀ ਸੁਆਦ ਜਿਸ ਵਿਚ ਅਗ ਲੱਗੀ ਵਾਂਗ ਮਨ ਨੂੰ ਤੌਖਲਾ ਤੇ ਦੌੜ ਜੇਹੀ ਲੱਗੀ ਰਹੇ। ਇਕ ਤਾਂ ਲਾਰੀ ਵਿਚ ਭੀੜ ਚੋਖੀ ਹੁੰਦੀ ਹੈ, ਆਦਮੀ ਇੰਝ ਬੰਦ ਹੁੰਦੇ ਹਨ, ਗਲਾਂ ਕਰਨ ਦਾ ਕੱਖ ਸੁਆਦ ਨਹੀਂ ਹੁੰਦਾ ਕਿਉਂ ਕਿ ਯੱਕੜ ਉੱਥੇ ਸੁਆਦ ਦੇਂਦੇ ਹਨ ਜਿੱਥੇ ਚਾਰ ਪੰਜ ਆਦਮੀ ਹੋਣ ਵਧ ਨਾ ਹੋਣ। ਦੂਜੇ

ਲਾਰੀਆਂ ਬਣੀਆਂ ਅਜੇਹੀਆਂ ਹਨ ਕਿ ਬਾਹਰ ਦਾ ਝਾਕਾ ਕੁਝ ਨਹੀਂ ਲੱਭਦਾ ਸਗੋਂ ਸਾਰੇ ਰਾਹ ਆਵਾ ਜਾਈ ਲਗੀ ਰਹਿੰਦੀ ਹੈ, ਕੋਈ ਚੜ੍ਹ ਗਿਆ ਕੋਈ ਉੱਤਰ ਗਿਆ ਤੇ ਕਿਰਾਇਆ ਵਸੂਲ ਹੁੰਦਾ ਹੈ। ਲਾਰੀ ਵਿਚ ਬੈਠਿਆਂ ਨਾ ਰਾਹ ਜਾਂਦੇ ਮਿਤ੍ਰ ਨਾਲ ਖਲੋਕੇ ਗੱਲ ਕਰ ਸਕਦੇ ਹਾਂ ਨਾ ਨਿਚਿੰਤ ਹੋਕੇ ਜਿਥੇ ਜੀ ਕਰੇ ਚੀਤਾ ਭਜਾ ਸਕਦੇ ਹਾਂ। ਲਾਰੀ ਦੀ ਸਵਾਰੀ ਉਨ੍ਹਾਂ ਲਈ ਚੰਗੀ ਹੈ ਜਿਨ੍ਹਾਂ ਨਾ ਕਿਸੇ ਨਾਲ ਬੋਲਣਾ ਹੋਵੇ ਨਾ ਬੰਦਿਆਂ ਵਾਂਗ ਇੱਕ ਦੂਜੇ ਦੀ ਰੂਹ ਪਛਾਣ ਕਰਨੀ ਹੋਵੇ, ਬਸ ਗੋਲੀ ਵਾਂਗ ਛੂਹ ਜਾ ਵੱਜਣਾ ਹੋਵੇ। ਜਿਸ ਤਰ੍ਹਾਂ ਸਾਖੀਆਂ ਵਿਚ ਲਿਖਿਆ ਹੁੰਦਾ ਹੈ ਗੁਰੂ ਨਾਨਕ ਸਾਹਿਬ ਨੇ ਆਖਿਆ ਮਰਦਾਨਿਆਂ ਮੀਟ ਅੱਖਾਂ ਤੇ ਮਰਦਾਨਾ ਬਗਦਾਦ ਜਾ ਪਹੁੰਚਿਆ, ਏਹੀ ਕੈਝਾ ਹਾਲ ਲਾਰੀ ਸਵਾਰੀ ਦਾ ਹੈ। ਕੰਮ ਕਾਜ ਲਈ ਕਹਿ ਦੇਉ ਕਿ ਲਾਰੀ ਦੀ ਸਵਾਰੀ ਚੰਗੀ ਹੈ ਪਰ ਜੇ ਆਖੋ ਕਿ ਸਵਾਰੀ ਦੇ ਸੁਆਦ ਲਈ ਤੇ ਸਵਾਰੀ ਦੇ ਗੁਣ ਗਾਹਿਕ ਅੱਖਾਂ ਲਈ ਤਾਂਗੇ ਦੀ ਸਵਾਰੀ ਸੌ ਗੁਣਾਂ ਚੰਗੀ ਹੈ।

ਸਾਡਾ ਤਾਂਗੇ ਵਾਲਾ ਖੇਲੀ ਏਹੀ ਪੁਕਾਰ ਕਰ ਰਿਹਾ ਹੈ "ਇੱਕਲੀ ਸਵਾਰੀ" "ਇਕਲੀ ਸਵਾਰੀ"। ਏਸ ਗਲ ਨੂੰ ਸੋਚ ਸਮਝਣਾ ਜ਼ਰੂਰੀ ਨਹੀਂ ਕਿਉਂ ਕਿ ਜੇ ਉਹ ਆਖੇ ਮੈਂ ਪੰਜ ਸਵਾਰੀਆਂ ਲੈਣੀਆਂ ਹਨ ਉਸਨੂੰ ਕੇਨੇ ਹੀ ਘੰਟੇ ਸ਼ਾਇਦ ਉਡੀਕਣਾ ਪੈ ਜਾਵੇ। ਇਕ ਇਕ ਕਰਕੇ ਹੀ ਪੰਜ ਹੋ ਜਾਣਗੀਆਂ। ਕਾਂਟੇ ਨਾਲ ਮੱਛੀ ਨੂੰ ਪਹਿਲਾਂ ਫਾਹੁਣਾ ਜ਼ਰੂਰੀ ਹੈ ਉਹ ਝੋਲੀ ਵਿਚ ਪਾਈ, 'ਇਕ ਹੋਰ' ਲਈ ਕਾਂਟਾ ਫਿਰ ਪਾਣੀ ਵਿਚ। ਸਵਾਰੀਆਂ ਨੂੰ ਫਾਹੁਣਾ ਇਕ ਹੁਨਰ ਹੈ। ਤਾਂਗੇ ਵਾਲਾ ਕੀ ਜਿਸ ਨੇ ਵੱਲ ਦੀ ਸਵਾਰੀ ਨੂੰ ਸੌ ਗਜ਼ ਤੋਂ ਭਰੇ ਬਜ਼ਾਰ ਵਿਚ ਨਾ ਤਾੜ ਲਿਆ ਹੋਵੇ। ਇਕ ਸਵਾਰੀਆਂ ਹਨ ਜਿਨ੍ਹਾਂ ਦੀ ਉਡੀਕ ਕਰੋ ਸਗੋਂ ਮੂੰਹ ਭਵਾ ਲੈਂਦੀਆਂ ਹਨ ਭਾਵੇਂ ਓੜਕ ਚੜ੍ਹ ਹੀ ਪੈਣ ਤੇ ਇਕ ਹਨ ਜਿੰਨ੍ਹਾਂ ਵੱਲ ਪਿੱਠ ਕਰ ਖਲੋਵੋ ਉਹ ਆਪੇ ਆ ਚੜ੍ਹਦੀਆਂ ਹਨ।

ਕੋਈ ਸਿਰ ਹਿਲਾ ਕੇ ਹੀ ਪੱਕੀ ਸਵਾਰੀ ਬਣ ਜਾਂਦੀ ਹੈ, ਕਿਸੇ ਦੀ ਬੋਰੀ ਤਾਂਗੇ ਵਿਚ ਸੁੱਟੋ ਤਾਂ ਪੱਕ ਹੁੰਦਾ ਹੈ ਤੇ ਕੁਛ ਕੋਕਰੂ ਅਜੇਹੇ ਹੁੰਦੇ ਹਨ ਬੋਲ ਕਰ ਕੇ ਵਿਚ ਬਹਿ ਕੇ ਫੇਰ ਖਿਸਕ ਜਾਂਦੇ ਹਨ। ਹਰ ਸਵਾਰੀ ਲਈ ਉਸਦੇ ਆਪਣੇ ਸੁਭਾ ਦੇ ਅਨਕੂਲ ਰੱਸਾ ਪੈੜਾ ਵਟਣਾ ਪੈਂਦਾ ਹੈ।

ਜਿਸ ਤਰ੍ਹਾਂ ਦਰਿਆ ਵਿਚ ਜੁਆਰ ਤੇ ਭਾਟਾ ਆਉਂਦਾ ਰਹਿੰਦਾ ਹੈ ਤਾਂਗਿਆਂ ਦਾ ਅੱਡਾ ਭੀ ਉਸ ਸ਼ਹਿਰ ਜਾਂ ਪੜਾਓ ਦੀ ਨਬਜ਼ ਵਾਂਗ ਹੁੰਦਾ ਹੈ। ਸਵੇਰ ਸਾਰ ਉਕਾ ਖਾਲੀ, ਸਫਾ ਚੱਟ ਮੈਦਾਨ, ਦੁਕਾਨ ਚੁਪ ਚਾਂਦ ਤੇ ਅੱਡਾ ਸੁੰਨਾ। ਜਿਉਂ ਸੂਰਜ ਚੜ੍ਹਦਾ ਹੈ ਅਡਾ ਭਰਨਾ ਆਰੰਭ ਹੋ ਜਾਂਦਾ ਹੈ ਜਿਵੇਂ ਮੇਲਾ ਭਰਦਾ ਹੈ। ਦਸ ਗਿਆਰਾਂ ਵਜੇ ਨੂੰ ਤਾਂਗੇ ਹੀ ਤਾਂਗੇ ਨਜ਼ਰ ਆਉਂਦੇ ਹਨ ਤੇ ਘੋੜੇ। ਦੁਪਹਿਰ ਦੇ ਤਿੰਨ ਚਾਰ ਘੰਟੇ ਆਰਾਮ ਸ਼ਾਂਤੀ ਤੇ ਘੋੜਿਆਂ ਦੀ ਟਹਿਲ ਦੇ ਹੁੰਦੇ ਹਨ। ਦੋ ਵਜੇ ਭਾਟਾ ਸ਼ੁਰੂ ਹੋ ਜਾਂਦਾ ਹੈ। ਸਵਾਰੀਆਂ ਸਾਰਿਆਂ ਨੇ ਲੱਦਣੀਆਂ ਹੁੰਦੀਆਂ ਹਨ, ਕਮਾਈ ਹਰ ਇਕ ਨੇ ਕਰਨੀ ਹੈ ਪਰ ਲੜ ਭਿੜ ਕੇ ਨਹੀਂ। ਅਪਣੇ ਅਪਣੇ ਵੇਲੇ ਅਪਣੇ ਅਪਣੇ ਦਾਉ ਦੀਆਂ ਸਵਾਰੀਆਂ ਲੱਦ ਕੇ ਵਾਰੀ ਸਿਰ ਸਭ ਤੁਰ ਜਾਂਦੇ ਹਨ। ਤੇ ਸੂਰਜ ਛਿਪਣ ਤੋਂ ਘੰਟਾ ਪਹਿਲੋਂ ਹੀ ਅੱਡਾ ਫੇਰ ਉਹੀ ਸੁਨਾ ਖਾਲੀ ਬੇ ਰੌਣਕ ਰਹਿ ਜਾਂਦਾ ਹੈ। ਤਾਂਗਾ ਵਾਹੁਣਾ ਕਿੱਤਾ ਤਾਂ ਹੈ ਪਰ ਬਹੁਤਿਆਂ ਨੂੰ ਇਹ ਅਮਲ ਜੇਹਾ ਲੱਗ ਜਾਂਦਾ ਹੈ। ਅਮਲ ਕੋਈ ਲੱਗ ਜਾਵੇ ਛੁਟਦਾ ਨਹੀਂ। ਇਕਨਾ ਲਈ ਰੋਜ਼ੀ ਦਾ ਹੀਲਾ ਹੈ, ਜੀਵਨ ਬਤੀਤ ਕਰਨ ਦਾ ਢੰਗ ਹੈ, ਪਰ ਚੋਖਾ ਚਿਰ ਪਿਛੋਂ ਜਦ ਰੋਜ਼ੀ ਦੀ ਲੋੜ ਨਾ ਰਹੇ ਅਰਥਾਤ ਆਦਮੀ ਰੋਜ਼ੀ ਕਮਾਣ ਦੀ ਲੋੜਾਂ ਤੋਂ ਉੱਚਾ ਹੋ ਜਾਵੇ, ਜਦ ਉਮਰ ਦਾ ਉਹ ਹਿੱਸਾ ਟੱਪ ਜਾਵੇ ਜਿਸ ਵਿਚ ਆਦਮੀ ਤਕਲੀਫਾਂ ਵਿਚੋਂ ਵੀ ਸੁਆਦ ਲੈ ਲਿਆ ਕਰਦਾ ਹੈ, ਤਦ ਤਾਂਗਾ ਵਾਹੁਣਾ ਇਕ ਅਮਲ ਬਣ ਜਾਂਦਾ ਹੈ। ਨਾ ਉਹ ਅੱਗੇ ਵਰਗਾ ਸੋਹਣਾ ਸਾਬਤ ਸੁੱਧ ਚੱਲਣ ਵਾਲਾ ਤਾਂਗਾ ਨਾ ਉਹ ਚੁਸਤ ਖ਼ਬਰਦਾਰ ਘੋੜਾ ਤੇ ਨਾ ਉਹ ਅਗਲਾ ਗਿਣਤੀਆਂ ਵਿਚ ਆਉਣ ਵਾਲਾ ਆਪ ਤਾਂਗੇ ਵਾਲਾ ਰਹਿ ਜਾਂਦਾ ਹੈ। ਤਾਂਗੇ ਦੀਆਂ ਚੂਲਾਂ ਢਿੱਲੀਆਂ ਹੋ ਜਾਂਦੀਆਂ ਹਨ, ਪੀਂਘ ਵਾਂਗ ਪਾਸਿਆਂ ਨੂੰ ਝੂਲਦਾ ਹੈ, ਰੱਸੀਆਂ ਤੇ ਲੀਰਾਂ ਨਾਲ ਉਖੜੇ ਜੋੜ ਬੱਧੇ ਹੁੰਦੇ ਹਨ, ਪਹੀਏ ਡੱਫਾਂ ਵਾਂਗ ਖੜਕਦੇ ਹਨ ਤੇ ਪਾਣੀ ਪੀ ਰਿੜ੍ਹਦੇ ਹਨ। ਘੋੜੇ ਦੀਆਂ ਲੱਤਾਂ ਸੁਜੀਆਂ ਹੋਈਆਂ ਕੰਨ ਮੁਰਝਾਏ ਪਤਿਆਂ ਵਾਂਗ ਸੁਟੇ ਹੋਏ। ਵੱਡੀ ਗੱਲ ਇਹ ਕਿ ਤਾਂਗੇ ਵਾਲਾ ਆਪ ਤਾਂਗੇ ਤੇ ਘੋੜੇ ਦਾ ਮਾਲਕ ਬੇਥੇ ਸਾਜ਼ ਵਾਂਗ ਬੇਰਸ ਬੇਸੁਰਾ ਤੇ ਨਿਰਾ ਖੜਖੜਾ ਬਣ ਕੇ ਰਹਿ ਗਿਆ ਹੈ। ਉਸ ਵਿਚੋਂ ਉਹ ਸ਼ੁਕ ਤੇ ਜਿੰਦ ਤਾਂਗੇ ਵਾਹਾਂ ਵਾਲੀ ਨਹੀਂ ਰਹੀ, ਉਸ ਨੂੰ ਹੁਣ ਅਮਲੀਆਂ

ਵਾਲਾ ਅਮਲ ਰਹਿ ਗਿਆ ਹੈ। ਕਮਾਈ ਹੋਰ ਵੀ ਕਰਦਾ ਹੈ ਸਵਾਰੀਆਂ ਲੱਦਦਾ ਹੈ ਪਰ ਉਹ ਸੁਆਦ ਚਾ ਤੇ ਰੌਣਕ ਜੇਹੀ ਇਸ ਦੇ ਚਿਹਰਿਆਂ ਨਹੀਂ ਭਾਸਦੀ ਜੋ ਜਿਸ ਦੀ ਜਵਾਨੀ ਵੇਲੇ ਹੋਇਆ ਕਰਦਾ ਸੀ।

ਬਾਜ਼ ਆਦਮੀਆਂ ਵਿਚ ਕੁਝ ਲੋਸ ਤੇ ਰੌਣਕ ਹੁੰਦੀ ਹੈ ਜੋ ਸਾਰਿਆ ਨੂੰ ਖਿਚ ਪਾਉਂਦੀ ਹੈ ਤੇ ਜੇ ਉਹ ਆਦਮੀ ਤਾਂਗਾ ਵਾਹੁਣ ਲੱਗ ਪਵੇ ਉਹ ਬੜਾ ਸਫਲ ਹੁੰਦਾ ਹੈ ਕਿਉਂਕਿ ਲੋਕ ਬਿਨਾਂ ਦੱਸੇ ਕਿਸੇ ਅੰਦਰਲੀ ਬਾਸਰੀ ਦੀ ਕੂਕ ਨਾਲ ਖਿੱਚੇ ਆਉਂਦੇ ਹਨ।

ਇਕ ਝੱਖੜ ਨਾਮੇ ਤਾਂਗੇ ਵਾਲਾ ਹੁੰਦਾ ਸੀ ਜਿਸ ਨੂੰ ਕਦੇ ਲੋਕਾਂ ਖ਼ਾਲੀ ਖਲੋਤਿਆ ਨਹੀਂ ਡਿੱਠਾ ਸੀ ਤਾਂ ਉਹ ਅੱਧੀ ਕੁ ਉਮਰ ਦਾ ਪਰ ਹਰ ਦਮ ਖੁਸ਼, ਰੰਗੀਲਾ, ਮੌਲੇ ਵਾਂਗ ਹਰ ਰੋਜ਼ ਖਿੜਿਆ ਰਹਿਣ ਵਾਲਾ। ਘਰੋਂ ਮਾੜਾ ਨਹੀਂ ਸੀ ਲੰਬਰਦਾਰ ਸੀ ਤੇ ਜ਼ਮੀਨ ਭੀ ਗੁਜ਼ਾਰੇ ਜੋਗੀ ਸੀ ਪਰ ਉਸਨੇ ਸਾਰੀ ਉਮਰ ਤਾਂਗਾ ਵਾਹਿਆ। ਨਾ ਉਸ ਦਾ ਤਾਂਗਾ ਕੋਈ ਖ਼ਾਸ ਚੰਗਾ ਹੁੰਦਾ ਸੀ ਤੇ ਨਾ ਘੋੜਾ ਬਹੁਤੀਆਂ ਸਿਫ਼ਤਾਂ ਵਾਲਾ। ਉਸ ਵਿਚ ਵੱਡਾ ਗੁਣ ਆਪ ਵਿਚ ਸੀ ਕਿ ਉਹ ਸਵਾਰੀਆਂ ਨੂੰ ਸਦਾ ਖਿੜੇ ਮੱਥੇ ਮਿਲਦਾ ਤੇ ਜਿੰਨਾ ਚਿਰ ਉਹ ਤਾਂਗੇ ਵਿਚ ਹੁੰਦੇ ਖੁਸ਼ ਰੱਖਦਾ ਸੀ। ਜਦ ਸਵਾਰੀਆਂ ਹੋ ਜਾਣੀਆਂ ਉਸ ਨੇ ਦੋ ਤਿੰਨ ਬੋਲ ਯਾਰਾਂ ਦੋਸਤਾਂ ਨੂੰ ਮਾਰਨੇ ਤੇ ਖਿੜ ਖਿੜ ਹੱਸਦੇ ਨੇ ਤਾਂਗਾ ਤੋਰ ਲੈਣਾ। ਜਦ ਤਾਂਗਾ ਸ਼ਹਿਰ ਵਿਚੋਂ ਨਿਕਲ ਪੈਂਦਾ ਉਸ ਨੇ ਬੜੀ ਸੁਰੀਲੀ ਆਵਾਜ਼ ਨਾਲ ਛਪਾਰ ਦੇ ਮੇਲੇ ਦੀਆਂ ਬੋਲੀਆਂ ਤੇ ਮੁੰਡਿਆਂ ਦੇ ਗਿੱਧੇ ਦੇ ਬੋਲ ਸੁਣਾਉਣੇ। ਲੋਕਾਂ ਨੂੰ ਭਾਸਦਾ ਸੀ ਕਿ ਉਹ ਪੀਂਦਾ ਹੈ ਪਰ ਉਸ ਨੇ ਕਦੇ ਨਸ਼ੇ ਨੂੰ ਹੱਥ ਨਹੀਂ ਸੀ ਲਾਇਆ। ਬਿਨਾਂ ਪੀਤਿਆਂ ਹੀ ਉਸ ਨੂੰ ਮਸਤੀ ਰਹਿੰਦੀ ਸੀ। ਮਨੁਖੀ ਸੁਭਾ ਹੈ। ਕਿ ਜਦ ਉਹ ਸਵਾਰੀ ਉੱਤੇ ਬੈਠਦਾ ਹੈ ਉਸ ਨੂੰ ਕੁਦਰਤੋਂ ਹੀ ਕੁਝ ਖ਼ੁਮਾਰੀ ਜਹੀ ਆ ਜਾਂਦੀ ਹੈ। ਝੱਖੜ ਨੇ ਜਦ ਵੇਖਣਾ ਸਵਾਰੀਆਂ ਪੂਰੀਆਂ ਹਨ ਤੇ ਘਰ ਵੱਲ ਤੁਰ ਪਏ ਹਾਂ ਉਸ ਨੂੰ ਮਸਤੀ ਜੇਹੀ ਆ ਜਾਂਦੀ ਸੀ ਉਸ ਨੂੰ ਹੀ ਨਹੀਂ ਸਵਾਰੀ ਕਿਸੇ ਨੂੰ ਪੁਛ ਕੇ ਵੇਖੋ ਕਿ ਤਾਂਗੇ ਚੜ੍ਹਿਆਂ ਊਂਘ ਕਿਉਂ ਆਉਣ ਲਗਦੀ ਹੈ। ਤਾਂਗੇ ਵਿਚ ਬੈਠ ਕੇ ਆਦਮੀ ਨੂੰ ਏਹ ਖਿਆਲ ਆਉਂਦਾ ਹੈ ਕਿ ਘੰਟਾ ਸਵਾ ਘੰਟਾ ਹੁਣ ਮੈਂ ਆਪ ਕੁਛ ਨਹੀਂ ਕਰਨਾ ਜੋ ਕਰਨਾ ਹੈ ਘੋੜੇ ਨੇ ਕਰਨਾ ਹੈ ਜਾਂ ਮਾੜਾ ਮੋਟਾ

ਘੋੜੇ ਵਾਲੇ ਨੇ। ਏਸ ਸੁਭਾਵਕ ਦਸ਼ਾ ਨੂੰ (relaxed) ਨਿਸ਼ੱਲ ਦਸ਼ਾ ਆਖਦੇ ਹਨ ਤੇ ਏਸ ਕਰਕੇ ਸਾਰੇ ਸਵਾਰ ਊਂਘਣ ਲੱਗ ਪੈਂਦੇ ਹਨ। ਤੇ ਜੇ ਇਸ ਹਾਲਤ ਵਿਚ ਕੋਈ ਦਿਲ ਦੀਆਂ ਤਾਰਾਂ ਨੂੰ ਕੋਮਲ ਜੇਹੀਆਂ ਕਾਨੀਆਂ ਨਾਲ ਛੇੜਨ ਲੱਗ ਪਵੇ ਅੱਧੀ ਬੋਤਲ ਦਾ ਨਸ਼ਾ ਚੜ੍ਹਿਆ ਜਾਪਦਾ ਹੈ।

ਜੇਠ ਹਾੜ ਦੀ ਤਪਦੀ ਗਰਮੀ ਵਿਚ ਲੰਮੀ ਸੜਕ ਉੱਤੇ ਇਕ ਸਾਰ ਤੁਰਿਆ ਜਾਂਦਾ ਟਾਪ ਟਾਪ ਕਰਦਾ ਘੋੜਾ, ਮਾੜੀ ਮਾੜੀ ਪੌਣ ਗਰਮੀ ਨੂੰ ਮੱਠਿਆਂ ਕਰਨ ਵਾਲੀ, ਬੇੜੀ ਦੇ ਪੂਰ ਵਾਂਗ ਚਾਰ ਪੰਜ ਸਵਾਰੀਆਂ ਤੇ ਤਾਂਗੇ ਵਾਲੇ ਦਾ ਹੇਕ ਲਾਕੇ ਗਾਉਣਾ

ਅਸਾਂ ਨਿੱਤ ਨੀ ਸ਼ਰਾਬੀ ਰਹਿਣਾ
ਹਾਇ ਵੈਰਨੇ ਨੀ ....
ਅਸਾਂ ਨਿੱਤ ਨੀ ਸ਼ਰਾਬੀ ਰਹਿਣਾ
ਬੂਹੇ ਅੱਗੇ ਕੰਧ ਕਰ ਲੈ...............
ਅਸਾਂ ਨਿੱਤ ਨੀ...............

ਸਵਾਰੀਆਂ ਦੇ ਮੂੰਹੋਂ ਬੇਵਸ ਹੀ ਨਿਕਲ ਜਾਂਦਾ ਹੈ, ਬੱਲੇ ਉਏ ਤੇਰੇ...ਵਿਚੋਂ ਕਦੇ ਇਕ ਅਧੀ ਸਵਾਰੀ ਨਿਪੱਟ ਗੁੰਗੀ, ਇਨ੍ਹਾਂ ਸੱਧਰੀ ਰਮਜ਼ਾਂ ਤੋਂ ਉੱਕਾ ਨਾਵਾਕਫ਼, ਆਰੇ ਦੇ ਬੂਰ ਵਰਗੀ ਖ਼ੁਸ਼ਕ ਝੱਖੜ ਨੂੰ ਫੇਰ ਆਪਣੀ ਦਾਲ ਚਪਾਤੀ ਦੇ ਝਗੜਿਆਂ ਦੀਆਂ ਗੱਲਾਂ ਛੇੜਨਾ ਚਾਹੁੰਦੀ ਹੈ ਪਰ ਝੱਖੜ ਅਣਸੁਣਿਆ ਕਰਕੇ ਫੇਰ ਬੋਲਦਾ ਹੈ।

ਹੁਣ ਛੱਡ ਦੇ ਕਤੇਬਾਂ ਕਾਜ਼ੀਆ—ਹੈ ਵੇ ਹੁਣ ਛੱਡ ਦੇ ਕਤੇਬਾਂ ਕਾਜ਼ੀਆ, ਜੰਮਦੀ ਮੈ ਹੀਰ ਪੜ੍ਹ ਗਈ।

ਸਵਾਰੀਆਂ ਨੂੰ ਪਤਾ ਨਹੀਂ ਲੱਗਾ ਪੈਂਡੇ ਦੇ ਤਿੰਨ ਮੀਲ ਕਿਧਰ ਗਏ ਤੇ ਕਿਵੇਂ ਲੰਘੇ। ਸਵਾਰੀ ਦਾ ਧਿਆਨ ਤਾਂਗੇ ਤੇ ਘੋੜੇ ਦੇ ਅਉਗੁਣਾਂ ਤੇ ਘਾਟਿਆਂ ਵਾਲੋਂ ਹਟਾ ਕੇ ਕਿਧਰ ਹੋਰ ਲਾਈ ਰੱਖਣਾ ਭੀ ਜਣੇ ਖਣੇ ਨੂੰ ਨਹੀਂ ਆਉਂਦਾ। ਅਧਵਾਟੇ ਪਹੁੰਚ ਕੇ ਸਵਾਰੀਆਂ ਨੇ ਪਾਣੀ ਪੀ ਲਿਆ ਠੰਢੀ ਖੂਹੀ ਦਾ, ਘੋੜੇ ਨੂੰ ਦਮ ਦਿਤਾ ਗਿਆ ਤੇ ਪਿਛਲੇ ਤਾਂਗਿਆਂ ਵਾਲੇ ਝਖੱੜ ਦੀਆਂ ਰਮਜ਼ਾਂ ਸੁਣਨ ਲਈ ਨਾਲ ਆ ਰਲੇ ਤੇ ਨਾਲ ਹੀ ਤੁਰ ਪਏ। ਗਾਉਂਦੇ ਤਾਂਗੇ ਵਾਲੇ

ਦੀ ਦਾਦ ਦੇਣਾ ਭੀ ਤਾਂਗੇ ਵਾਲਿਆਂ ਨੂੰ ਹੀ ਆਇਆ ਕਰਦਾ ਹੈ। ਜਦ ਝੱਖੜ ਚੋਂਦੀ ਚੋਂਦੀ ਸੁਲਾਵੇ ਪਿਛਲੇ ਤਾਂਗਿਆਂ ਤੋਂ ਕੂਕਾਂ ਉਠਣ, ਘੋੜੇ ਤੇਜ਼ ਹੋਣ ਲੱਗਣ ਪਰ ਰਾਂਝੇ ਦੀ ਬੰਸਰੀ ਵਾਂਗ ਫੇਰ ਮਸਤ ਹੋਕੇ ਉਸੇ ਇਕਤਾਰੀ ਚਾਲ ਪੈ ਜਾਣ।

ਸਾਡੇ ਕਾਗ ਨੀ ਬਨੇਰੇ ਉੱਤੇ ਬੋਲਦਾ—ਸਾਡੇ ਕਾਗ ਨੀ—
ਬਨੇਰੇ ਉੱਤੇ ਬੋਲਦਾ—ਅੱਜ ਸਾਡੇ ਮਾਹੀ ਆਵਣਾ।

ਝੱਖੜ ਰੌਣਕੀ ਦਾ ਨਾਮ ਏਸ ਸੜਕ ਉੱਤੇ ਸਾਰੇ ਜਾਣਦੇ ਸਨ। ਮੱਝੀਆਂ ਦੇ ਪਾਲੀ ਇਸ ਨੂੰ ਵੇਖ ਕੇ ਖਿੜ ਜਾਂਦੇ ਸਨ ਤੇ ਏਸ ਦਾ ਕੰਮ ਸੀ ਕੋਈ ਨਾ ਕੋਈ ਮੁੰਡਿਆਂ ਖੁੰਡਿਆਂ ਵਾਲੀ ਸੁਣਾ ਜਾਣੀ। ਟਾਹਲਿਆਂ ਹੇਠ ਬੈਠੇ ਈਟੀਆਂ ਖੇਲਦੇ ਮੁੰਡਿਆਂ ਨੇ ਜਦ ਤਾਂਗਿਆਂ ਦਾ ਲਾਗ ਦੂਰੋਂ ਆਉਂਦਾ ਡਿਠਾ ਤੇ ਬੱਲੇ ਬੱਲੇ ਸੁਣੀ ਤਾਂ ਕੰਨ ਚੁੱਕ ਲਏ, ਬਈ ਝੱਖੜ ਜਟ ਆਉਂਦਾ ਹੈ! ਝੱਖੜ ਦਾ ਧਰਮ ਨਹੀਂ ਸੀ ਐਵੇਂ ਸੰਗੀਆਂ ਵਾਂਗ ਕੋਲ ਦੀ ਲੰਘ ਜਾਣਾ।

ਕਾਹਨੂੰ ਮਾਰਨਾ ਏਂ ਬਨੇਰੇ ਦੀਆਂ ਰੋੜੀਆਂ
ਕਾਹਨੂੰ ਮਾਰਨੈ ਬਨੇਰੇ ਦੀਆਂ ਰੋੜੀਆਂ—ਹੰਦ ਨੂੰ ਤਾਂ ਛਿੱਪ ਲੈਣ ਦੇ—ਕਾਹਨੂੰ ਮਾਰਨਾ ਏਂ......

ਏਸ ਮੌਜ ਮੇਲੇ ਨਾਲ ਪੈਂਡਾ ਦਸ ਮੀਲ ਵਿਚ ਲੰਘ ਗਿਆ ਜਿਵੇਂ ਦੋ ਕੁ ਮੀਲ ਹੁੰਦਾ ਹੈ। ਸਵਾਰੀਆਂ ਉਤਰਨ ਲੱਗ ਪਈਆਂ ਕੋਈ ਨੇੜੇ ਕੋਈ ਪਰੇ। ਦਿਨ ਢਲਦੇ ਕਰਦੇ ਨੂੰ ਤਾਂਗਾ ਖਾਲੀ ਹੋ ਗਿਆ ਤੇ ਝੱਖੜ ਪੈਸੇ ਡੱਬ ਵਿਚ ਸਾਂਭ ਕੇ ਸੜਕੋਂ ਉੱਤਰ ਕੇ ਆਪਣੇ ਪਿੰਡ ਨੂੰ ਹੋ ਲਿਆ।

ਅੱਜ ਉਹ ਸੜਕਾਂ ਝੱਖੜ ਵਰਗਿਆਂ ਨੂੰ ਯਾਦ ਕਰ ਰਹੀਆਂ ਹਨ। ਪਰ ਹੁਣ ਯਾਦ ਕਰਨ ਨੂੰ ਭੀ ਵੇਹਲ ਨਹੀਂ ਕਿਉਂਕਿ ਲਾਰੀਆਂ ਦੀ ਆਵਾ ਜਾਈ ਸੁਰਤ ਨਹੀਂ ਲੈਣ ਦਿੰਦੀ।

ਵੇਖੀਏ ਕਦ ਫੇਰ ਇਕੇ ਸਾਹ ਦਸ ਦਸ ਮੀਲ ਜਾਣ ਵਾਲੇ ਘੋੜਿਆਂ ਨਗਰ ਤਾਂਗੇ ਜੁੱਤਦੇ ਹਨ ਤੇ ਕਦ ਉਹ ਰੌਣਕਾਂ ਲਗਦੀਆਂ ਹਨ।

———

ਪਸ਼ੂ--ਪੰਖੀ ਪਿਆਰ

ਸਨ ੧੯੪੪ ਦੀ ਗੱਲ ਹੈ ਭਾਵੇਂ । ਮੇਰਾ ਘਰ ਲਾਹੌਰ ਦੇ ਚਿੜੀਆ ਘਰ ਦੇ ਨੇੜੇ ਸੀ, ਮੈਂ ਤਿੰਨ ਚਾਰ ਬੰਦੂਕ ਦੇ ਭੜਾਕੇ ਸੁਣੇ । ਸ਼ਾਮ ਨੂੰ ਜਦ ਮੈਂ ਲਾਰੈਂਸ ਗਾਰਡਨ ਦੀ ਸੈਰ ਨੂੰ ਨਿਕਲਿਆ ਤਾਂ ਚਿੜੀਆ ਘਰ ਦੇ ਆਦਮੀ ਇਕ ਵੱਡੇ ਸ਼ੇਰ ਬੱਬਰ ਦੀ ਖੱਲ ਲਾਹ ਰਹੇ ਸਨ । ਅਜੇਹਾ ਰੋਜ਼ ਨਹੀਂ ਹੁੰਦਾ ਤੇ ਨਾ ਹੋ ਸਕਦਾ ਹੈ ਜੇ ਆਦਮੀ ਜੋ ਆਪਣੇ ਆਪ ਨੂੰ ਏਸ ਸਾਰੇ ਪਸ਼ੂ ਜਗਤ ਦਾ ਰੱਬ ਸਮਝਦਾ ਹੈ ਅਪਣਾ ਜੀਵਨ ਆਪ ਸਾਂਭ ਰਖੇ ਤੇ ਅਣਗਹਿਲੀ ਤੋਂ ਕੰਮ ਨਾ ਲਵੇ । ਏਸ ਸ਼ੇਰ ਵਿਚਾਰੇ ਦਾ ਕਸੂਰ ਈਹੋ ਸੀ ਕਿ ਉਹ ਸ਼ੇਰ ਪੈਦਾ ਹੋਇਆ ਤੇ ਅਜ ਉਸ ਦੇ ਪਿੰਜਰੇ ਦਾ ਦਰ ਝਾੜੂ ਦੇਣ ਵਾਲੇ ਤੋਂ ਭੁਲ ਕੇ ਵੇਲੇ ਸਿਰ ਬੰਦ ਨਾ ਹੋ ਸਕਿਆ । ਆਦਮੀ ਜੰਗਲਾਂ ਵਿਚ ਜਾਂਦੇ ਹਨ ਦੋ ਦੋ ਤਿੰਨ ਤਿੰਨ ਬੰਦੂਕਾਂ ਨਾਲ ਚੁਕਦੇ ਹਨ । ਸਾਰੇ ਪਿੰਡ ਦੀ ਵਾਹਰ ਨੂੰ ਇਕ ਜਾਂ ਦੋ ਗਰੀਬ ਸ਼ੇਰਾਂ ਦੇ ਮਗਰ ਲਾਉਂਦੇ ਹਨ, ਆਪ ਮਚਾਨ ਉੱਤੇ ਚੜ੍ਹ ਬੈਠਦੇ ਹਨ । ਚੁਆਨੀ ਦੁਆਨੀ ਲੈਣ ਵਾਲੇ ਦੋ ਢਾਈ ਸੌ ਆਦਮੀ ਸ਼ੇਰ ਨੂੰ ਘੇਰ ਕੇ ਮਚਾਨ ਦੇ ਕੋਲ ਅਪੜਦਾ ਕਰਦੇ ਹਨ, ਮਚਾਨ ਵਾਲਾ ਸੂਰਬੀਰ ਹਜ਼ਾਰ ਰੁਪਏ ਵਾਲੀ ਮਾਊਜ਼ਰ ਰਾਈਫਲ ਚੁਕ ਕੇ ਸ਼ੇਰ ਨੂੰ ਮਾਰ ਦੇਂਦਾ ਹੈ ਤੇ ਫੇਰ ਸ਼ੇਰ ਨੂੰ ਸਾਹਮਣੇ ਰਖਾ ਕੇ ਤਸਵੀਰ ਖਿਚਾਂਦਾ ਹੈ ।

ਸ਼ੇਰ ਬੜਾ ਜ਼ਾਲਮ ਹੈ, ਠੀਕ ਹੈ, ਪਰ ਉਹ ਮੇਰੀ ਕੋਠੀ ਆ ਕੇ ਕੁਰਸੀ ਪਿਛੇ ਲੁਕਕੇ ਮੈਨੂੰ ਅਣਭੋਲ ਸਮੇਂ ਤਾਂ ਨਹੀਂ ਆ ਮਾਰਦਾ । ਏਸ ਸ਼ੇਰ ਗਰੀਬ ਦੇ ਮਾਂ ਤੇ ਪਿਤੂ ਹੈ ਸਨ, ਇਸ ਦੀ ਸ਼ੇਰਨੀ ਵੀ ਕਿਧਰੇ ਏਥੇ ਹੀ ਹੈ ਪਰ ਉਹ ਸੋਨੇ ਦੇ

ਬੰਦਾ ਤੇ ਰੇਸ਼ਮੀ ਸਾੜ੍ਹੀਆਂ ਲਈ ਸ਼ੇਰ ਨੂੰ ਦੁਨੀਆਂ ਲੁੱਟਣ ਨਹੀਂ ਲਾਉਂਦੀ। ਸ਼ੇਰ ਦੇ ਨਿੱਕੇ ਨਿੱਕੇ ਬੱਚੇ ਭੀ ਹਨ ਜਿਨ੍ਹਾਂ ਨਾਲ ਉਹ ਹਰੀ ਘਾਹ ਦੇ ਕਾਲੀਨ ਉੱਤੇ ਉਸੇ ਤਰ੍ਹਾਂ ਲਾਡ ਕਰਦਾ ਹੈ ਜਿਵੇਂ ਮੈਂ ਆਪਣੇ ਬੱਚਿਆਂ ਨਾਲ ਈਰਾਨੀ ਕਾਲੀਨ ਉੱਤੇ ਕਰਦਾ ਹਾਂ। ਕੀ ਹੋਇਆ ਜੇ ਕਦੇ ਕਿਸੇ ਭੁੱਖੇ ਸ਼ੇਰ ਨੇ ਜੰਗਲ ਵਿਚ ਇਕ ਦੋ ਬੁੱਢਿਆਂ ਠੇਰਿਆਂ ਨੂੰ ਜਾ ਮਾਰਿਆ–ਕਦੇ ਪੰਦਰਾਂ ਵੀਹਾਂ ਸਾਲਾਂ ਵਿਚ। ਇਸਦਾ ਮਤਲਬ ਇਹ ਤਾਂ ਨਹੀਂ ਕਿ ਸ਼ੇਰਾਂ ਨੂੰ ਉਨ੍ਹਾਂ ਦੇ ਆਪਣੇ ਕੁਦਰਤੀ ਥਾਵਾਂ ਤੋਂ ਕੱਢ ਕੇ ਫਨਾਹ ਕਰ ਦਿਓ। ਸ਼ੇਰ ਨੂੰ 'ਤੇ ਰਾਈਫਲ ਵਾਲੇ ਸੂਰਬੀਰ ਨੂੰ ਰੱਬ ਦੀ ਕਚਹਿਰੀ ਵਿਚ ਪੇਸ਼ ਕਰੋ, ਕਿਸ ਦੀ ਵਧੀਕੀ ਸਿੱਧ ਹੋਵੇਗੀ ? ਸ਼ੇਰ ਵਿਚਾਰੇ ਦੀ ਆਪਣੀ ਦੁਨੀਆਂ ਹੈ, ਜੰਗਲ ਤੇ ਬਸ ਖਾਣ ਜੋਗਾ ਸ਼ਿਕਾਰ ਤੇ ਬਹੁਤਾ ਹੋਇਆ ਆਪਣੀ ਸ਼ੇਰਨੀ ਤੇ ਬੱਚਿਆਂ ਨੂੰ ਪਾਲਣ ਜੋਗਾ। ਉਸ ਦੇ ਦਿਲ ਵਿਚ ਭੀ ਪਿਆਰ ਹੈ ਕਿਸੇ ਦਾ, ਉਹ ਵੀ ਐਸ਼ ਕਰਨਾ ਚਾਹੁੰਦਾ ਹੈ ਪਰ ਕੇਵਲ ਉਹ ਐਸ਼ਾਂ ਜੋ ਆਦਮੀ ਦੀਆਂ ਐਸ਼ਾਂ ਵਿਚ ਕੋਈ ਅੜਿੱਕਾ ਨਹੀਂ ਡਾਹੁੰਦੀਆਂ। ਆਦਮੀ ਨਾਲ ਵੈਰ ਸਹੇੜਨ ਦਾ ਉਸ ਨੂੰ ਕਦੇ ਸੁਪਨਾ ਵੀ ਨਹੀਂ ਆਇਆ। ਦੁਨੀਆਂ ਬਥੇਰੀ ਮੋਕਲੀ ਹੈ ਦੋਹਾਂ ਲਈ। ਬਲਕਿ ਹੁਣ ਤਾਂ ਪਖੰਡੀ ਆਦਮੀ ਨੂੰ ਸ਼ੇਰਾਂ ਦੀ ਨਸਲ ਬਚਾਈ ਰੱਖਣ ਦੇ ਫਿਕਰ ਪਏ ਹੋਏ ਹਨ। ਤਾਂ ਜੋ ਉਸ ਦੀਆਂ ਬੰਦੂਕਾਂ ਲਈ ਨਿਸ਼ਾਨੇ ਮੁੱਕ ਨਾ ਜਾਣ।

ਆਦਮੀ ਨੂੰ ਸ਼ੇਰ ਬੜਾ ਡਰਾਉਣਾ, ਨਹੁੰਦਰਾਂ ਤੇ ਪਾੜੂ ਦੰਦਾਂ ਵਾਲਾ ਜ਼ਾਲਮ ਦਿਸਦਾ ਹੈ ਪਰ ਆਦਮੀ ਨੇ ਇਹ ਕਦੇ ਨਹੀਂ ਸੋਚਿਆ ਕਿ ਸ਼ੇਰ ਦੀਆਂ ਨਜ਼ਰਾਂ ਵਿਚ ਮੈਂ ਕੇਡਾ ਫਰੇਬੀ–ਧੋਖਾਬਾਜ਼ ਮੱਲੋ ਮੱਲੀ ਸ਼ੇਰ ਦੇ ਘਰ ਜਾਕੇ ਉਹਨੂੰ ਲੁਕ ਕੇ ਮਾਰਨ ਵਾਲਾ ਜ਼ਾਲਮ ਹਾਂ। ਜੇ ਸ਼ੇਰ ਪੁੱਛੇ ਕਿ ਮੈਂ ਜੂ ਕਦੇ ਤੇਰੇ ਪਿੰਡਾਂ ਤੇ ਸ਼ਹਿਰਾਂ ਵਿਚ ਜਾ ਕੇ ਤੈਨੂੰ ਤੇ ਤੇਰੇ ਬੱਚਿਆਂ ਦਾ ਜੀਵਨ ਫ਼ਨਾਹ ਕਰਕੇ ਉਸ ਜ਼ੁਲਮ ਨੂੰ ਸ਼ਿਕਾਰ ਨਹੀਂ ਆਖਿਆ ਤੂੰ ਕਿਉਂ ਮੇਰੇ ਜੰਗਲਾਂ ਵਿਚ ਆਕੇ ਮੇਰੇ ਤੇ ਮੇਰੇ ਟੱਬਰ ਦੇ ਸਾਦਾ ਮਾਸੂਮ ਜੀਵਨ ਨੂੰ ਆ ਕੇ ਭੁੰਨਦਾ ਹੈਂ। ਆਦਮੀ ਕੀ ਜਵਾਬ ਦੇ ਸਕਦਾ ਹੈ ? ਕੇਵਲ ਜਾਨ ਮਾਰਨ ਦੇ ਸੁਆਦ ਲਈ ਜਾਨ ਮਾਰ ਦੇਣੀ ਲੋਕਾਂ ਨੂੰ ਵਿਖਾਣ ਲਈ ਉਮਰ ਕੈਦ ਦੇ ਦੇਣੀ ਸ਼ਰਾਫ਼ਤ ਨਹੀਂ।

ਭਾਈ ਭੈਣ ਮਾਂ ਪਿਉ ਤੇ ਹੋਰ ਨਜ਼ਦੀਕੀਆਂ ਨਾਲ ਸਾਰੀ ਦੁਨੀਆਂ ਪਿਆਰ

ਕਰ ਦੀ ਹੈ, ਰੂਪ ਰੰਗ ਸਾਰਿਆਂ ਨੂੰ ਖਿਚ ਪਾਉਂਦੇ ਹਨ ਤੇ ਜਿਥੋਂ ਪ੍ਰਾਪਤੀ ਹੋਵੇ ਉਸ ਵਲ ਹਰ ਪ੍ਰਾਣੀ ਮਾਤ੍ਰ ਹਿਤ ਨਾਲ ਵੇਖਦਾ ਹੈ। ਪਰ ਅਸਲੀ ਨਿਰੋਲ ਪਿਆਰ ਉਹ ਚੀਜ਼ ਹੈ ਜੋ ਲੈਣ ਦੇਣ ਸੁਭਾਉ ਤੇ ਕਾਮਨਾ ਤੋਂ ਬਰੀ ਹੋਵੇ। ਚਿਰ ਹੋਇਆ ਜਦ ਮੈਂ ਕਾਲਜ ਦਾ ਪੜ੍ਹਾਕੂ ਸਾਂ ਪਿੰਡ ਵਿਚ ਇਕ ਮੂੜ੍ਹ ਜਿਹੇ ਜਟ ਕੋਲ ਖਲੋਣਾ ਪੈ ਗਿਆ ਲੰਘੇ ਜਾਂਦੇ ਕੁੱਤੇ ਨੂੰ ਦੇਖ ਕੇ ਆਖਣ ਲੱਗਾ ਵਿਚਾਰਾ ਦਰਵੇਸ਼ ਹੈ। ਉਸ ਅਨਪੜ੍ਹ ਜਟ ਦੇ ਮੂੰਹੋਂ ਫ਼ਾਰਸੀ ਦਾ ਸ਼ਬਦ ਦਰਵੇਸ਼ ਸੁਣ ਕੇ ਮੇਰਾ ਢਿੱਡ ਹੱਸਣ ਲੱਗਾ ਕਿ ਇਸ ਨੇ ਆਪਣੀ ਲਿਆਕਤ ਦੱਸਣ ਲਈ ਇਹ ਸ਼ਬਦ ਇਕ ਅਵਾਰਾ ਕੁੱਤੇ ਲਈ ਵਰਤਿਆ ਹੈ। ਹੁਣ ਜਦ ਮੇਰੇ ਧੌਲੇ ਆ ਗਏ ਹਨ ਮੈਨੂੰ ਉਸ ਜੱਟ ਦਾ ਇਹ ਕਹਿਣਾ ਯਾਦ ਆਉਂਦਾ ਹੈ ਕਿ ਕੁੱਤਾ ਵਿਚਾਰਾ ਦਰਵੇਸ਼ ਹੈ। ਤੇ ਜੇ ਦਿਲ ਨੂੰ ਬਨਾਉਟੀ ਪੜ੍ਹੀਆਂ ਸੁਣੀਆਂ ਗੱਲਾਂ ਤੋਂ ਧੋ ਕੇ ਵੇਖਿਆ ਜਾਵੇ ਤਾਂ ਦਿੱਸੇਗਾ ਕਿ ਏਨ੍ਹਾਂ ਦਰ ਦਰ ਰੁਲਦਿਆਂ ਲਾਵਾਰਸ ਕੁੱਤਿਆਂ ਵਰਗਾ ਹੋਰ ਦਰਵੇਸ਼ ਕੌਣ ਹੈ। ਨਾ ਘਰ ਨਾ ਦਰ, ਨਾ ਖੇਤੀ ਨਾ ਬਾੜੀ, ਜੇ ਕਿਸੇ ਨੇ ਟੁੱਕ ਦੀ ਬੁਰਕੀ ਸੁੱਟ ਦਿਤੀ ਖਾ ਲਈ, ਜੇ ਕਿਸੇ ਨੇ ਦੁਰਕਾਰਿਆ ਤਾਂ ਪੂਛ ਦਬਾ ਕੇ ਦੂਜੇ ਘਰ ਦਾ ਬੂਹਾ ਜਾ ਮੱਲਿਆ। ਜੇ ਰੱਜ ਕੇ ਖਾਣ ਨੂੰ ਮਿਲ ਗਿਆ ਤਾਂ ਵਾਹ ਵਾ, ਨਾ ਮਿਲਿਆ ਤਾਂ ਏਧਰ ਉਧਰ ਝਾਕ ਕੇ ਭੁਖਣ ਭਾਣੇ ਹੀ ਸੜਕ ਦੇ ਕਿਨਾਰੇ ਸੌਂ ਰਹੇ। ਆਮ ਬੇਜ਼ਬਾਨ ਜਾਨਵਰਾਂ ਦਾ ਵੱਧ ਘੱਟ ਏਹੋ ਹਾਲ ਹੈ। ਭਾਵੇਂ ਅਸਾਂ ਪਾਲਤੂ ਰੱਖੇ ਹੋਣ ਤੇ ਕੰਮ ਦੇਣ ਵਾਲੇ ਹੋਣ ਤੇ ਭਾਵੇਂ ਨਿਰਾ ਸੰਗਾਰ, ਏਨੀ ਕੁ ਗੱਲ ਠੀਕ ਹੈ ਕਿ ਏਹ ਸਭ ਪਸ਼ੂ ਸਾਡੀ ਖੁਸ਼ੀ ਤੇ ਗੁੱਸੇ ਦੇ ਵੱਸ ਹੁੰਦੇ ਹਨ।

ਜਾਨਵਰਾਂ ਦਾ ਪਿਆਰ ਹਰ ਇਕ ਨੂੰ ਨਹੀਂ ਆਉਂਦਾ। ਬਹੁਤ ਸਾਰੇ ਲੋਕ ਤਾਂ ਉਮਰਾਂ ਬਤੀਤ ਹੀ ਅਜੇਹੀ ਰਹਿਣੀ ਬਹਿਣੀ ਵਿਚ ਕਰਦੇ ਹਨ ਕਿ ਉਨ੍ਹਾਂ ਨੂੰ ਕਦੇ ਕਿਸੇ ਪਸ਼ੂ ਨਾਲ ਵਾਹ ਹੀ ਨਹੀਂ ਪਿਆ। ਸ਼ਹਿਰਾਂ ਵਿਚ ਰਹਿਣ ਵਾਲਿਆਂ ਨੂੰ ਆਮ ਕਰਕੇ ਪਸ਼ੂਆਂ ਨਾਲ ਘੱਟ ਵਾਹ ਪੈਂਦਾ ਹੈ। ਦੁੱਧ ਪੀਣ ਲਈ ਗਾਂ ਮੱਝ ਰੱਖਣੀ, ਤਾਂਗੇ ਜੋੜਨ ਨੂੰ ਘੋੜਾ ਲੈ ਲਿਆ, ਹਲ ਵਾਹੁਣ ਨੂੰ ਬਲਦ ਰੱਖ ਲਏ ਇਹ ਹੋਰ ਗੱਲ ਹੈ। ਆਪਣੀ ਗਰਜ਼ ਨਾਲ ਹਰ ਇਕ ਨੂੰ ਪਿਆਰ ਹੁੰਦਾ ਹੈ ਪਰ ਬਹੁਤ ਸਾਰੇ ਲੋਕਾਂ ਦੇ ਦਿਲਾਂ ਦੇ ਵਿਚ ਕੁਦਰਤ ਵਲੋਂ ਹੀ ਗਰਜ਼ ਤੋਂ ਬੇਲਾਗ ਪਿਆਰ ਹੁੰਦਾ ਹੈ ਜਾਨਵਰਾਂ ਲਈ।

ਇਹ ਕਹਿਣ ਵਿਚ ਬਾਹਲੀ ਵਧੀਕੀ ਨਹੀਂ ਕਿ ਦੁਨੀਆਂ ਵਿਚ ਬੰਦਿਆਂ ਦੀਆਂ ਦੋ ਸ਼ਰੇਣੀਆਂ ਹਨ, ਇਕ ਉਹ ਜਿਨ੍ਹਾਂ ਦੇ ਦਿਲ ਵਿਚ ਕਦੇ ਕਿਸੇ ਪਸ਼ੂ ਲਈ ਪਿਆਰ ਨਹੀਂ ਉੱਠਿਆ, ਜਿਨ੍ਹਾਂ ਨੂੰ ਕੋਈ ਦਿਲ ਤਰੰਗ ਨਹੀਂ ਉੱਠੀ, ਜੋ ਸਾਰੀ ਉਮਰ ਆਪਣੇ ਹਮ-ਜਿਨਸਾਂ ਨਾਲ ਹੀ ਰੁੱਝੇ ਰਹਿੰਦੇ ਹਨ ਤੇ ਕਦੇ ਬੇਜ਼ਬਾਨਾਂ ਦੀ ਜ਼ਿੰਦਗੀ ਵਲ ਕੋਈ ਦਿਲ-ਚਸਪੀ ਨਹੀਂ ਲੈਂਦੇ । ਦੂਜੀ ਸ਼ਰੇਣੀ ਉਨ੍ਹਾਂ ਦੀ ਹੈ ਜੋ ਜਾਨਵਰ ਨੂੰ ਵੇਖਕੇ ਕਹਿੰਦੇ ਹਨ ਇਹ ਵੀ ਮੇਰੇ ਵਾਂਗ ਜਾਨ ਰੱਖਦਾ ਹੈ, ਇਸ ਦੀਆਂ ਭੀ ਲੋੜਾਂ ਤੇ ਸਧਰਾਂ ਹਨ, ਇਹ ਭੀ ਕੁਦਰਤ ਦੀ ਇਕ ਕਰਨੀ ਹੈ ਤੇ ਇਸ ਦਾ ਜੀਵਨ ਫਰੋਲਿਆਂ ਸੁਆਦ ਆਵੇਗਾ, ਇਸ ਨੂੰ ਪਿਆਰ ਕਰਨਾ ਖੁਸ਼ੀ ਹੈ । ਇਸ ਦੀ ਜ਼ਬਾਨ ਨਹੀਂ ਪਰ ਇਸ ਦੀਆਂ ਅੱਖੀਆਂ ਦੀ ਚੁੱਪ ਵਿਚ ਬੇ ਉੱੜਕ ਗੱਲ ਬਾਤ ਹੈ, ਇਸ ਦੇ ਸਰੀਰ ਦੀ ਹਰ ਗਤੀ ਵਿਚ ਸੁਆਦਲੀ ਕਥਾ ਹੈ । ਜਿਸ ਨੇ ਕਿਸੇ ਜਾਨਵਰ ਨੂੰ ਕਦੇ ਪਿਆਰ ਨਹੀਂ ਕੀਤਾ ਉਹ ਜ਼ਰੂਰ ਇਕ ਤਕੜਾ ਅਧੂਰਾ ਆਦਮੀ ਹੈ ।

ਵਗਦੀ ਦੁਨੀਆਂ ਤੋਂ ਸੁਆਦ ਲੈਣ ਦਾ ਖੇਤ੍ਰ ਆਪਣਾ ਆਪਣਾ ਅੱਡ ਅੱਡ ਹੁੰਦਾ ਹੈ । ਇਕਨਾਂ ਦਾ ਦਿਲ ਐਨਾ ਵਿਸ਼ਾਲ ਹੈ ਕਿ ਉਨ੍ਹਾਂ ਨੂੰ ਉਜਾੜ ਬੀਆਬਾਨ ਵਿਚ ਬਿਠਾ ਦਿਓ ਉਥੇ ਭੀ ਰੇਤ ਦੇ ਕਿਣਕਿਆਂ ਤੋਂ ਸੁਆਦ ਲੈ ਸਕਦੇ ਹਨ, ਜੇ ਕੈਦਖ਼ਾਨੇ ਵਿਚ ਪਾ ਦਿਓ ਉਸ ਨੂੰ ਭੀ ਗੁਫਾ ਸਮਝ ਛੱਡਦੇ ਹਨ । ਤੇ ਇਕਨਾਂ ਦੇ ਦਿਲ ਐਨੇ ਤੰਗ ਤੇ ਨਿੱਕੇ ਹਨ ਕਿ ਉਨ੍ਹਾਂ ਵਿਚ ਇਕ ਦੋ ਗਲਾਂ ਤੋਂ ਵਧ ਕੁਝ ਸਮਾ ਹੀ ਨਹੀਂ ਸਕਦਾ । ਜਿਵੇਂ ਆਖਿਆ ਕਰਦੇ ਹਨ ਬੋਲੇ ਨੂੰ ਕੇਵਲ ਉਸ ਦੇ ਮਤਲਬ ਦੀ ਗੱਲ ਸੁਣਦੀ ਹੈ ਦੂਜੀ ਨਹੀਂ ਅਜੇਹੇ ਸੌੜੇ ਤੇ ਹਨੇਰੇ ਦਿਲਾਂ ਵਾਲਿਆਂ ਨੂੰ ਓਹੀ ਇਕ ਦੋ ਗੱਲਾਂ ਸੁਆਦ ਦੇਂਦੀਆਂ ਹਨ ਜਿਨ੍ਹਾਂ ਨਾਲ ਉਨ੍ਹਾਂ ਦਾ ਵਾਸਤਾ ਹੋਵੇ । ਅੱਖੀਆਂ ਹਨ ਭੀ ਤੇ ਨਹੀਂ ਭੀ । ਅੱਖੀਆਂ ਹੁੰਦੀਆਂ ਜੇ ਉਦਾਲੇ ਦੀਆਂ ਚੀਜ਼ਾਂ ਨੂੰ ਵੇਖਕੇ ਸੁਆਦ ਨਾ ਲਈਏ ਤਾਂ ਅੱਖੀਆਂ ਨਾ ਹੋਣ ਦੇ ਬਰਾਬਰ ਹੈ । ਵੱਡੇ ਦਿਲ ਦਾ ਈਹੋ ਲਭ ਹੁੰਦਾ ਹੈ ਕਿ ਉਹ ਕਦੇ ਭੀ ਦੁਨੀਆਂ ਤੋਂ ਅਵਾਜ਼ਾਰ ਨਹੀਂ ਹੋ ਸਕਦਾ, ਉਹ ਨਿੱਕੀਆਂ ਵੱਡੀਆਂ ਜ਼ਰੂਰੀ ਨਾ-ਜ਼ਰੂਰੀ ਉੱਚੀਆਂ ਤੇ ਨੀਵੀਆਂ ਸਭ ਗੱਲਾਂ ਵਿਚੋਂ ਸੁਆਦ ਕਢ ਲੈਂਦਾ ਹੈ ।

ਦੋ ਮਜ਼ਦੂਰ ਕਿਸੇ ਕਾਰਖ਼ਾਨੇ ਵਿਚ ਕੰਮ ਕਰਦੇ ਹਨ, ਇਕ ਤਾਂ ਜਦ ਛੁੱਟੀ

ਹੁੰਦਾ ਹੈ ਸਿੱਧਾ ਨ੍ਹਹ ਵਾਂਗੂ ਘਰ ਵੱਜਦਾ ਹੈ। ਉਸ ਨੂੰ ਪਤਾ ਨਹੀਂ ਰਾਹ ਵਿਚ ਕੌਣ ਸੀ, ਕੀ ਲੋਕ ਕਰਦੇ ਸਨ ਤੇ ਬਜ਼ਾਰ ਵਿਚ ਕਿਸਦੀ ਰੌਣਕ ਸੀ। ਉਸ ਨੂੰ ਕੇਵਲ ਦੋ ਥਾਵਾਂ ਦਾ ਪਤਾ ਹੈ ਇਕ ਘਰ ਤੇ ਦੂਜਾ ਕਾਰਖ਼ਾਨਾ। ਬਾਕੀ ਸਭ ਉਸ ਦੇ ਭਾਣੇ ਹੈ ਨਹੀਂ। ਦੂਜਾ ਮੌਜ ਨਾਲ ਕਾਰਖਾਨਿਓਂ ਤੁਰਦਾ ਰਾਹ ਵਿਚ ਵਿਕਦੀਆਂ ਚੀਜ਼ਾਂ, ਦੁਕਾਨਾਂ ਦੀ ਸਜਾਵਟ ਮੰਗਤਿਆਂ ਦੇ ਮੰਗਣ ਦੇ ਢੰਗ, ਦੁਕਾਨਾਂ ਦੇ ਇਸ਼ਤਿਹਾਰ ਸਭ ਉਸਨੂੰ ਸੁਆਦ ਦੇਂਦੇ ਹਨ, ਉਹ ਸਭ ਨੂੰ ਚਖਦਾ ਹੈ ਤੇ ਮੌਜ ਨਾਲ ਘਰ ਅਪੜਦਾ ਹੈ ਤੇ ਘਰ ਵਾਲੀ ਨੂੰ ਰਾਹ ਵਿਚ ਡਿੱਠੀਆਂ ਸਾਰੀਆਂ ਨਵੀਆਂ ਚੀਜ਼ਾਂ ਦਾ ਵੇਰਵਾ ਦੇਂਦਾ ਹੈ। ਏਸੇ ਤਰ੍ਹਾਂ ਇਕ ਹਨ ਜਿਨ੍ਹਾਂ ਨੂੰ ਪਸ਼ੂਆਂ ਨਾਲ ਵਾਸਤਾ ਹੀ ਕੁਝ ਨਹੀਂ, ਮਾੜੇ ਕਮਜ਼ੋਰ ਪਸ਼ੂ ਨੂੰ ਵੇਖ ਕੇ ਉਨ੍ਹਾਂ ਨੂੰ ਨਾ ਤਰਸ ਆਉਂਦਾ ਹੈ ਨਾ ਮਾਲਕ ਉੱਤੇ ਗੁੱਸਾ ਤੇ ਸੋਹਣੇ ਤਕੜੇ ਸੰਢੇ ਨੂੰ ਮੌਲਿਆ ਹੋਇਆ ਤੇ ਰੇੜ੍ਹੀ ਨੂੰ ਮੌਜ ਨਾਲ ਖਿੱਚੀ ਜਾਂਦਾ ਵੇਖ ਕੇ ਉਨ੍ਹਾਂ ਨੂੰ ਕੋਈ ਸੁਆਦ ਨਹੀਂ ਆਉਂਦਾ। ਜਿਨ੍ਹਾਂ ਨੂੰ ਪਸ਼ੂ ਪੰਖੀਆਂ ਦੇ ਜੀਵਨ ਉਨ੍ਹਾਂ ਦੀ ਦੇਖ ਭਾਲ ਉਨ੍ਹਾਂ ਦੀ ਹੋਂਦ ਵਿਚ ਕੋਈ ਸੁਆਦ ਨਹੀਂ ਉਹ ਸਮਝੋ ਕਿ ਇਕ ਬੜੀ ਦਿਲਚਸਪ ਦੁਨੀਆਂ ਦੇ ਝਾਕੇ ਤੋਂ ਵਾਂਝੇ ਹਨ।

ਛੋਟੇ ਹੁੰਦਿਆਂ ਜਦ ਦਿਲ ਆਪ ਦਰਵੇਸ਼ ਰੂਪ ਹੁੰਦਾ ਹੈ ਤੇ ਇਸ ਨੇ ਜਗਤ ਦੇ ਗੰਦੇ ਮੰਦੇ ਸਾਗਰ ਵਿਚ ਚੁੱਭੀ ਨਹੀਂ ਮਾਰੀ ਹੁੰਦੀ ਜਾਨਵਰਾਂ ਦਾ ਪਿਆਰ ਕੇਡਾ ਪਰਬਲ ਹੁੰਦਾ ਹੈ। ਕਤੂਰੇ ਬਿੱਲੀਆਂ ਸਹੇ ਮਾਨੋ ਸੁਭਾਵਕ ਜੇਹੇ ਮਿਤਰ ਜਾਪਦੇ ਹੁੰਦੇ ਹਨ। ਨਾ ਕੇਵਲ ਏਨਾਂ ਦਾ ਪਿਆਰ ਦਿਲ ਵਿਚ ਭਰ ਭਰ ਉੱਠਦਾ ਹੈ। ਬੱਚੇ ਏਨ੍ਹਾਂ ਦੇ ਜੀਵਨ ਦੁਆਰਾ ਬਹੁਤ ਸਾਰੀ ਮੁਢਲੀ ਸਿੱਖਿਆ ਏਨ੍ਹਾਂ ਜਾਨਵਰਾਂ ਤੋਂ ਹੀ ਪ੍ਰਾਪਤ ਕਰਦੇ ਹਨ। ਮਨੁੱਖਾਂ ਦੇ ਉਹ ਬੱਚੇ ਤੇ ਯੁਵਕ ਜੋ ਬਾਹਰ ਦਿਸੌਰ ਵਿਚ ਪਸ਼ੂਆਂ ਪੰਛੀਆਂ ਦੇ ਨੇੜੇ ਵਿਚਰਦੇ ਹਨ ਸਦਾ ਕੁਦਰਤੀ ਜ਼ਿੰਦਗੀ ਦੇ ਵਧੇਰੇ ਜਾਣੂ ਹੁੰਦੇ ਹਨ। ਜਾਨਵਰਾਂ ਨੂੰ ਖਾਂਦੇ ਪੀਂਦੇ ਵੇਖਣਾ, ਭੁੱਖੇ ਹੋਣ ਕਰਕੇ ਬੋਲਣਾ, ਰੱਜ ਕੇ ਮਸਤ ਹੋ ਕੇ ਭੱਜਣਾ ਟੱਪਣਾ, ਕਿਸੇ ਤੋਂ ਡਰਕੇ ਨੱਸ ਜਾਣਾ ਤੇ ਕਿਸੇ ਕੋਲ ਨਿਡਰ ਹੋ ਕੇ ਆ ਜਾਣਾ ਇਹ ਸਭ ਗੱਲਾਂ ਮਨੁੱਖੀ ਬੱਚਿਆਂ ਦੀ ਵਿਦਿਆ ਹੈ ਜੋ ਸਕੂਲੋਂ ਘੱਟ ਵੱਧ ਪ੍ਰਾਪਤ ਹੁੰਦੀ ਹੈ। ਉਹ ਬੱਚੇ ਜਿਨ੍ਹਾਂ ਨੇ ਥਾਂ ਥਾਂ ਭੌਂਦੇ ਕੁੱਤੇ ਬਿੱਲਿਆਂ ਨੂੰ, ਬਿਰਛਾਂ ਵਿਚ ਟੱਪਦੇ ਫਿਰਦੇ ਪੰਖੀਆਂ ਨੂੰ ਤੇ ਪਾਣੀ ਵਿਚ ਵਸਦਿਆਂ

ਮੱਛ ਕੱਛਾਂ ਨੂੰ ਨੇੜਿਓਂ ਵੇਖਿਆ ਹੈ ਜ਼ਰੂਰ ਉਨ੍ਹਾਂ ਬੱਚਿਆਂ ਨਾਲੋਂ ਸਿਆਣੇ ਹੋਣਗੇ ਜਿਨ੍ਹਾਂ ਨੂੰ ਕਦੇ ਕਿਸੇ ਜਾਨਵਰ ਨਾਲ ਵਾਹ ਨਹੀਂ ਪਿਆ। ਏਹੀ ਕਾਰਨ ਹੈ ਕਿ ਮੁਢਲੇ ਸਕੂਲਾਂ ਅਤੇ ਸਿਆਣੇ ਮਾਪਿਆਂ ਦੇ ਘਰਾਂ ਵਿਚ ਬੱਚਿਆਂ ਨੂੰ ਖਿਡੌਣੇ ਦਿੱਤੇ ਜਾਂਦੇ ਹਨ ਤੇ ਅੱਧੇ ਖਿਡੌਣੇ ਕੁੱਤੇ ਬਿੱਲੀਆਂ ਘੋੜੇ ਰਿੱਛ ਸ਼ੇਰਾਂ ਦੇ ਹੁੰਦੇ ਹਨ। ਕਿਸੇ ਬੱਚੇ ਨੂੰ ਆਪਣੇ ਨਕਲੀ ਰਿੱਛ ਨਾਲ ਏਨਾ ਪਿਆਰ ਹੁੰਦਾ ਹੈ ਕਿ ਉਹ ਮਾਂ ਨਾਲ ਸੌਣਾ ਭਾਵੇਂ ਖੁੰਝਾ ਦੇਵੇ ਆਪਣੇ ਭਾਲੂ ਦਾ ਵਿਜੋਗ ਨਹੀਂ ਝੱਲ ਸਕਦਾ। ਚਿੜੀਆ ਘਰਾਂ ਵਿਚ ਨਾ ਕੇਵਲ ਬੱਚਿਆਂ ਨੂੰ ਵਿਦਿਆ ਤੇ ਕੁਦਰਤੀ ਜੀਵਨ ਦੇ ਝਾਕੇ ਪ੍ਰਾਪਤ ਹੁੰਦੇ ਹਨ ਵੱਡੇ ਆਦਮੀ ਭੀ ਉਥੋਂ ਦੇ ਵਸਨੀਕਾਂ ਨੂੰ ਵੇਖਕੇ ਬਹੁਤ ਕੁਛ ਸਿੱਖਦੇ ਹਨ। ਜਾਨਵਰਾਂ ਦਾ ਪਿਆਰ ਇਕ ਕੁਦਰਤ ਦੀ ਕੁੰਜੀ ਹੈ ਮਨੁੱਖੀ ਦਿਲਾਂ ਦੇ ਅੰਦਰ ਬੰਦ ਕੂਏਆਂ ਨੂੰ ਖੋਲ੍ਹਣ ਤੇ ਨਵੇਂ ਨਵੇਂ ਚਾਨਣ ਤੇ ਖੁਸ਼ੀਆਂ ਬਖਸ਼ਣ ਦੀ।

ਵਡੇ ਹੋ ਕੇ ਪਤਾ ਨਹੀਂ ਕੀ ਹੋ ਜਾਣਾ ਹੈ ਮਨੁਖੀ ਮਨ ਦੀਆਂ ਨਿਸ਼ਕਾਮ ਬੇਲੋਸ ਜੇਹੀਆਂ ਵਾਸ਼ਨਾਵਾਂ ਭੁਲ ਜਾਂਦੀਆਂ ਹਨ ਤੇ ਆਦਮੀ ਨਿਰਾ ਕਾਮਨਾ ਵਸ ਪਸ਼ੂ ਜਿਹਾ ਬਣ ਜਾਂਦਾ ਹੈ ਤੇ ਜਾਨਵਰਾਂ ਨਾਲ ਪ੍ਰੇਮ ਪਿਆਰ ਨੂੰ ਕੋਈ ਥਾਂ ਨਹੀਂ ਰਹਿੰਦੀ। ਮਨੁਖ ਦੇ ਇਤਿਹਾਸ ਵਿਚ ਮੁਢੋਂ ਆਦਮੀ ਦਾ ਸੰਬੰਧ ਜਾਨਵਰਾਂ ਨਾਲ ਹੋਣਾ ਲਿਖਿਆ ਹੋਇਆ ਹੈ। ਕ੍ਰਿਸ਼ਨ ਜੀ ਦਾ ਗਊਆਂ ਨਾਲ ਪਿਆਰ, ਰਾਮਾਇਣ ਵਿਚ ਹਨੂਮਾਨ ਜੀ ਵਲੋਂ ਜੋਧਿਆਂ ਦੀ ਸਹਾਇਤਾ, ਗਰੜ ਭਗਵਾਨ ਦੀ ਉਪਾਸਨਾ ਤੇ ਹਾਥੀਆਂ ਨਾਲ ਹਿੰਦੂ ਦੇਵਤਿਆਂ ਦਾ ਸਨੇਹ। ਯੁਧਿਸ਼ਟਰ ਤਾਂ ਕੁੱਤੇ ਨੂੰ ਸਵਰਗ ਦੇ ਬੂਹੇ ਤੀਕ ਨਾਲ ਲੈ ਗਿਆ ਸੀ। ਘੋੜਿਆਂ ਤੇ ਕੁਤਿਆਂ ਦਾ ਸਾਥ ਆਦਮੀ ਨਾਲ ਮੁਢੋਂ ਚਲਿਆ ਆਉਂਦਾ ਹੈ, ਘੋੜਾ ਸਵਾਰੀ ਲਈ ਤੇ ਕੁੱਤਾ ਸਾਥ ਲਈ। ਆਮ ਖ਼ਿਆਲ ਹੈ ਕਿ ਉਚੇ ਪਾਏ ਦੇ ਘੋੜੇ ਤੇ ਹਾਥੀਆਂ ਨੂੰ ਉਚੇ ਸਤਾਰੇ ਵਾਲੇ ਰਾਜੇ ਤੇ ਬਲੀ ਹੀ ਕਾਬੂ ਕਰ ਸਕਦੇ ਹਨ। ਸਿਕੰਦਰ ਨੂੰ ਘੋੜਿਆਂ ਨਾਲ ਬੜਾ ਪਿਆਰ ਸੀ। ਛੋਟੇ ਹੁੰਦਿਆਂ ਜਦ ਇਕ ਬੜਾ ਸ਼ਹਿਜ਼ੋਰ ਘੋੜਾ ਉਸ ਦੇ ਪਿਉ ਨੂੰ ਕਿਸੇ ਨਜ਼ਰਾਨਾ ਚੜ੍ਹਾਇਆ ਉਹ ਕਿਸੇ ਨੂੰ ਪਿਠ ਪਰ ਟਿਕਣ ਨਹੀਂ ਸੀ ਦੇਂਦਾ, ਪਰ ਸਿਕੰਦਰ ਨੇ ਤਾੜ ਲਿਆ ਕਿ ਇਹ ਆਪਣੇ ਪਰਛਾਵੇਂ ਤੋਂ ਡਰਦਾ ਨਠ ਉਠਦਾ ਹੈ ਤੇ ਉਸ ਨੂੰ ਸੂਰਜ ਨੂੰ ਸੌਹਾਂ ਕਰਕੇ ਚੜ੍ਹ ਬੈਠਾ ਤੇ ਭਜਾ ਲੈ ਗਿਆ ਜਿਸ ਤੋਂ ਉਸ ਦੇ ਪਿਉ ਨੇ ਸਿੱਟਾ ਕਢਿਆ ਕਿ ਸਿਕੰਦਰ ਬੜਾ ਤੇਜਮਈ ਹੋਵੇਗਾ।

ਸਿਕੰਦਰ ਦਾ ਮਸ਼ਹੂਰ ਘੋੜਾ ਬਯੂਸੇਫ਼ਲ ਪੰਜਾਬ ਵਿਚ ਆ ਕੇ ਮਰ ਗਿਆ ਸੀ ਤੇ ਉਸ ਦੀ ਕਬਰ ਮੌਜੂਦ ਹੈ। ਐਰਾਵਤ ਹਾਥੀ ਦੀ ਕਥਾ ਹਿੰਦੂ ਗ੍ਰੰਥਾਂ ਵਿਚ ਬੜੇ ਉਤਸ਼ਾਹ ਨਾਲ ਪੜ੍ਹੀ ਜਾਂਦੀ ਹੈ। ਕੁਤਿਆਂ ਨਾਲ ਆਦਮੀ ਦਾ ਪਿਆਰ ਤੇ ਕੁਤਿਆਂ ਦੇ ਮਾਲਕਾਂ ਨਾਲ ਸਨੇਹ ਦੇ ਕਿੱਸੇ ਅਜ ਤਕ ਵਰਤਦੇ ਆਉਂਦੇ ਹਨ। ਜਿਥੇ ਕਿਥੇ ਯੋਧਿਆਂ ਬਲੀਆਂ ਦੀਆਂ ਵਾਰਾਂ ਗਾਈਆਂ ਜਾਂਦੀਆਂ ਹਨ ਬਰਾਬਰ ਉਨ੍ਹਾਂ ਦੀਆਂ ਸਵਾਰੀਆਂ ਦੀ ਉਪਮਾ ਖੁਲ ਕੇ ਕੀਤੀ ਜਾਂਦੀ ਹੈ। ਅਰਜਨ ਦੇ ਰਥ ਦੇ ਘੋੜਿਆਂ ਦਾ ਮਾਣ ਇਕ ਤਰ੍ਹਾਂ ਵਡਾ ਹੋ ਗਿਆ ਜਦ ਕ੍ਰਿਸ਼ਨ ਜੀ ਆਪ ਉਨ੍ਹਾਂ ਦੀਆਂ ਰਾਸਾਂ ਆਪਣੇ ਸ਼ੁਭ ਹਥਾਂ ਵਿਚ ਲੈ ਬੈਠੇ। ਰਾਂਝੇ ਨੂੰ ਮਹੀਆਂ ਦਾ ਚਾਕ ਤੇ ਸਨੇਹੀ ਦਸਿਆ ਜਾਂਦਾ ਹੈ ਜਿਸ ਦੇ ਬੋਲ ਨਾਲ ਮਝੀਆਂ ਆਪ ਮਗਰ ਤੁਰ ਪੈਂਦੀਆਂ ਸਨ। ਪੁੰਨੂੰ ਨੂੰ ਡਾਚੀ ਵਾਲਾ ਪੁਕਾਰਿਆ ਜਾਂਦਾ ਹੈ। ਸਾਹਿਬਾਂ ਨੂੰ ਮਾਪਿਆਂ ਦੇ ਘਰੋਂ ਨਸਾ ਲੈ ਜਾਣ ਵਿਚ ਮਿਰਜ਼ੇ ਦਾ ਹਵਾ ਨਾਲ ਗੱਲਾਂ ਕਰਨ ਵਾਲਾ ਘੋੜਾ ਬਿਆਨ ਕੀਤਾ ਜਾਂਦਾ ਹੈ। ਉਂਞ ਸਪ ਦੀ ਯਾਰੀ ਬੇਅਕਲੀ ਵਿਚ ਦਾਖ਼ਲ ਹੈ ਪਰ ਦੇਵਤਿਆਂ ਤੇ ਮਹਾਂ ਪੁਰਸ਼ਾਂ ਦਾ ਸਨੇਹ ਸੱਪਾਂ ਨਾਲ ਭੀ ਦਸਿਆ ਗਿਆ ਹੈ।

ਅੰਗਰੇਜ਼ ਕਵੀ ਕੋਲਰਿਜ (S. S. Coleridge) ਦੀ ਇਕ ਮਸ਼ਹੂਰ ਕਵਿਤਾ ਏਸੇ ਵਿਸ਼ੇ ਦੇ ਵਿਸਥਾਰ ਵਿਚ ਲਿਖੀ ਗਈ ਹੈ ਕਿ ਜਾਨਵਰਾਂ ਨਾਲ ਸਦਾ ਹੀ ਪਿਆਰ ਕਰਨਾ ਲੋੜੀਏ। ਤਿੰਨ ਦੋਸਤ ਨਵੀਆਂ ਪੁਸ਼ਾਕਾਂ ਪਾ ਕੇ ਆਪਣੇ ਇਕ ਮਿਤਰ ਦੇ ਵਿਆਹ ਨੂੰ ਘਰੋਂ ਨਿਕਲੇ ਸਨ ਕਿ ਇਕ ਬਿਰਧ ਜਹਾਜ਼ਵਾਹ ਨੇ ਉਨ੍ਹਾਂ ਵਿਚੋਂ ਇਕ ਨੂੰ ਮੂਹਰੇ ਹੋ ਕੇ ਫੜ ਲਿਆ। ਉਨ੍ਹਾਂ ਨੇ ਬਥੇਰਾ ਆਖਿਆ ਕਿ ਅਸਾਂ ਵੇਲੇ ਸਿਰ ਵਿਆਹ ਦੀ ਰਸਮ ਲਈ ਗਿਰਜੇ ਪਹੁੰਚਣਾ ਹੈ ਪਰ ਬਿਰਧ ਦੀਆਂ ਨਜ਼ਰਾਂ ਅਤੇ ਕੰਬਦੇ ਹੱਥਾਂ ਵਿਚ ਕੁਝ ਅਜੇਹਾ ਮੰਤਰ ਸੀ ਕਿ ਉਹ ਤਿੰਨੇ ਗਭਰੂ ਉਸ ਤੋਂ ਛੁਟਕਾਰਾ ਨਾ ਪਾ ਸਕੇ। ਬੁੱਢੇ ਮੱਲਾਹ ਨੇ ਆਪਣਾ ਕਿੱਸਾ ਆਰੰਭਿਆ ਜਿਸ ਨੂੰ ਉਹ ਤਿੰਨ ਜਣੇ ਕੀਲੇ ਸਪ ਵਾਂਗ ਹੋ ਕੇ ਸੁਣਨ ਲੱਗ ਪਏ। ਬੁੱਢੇ ਜਹਾਜ਼ਵਾਹ ਨੇ ਦਸਿਆ ਕਿ ਸਾਡਾ ਜਹਾਜ ਸਮੁੰਦਰ ਵਿਚ ਜਾਂਦਾ ਜਾਂਦਾ ਇਕ ਦਿਨ ਅਜੇਹੀ ਥਾਂ ਪੁੱਜਾ ਜਿੱਥੇ ਜਾ ਕੇ ਹਵਾ ਉੱਕਾ ਮਰ ਗਈ ਸਾਡੇ ਪੰਖ ਮੁਰਦੇ ਹੋ ਕੇ ਢਿੱਲੇ ਲਮਕਣ ਲਗ ਪਏ, ਜਹਾਜ ਖਲੋ ਗਿਆ ਤੇ ਅਸੀਂ ਸਾਰੇ ਮਲਾਹ ਹਵਾ ਦੀ ਉਡੀਕ ਵਿਚ ਵਿਹਲੇ ਹੋ ਕੇ ਬੈਠ ਗਏ। ਜਹਾਜ਼ ਦੇ ਉਦਾਲੇ ਕੁਝ ਕੁ ਸਮੁੰਦਰੀ ਬਗਲੇ

(albatross) (ਚਿੱਟੇ ਖੰਭਾਂ ਵਾਲੇ ਜੋ ਕਿਨਾਰਿਆਂ ਤੋਂ ਕਈ ਕਈ ਸੌ ਮੀਲ ਸਮੁੰਦਰ ਵਿਚ ਨੂੰ ਓਡਾਰੀਆਂ ਮਾਰ ਸਕਦੇ ਹਨ।) ਆ ਗਏ ਤੇ ਇਕ ਦੋ ਜਹਾਜ਼ ਦੇ ਸਮਤੂਲਾ ਉੱਤੇ ਵੀ ਆ ਬੈਠੇ। ਇਕ ਮਲਾਹ ਦੇ ਦਿਲ ਵਿਚ ਉਪਾਧੀ ਆਈ, ਉਸ ਨੇ ਉੱਠ ਕੇ ਇਕ ਪੰਖੀ ਨੂੰ ਬੰਦੂਕ ਦਾ ਨਿਸ਼ਾਨਾ ਬਣਾ ਦਿੱਤਾ। ਉਸ ਨੂੰ ਅਸਾਂ ਬਥੇਰਾ ਮਨ੍ਹਾ ਕੀਤਾ ਕਿ ਪੰਛੀ ਨੂੰ ਅਜਾਈਂ ਨਾ ਮਾਰ ਪਰ ਉਹ ਨਾ ਟਲਿਆ। ਅਲਬੈਟਰਾਸ ਗੋਲੀ ਖਾ ਕੇ ਡਿਗ ਪਿਆ ਤੇ ਸਾਡੇ ਸਾਰਿਆਂ ਦੇ ਦਿਲ ਕੰਬ ਉੱਠੇ ਕਿ ਕੁਝ ਹੋਣੀ ਵਰਤਣ ਵਾਲੀ ਹੈ। (ਯੂਰਪੀ ਮੱਲਾਹ ਪੰਛੀ ਅਲਬੈਟਰਾਸ ਨੂੰ ਪੂਜਨੀਯ ਸਮਝਦੇ ਹਨ)। ਕਈ ਦਿਨ ਲੰਘ ਗਏ ਨਾ ਹਵਾ ਚੱਲੀ ਨਾ ਜਹਾਜ਼ ਹਿਲਿਆ। ਧੁੱਪ ਨਾਲ ਜਹਾਜ਼ ਦੇ ਫੱਟ ਸੁੱਕ ਕੇ ਤੇੜਾਂ ਛੱਡਣ ਲੱਗ ਪਏ। ਸਾਡਾ ਪੀਣ ਦਾ ਪਾਣੀ ਮੁੱਕ ਗਿਆ ਸਮੁੰਦਰ ਇਕ ਤਪੀ ਹੋਈ ਚਾਦਰ ਵਾਂਗ ਨਿਰਛਲ ਹੋਕੇ ਖਲੋ ਗਿਆ। ਗਰਮੀ ਨਾਲ ਤਿਖਾਵੰਤ ਹੋਕੇ ਅਸੀਂ ਜਾਨਾਂ ਛੱਡਣ ਲੱਗ ਪਏ, ਜਹਾਜ਼ ਉੱਤੇ ਪੈ ਕੇ ਅਸਮਾਨ ਵੱਲ ਨਜ਼ਰਾਂ ਕਰਕੇ ਬੇ-ਆਸ ਹੋ ਗਏ। ਉਦਾਲੇ ਸਾਰੇ ਪਾਣੀ ਸੀ ਪਰ ਪੀਣ ਨੂੰ ਇਕ ਤੁਪਕਾ ਨਹੀਂ ਸੀ।

Water water every where,
But not a drop to drink.

ਜਦ ਅਸੀਂ ਅੱਤ ਦੁਖੀ ਤੇ ਮਰਨ ਕਿਨਾਰੇ ਹੋ ਗਏ ਸਾਡੇ ਵਿਚੋਂ ਇਕ ਨੂੰ ਸੁੱਝਿਆ ਕਿ ਪੰਛੀ ਦੀ ਜਾਨ ਲੈਣ ਦਾ ਪਸਚਾਤਾਪ ਕਰੀਏ ਤੇ ਰੱਬ ਅੱਗੇ ਅਰਦਾਸ ਕਰੀਏ। ਕਈਆਂ ਵਿਚ ਉਠ ਕੇ ਬੈਠਣ ਦੀ ਪਹੁੰਚ ਨਹੀਂ ਸੀ। ਅਸੀਂ ਇਕ ਦੋ ਨੇ ਉਠ ਕੇ ਗੋਡਿਆਂ ਭਾਰ ਹੋ ਕੇ ਅਰਦਾਸ ਕੀਤੀ। ਸਾਡੀ ਅਰਦਾਸ ਦਰ ਕਬੂਲ ਹੋਈ ਤੇ ਇਕ ਪਾਸਿਓਂ ਹਨੇਰੀ ਉੱਠੀ ਤੇ ਕਾਲੇ ਬੱਦਲ ਛਾ ਗਏ। ਮੀਂਹ ਬਰਸਿਆ ਮੋਹਲੇ ਧਾਰ ਤੇ ਅਸਾਂ ਬੁੱਕਾਂ ਨਾਲ ਰਜ ਰਜ ਪਾਣੀ ਪੀਤਾ, ਸਾਡੇ ਵਿਚ ਜਾਨ ਪੈ ਗਈ। ਹਵਾ ਵਗੀ ਤੇ ਜਹਾਜ਼ ਦੇ ਪੱਖ ਭਰ ਗਏ ਤੇ ਅਸੀਂ ਆਪਣੇ ਪੰਧ ਵਲ ਤੁਰ ਪਏ। ਬੁੱਢੇ ਮੱਲਾਹ ਨੇ ਅਖੀਰ ਸਿਟਾ ਇਹ ਕੱਢਿਆ ਕਿ

He prayeth well who loveth well
Both man and bird and beast
He prayeth best who loveth best
All thing both great and small.

ਉਸ ਦੀ ਪ੍ਰਾਰਥਨਾ ਸਫਲ ਹੈ ਜੋ ਸਭ ਨਾਲ ਪਿਆਰ ਕਰਦਾ ਹੈ, ਆਦਮੀ ਪੰਛੀ ਤੇ ਪਸ਼ੂ ਨਾਲ । ਸਭ ਨਾਲ ਪਿਆਰ ਕਰਨਾ ਵਡੇ ਛੋਟੇ ਜ਼ਬਾਨ ਬੇਜ਼ਬਾਨ ਨਾਲ ਸਭ ਤੋਂ ਉਚੀ ਪ੍ਰਾਰਥਨਾ ਹੈ ।

ਹਿੰਦੁਸਤਾਨ ਤਾਂ ਦੇਸ ਹੀ ਸਰਵੋਦਿਆ ਦੇ ਅਸੂਲ ਵਾਲਿਆਂ ਦਾ ਹੈ । ਸਾਰਾ ਜ਼ੋਰ ਕੇਵਲ ਗਊ ਰਖਿਆ ਵਲ ਖਰਚ ਹੋਣਾ ਚੰਗਾ ਨਹੀਂ । ਗਊ ਰਖਿਆ ਭੀ ਬਹੁਤ ਸਾਰਾ ਵਿਖਾਵਾ ਤੇ ਪਾਖੰਡ ਜਿਹਾ ਹੈ । ਅਣਗਿਣਤ ਗਊਆਂ ਤੇ ਵੱਛੀਆਂ ਪਿੰਡਾਂ ਵਿਚ ਲਾਵਾਰਸ ਫਿਰਦੀਆਂ ਹਨ ਉਜਾੜਾ ਕਰਦੀਆਂ, ਕੋਈ ਗਊ ਰੱਖਿਆ ਵਾਲਾ ਨਹੀਂ ਬਹੁੜਦਾ । ਸਗੋਂ ਕਈ ਗੁਜ਼ਾਰੇ ਵਾਲੇ ਆਦਮੀ ਗਊ ਦਾ ਦੁੱਧ ਪੀ ਕੇ ਉਸ ਨੂੰ ਘਰੋਂ ਕੱਢ ਦੇਂਦੇ ਹਨ । ਜਾਨਵਰਾਂ ਨਾਲ ਨਿਰਾ ਅਰਸ਼ੀ ਜੇਹਾ ਪ੍ਰੇਮ ਭੀ ਐਵੇਂ ਨਾ ਹੋਣ ਵਾਲੀ ਗੱਲ ਹੈ । ਏਨੀ ਭੀ ਵੱਡੀ ਗੱਲ ਹੈ ਜੇ ਅਸੀਂ ਆਪਣੇ ਪਾਲਤੂ ਪਸ਼ੂਆਂ ਨੂੰ ਜੋ ਸਾਡੀ ਐਨੀ ਸੇਵਾ ਕਰਦੇ ਹਨ, ਉਨ੍ਹਾਂ ਦੀ ਪੂਰੀ ਰੱਜਵੀਂ ਖੁਰਾਕ ਤੇ ਵਿਸਰਾਮ ਨੂੰ ਸੁਕਾ ਸਾਫ ਥਾਂ ਦੇ ਸਕੀਏ । ਪਰ ਲੋਕ ਏਨਾ ਭੀ ਨਹੀਂ ਕਰਦੇ । ਹਾਰੇ ਹੋਏ ਪਸ਼ੂਆਂ ਨੂੰ ਵਾਹੀ ਜਾਣਾ, ਲੰਗੜੇ ਟੱਟੂਆਂ ਨੂੰ ਜੋਈ ਰੱਖਣਾ ਜੇ ਮੱਝ ਦੁੱਧ ਸਹਿਜੇ ਨਾ ਦੇਵੇ ਕੁਟੱਢੇ ਤਰੀਕੇ ਦੁੱਧ ਉਤਾਰਸ ਦੇ ਵਰਤਣੇ ਏਹ ਸਭ ਨਾ ਕੇਵਲ ਦਯਾ ਤੋਂ ਉਲਟ ਹੈ ਸਗੋਂ ਬੜੀ ਅਕ੍ਰਿਤਘਣਤਾ ਹੈ ਤੇ ਮਨੁੱਖੀ ਅਸੂਲਾਂ ਨੂੰ ਵੱਟਾ ਲਾਉਣ ਦੀ ਗੱਲ ਹੈ ।

ਸਗੋਂ ਜੇਕਰ ਵੇਖਿਆ ਜਾਵੇ ਯੂਰਪ ਵਾਲੇ ਜਿਨ੍ਹਾਂ ਨੂੰ ਅਸੀਂ ਹਤਿਆ ਕਰਨ ਵਾਲੇ ਕਹਿਕੇ ਭੰਡਦੇ ਹਾਂ, ਸਾਡੇ ਨਾਲੋਂ ਜਾਨਵਰਾਂ ਦੀ ਵਧ ਸੇਵਾ ਕਰਦੇ ਹਨ ਜੇਹੜੇ ਪਸ਼ੂ ਖਾਣ ਲਈ ਪਾਲਦੇ ਹਨ ਉਨ੍ਹਾਂ ਨੂੰ ਬਹੁਤ ਮੋਟੇ ਕਰਦੇ ਹਨ ਜਿਸ ਨਾਲ ਬਾਹਲੀਆਂ ਜਾਨਾਂ ਨਹੀਂ ਮਾਰਨੀਆ ਪੈਂਦੀਆਂ । ਦੁੱਧ ਵਾਲੀ ਗਊ ਦੀ ਰੱਖਿਆ ਭੀ ਕਰਦੇ ਹਨ ਤੇ ਸੇਵਾ ਭੀ । ਪਹਲਾਂ ਏਨ੍ਹਾਂ ਨੂੰ ਸ਼ਿਕਾਰ ਮਾਰਨ ਦਾ ਬਹੁਤ ਸ਼ੌਕ ਸੀ । ਹੁਣ ਸ਼ਿਕਾਰ ਮਾਰਨ ਦੀ ਥਾਂ ਜੰਗਲੀ ਜਾਨਵਰਾਂ ਨੂੰ ਉਨ੍ਹਾਂ ਦੇ ਕੁਦਰਤੀ ਅਸਥਾਨਾਂ ਜੰਗਲਾਂ ਵਿਚ ਜਾਕੇ ਉਨ੍ਹਾਂ ਦੀਆਂ ਤਸਵੀਰਾਂ ਲੈਂਦੇ ਹਨ ਤਾਂ ਜੋ ਦੁਨੀਆਂ ਓਹੀ ਨਜ਼ਾਰੇ ਦੇਖ ਸਕੇ ਜਿਨ੍ਹਾਂ ਨੂੰ ਦੇਖਣ ਲਈ ਅਮੀਰ ਆਦਮੀ ਅਫਰੀਕਾ ਦੇ ਜੰਗਲਾਂ ਵਿਚ ਜਾਂਦੇ ਹਨ । ਅਫਰੀਕਾ ਵਿਚ ਇਕ ਵੱਡਾ ਜੰਗਲ ਸੈਂਕੜਿਆਂ ਕੋਹਾਂ ਵਿਚ ਹੈ ਜਿਸ ਵਿਚ ਕਿਸੇ ਨੂੰ ਸ਼ਿਕਾਰ ਮਾਰਨ ਦੀ ਆਗਿਆ

ਨਹੀਂ। ਸੈਰ ਕਰਨ ਵਾਲੇ ਮੋਟਰਾਂ ਲਾਰੀਆਂ ਵਿਚ ਜਾਂਦੇ ਹਨ ਤੇ ਸ਼ੇਰਬਬਰਾਂ ਦੇ ਟੱਬਰਾਂ ਨੂੰ ਇੱਕਠੇ ਫਿਰਦੇ ਵੇਖਦੇ ਹਨ। ਪਾਲਤੂ ਤੇ ਜੰਗਲੀ ਜਾਨਵਰਾ ਦੀ ਰਹਿਣੀ ਖਾਣ ਪੀਣ ਨੂੰ ਵੇਖਣਾ ਉਨ੍ਹਾਂ ਦੇ ਸੁਭਾਵਾਂ ਦੀ ਖੋਜ ਕਰਨੀ ਵਿਦਿਆ ਦਾ ਇਕ ਜ਼ਰੂਰੀ ਅੰਗ ਸਮਝਿਆ ਜਾਂਦਾ ਹੈ। ਸੋਝੀ ਵਾਲੇ ਦੇਸ਼ਾਂ ਵਿਚ ਲੋਕਾਂ ਦੇ ਵੇਖਣ ਲਈ ਵੱਡੇ ਚਿੜਿਆ ਘਰ ਬਣਾਏ ਗਏ ਹਨ। ਜਿਨ੍ਹਾਂ ਨੂੰ ਵਧੇਰੇ ਖ਼ਿਆਲ ਹੈ ਉਨ੍ਹਾਂ ਨੇ ਖਾਸ ਕਰ ਜੰਗਲੀ ਜਾਨਵਰਾਂ ਨੂੰ ਐਵੇਂ ਲੋਕਾਂ ਦੇ ਵੇਖਣ ਲਈ ਪਿੰਜਰਿਆਂ ਵਿਚ ਨਹੀਂ ਤਾੜਿਆ ਹੋਇਆ ਸਗੋਂ ਵੱਡੇ ਵੱਡੇ ਕਈ ਸੌ ਵਿੱਘਿਆਂ ਦੇ ਅਜੇਹੇ ਖੁਲ੍ਹੇ ਥਾਂ ਬਣਾਏ ਹਨ ਜਿਨ੍ਹਾਂ ਨੂੰ ਨਕਲੀ ਜੰਗਲ ਆਖਿਆ ਜਾ ਸਕਦਾ ਹੈ, ਅਜੇਹੇ ਥਾਂ ਤੇ ਪਾਣੀ ਦੇ ਚਸ਼ਮੇ ਪਥਰੀਲੀਆਂ ਢਾਬਾਂ ਜੋ ਉਨ੍ਹਾਂ ਜਾਨਵਰਾਂ ਦੀ ਕੁਦਰਤੀ ਰਹਿਣੀ ਦੇ ਅਨਕੂਲ ਹੋਵਣ।

ਅਮਰੀਕਾ ਦੇ ਵੱਡੇ ਸ਼ਹਿਰ ਨਿਊਯਾਰਕ ਦਾ (Zoo) ਚਿੜੀਆ ਘਰ ਢਾਈ ਸੌ ਏਕੜ ਜ਼ਮੀਨ ਵਿਚ ਹੈ। ਹਰ ਰੋਜ਼ ਤੀਹ ਚਾਲੀ ਹਜ਼ਾਰ ਬੱਚੇ ਬਿਰਧ ਜੁਆਨ ਇਸ ਨੂੰ ਵੇਖਣ ਆਉਂਦੇ ਹਨ। ਵੇਖਣ ਵਾਲੇ ਐਵੇਂ ਫੋਕੇ ਜੇਹੇ ਝਾਕੇ ਵਾਸਤੇ ਨਹੀਂ ਆਉਂਦੇ, ਬਚਿਆਂ ਦਾ ਤਾਂ ਤਮਾਸ਼ਾ ਹੁੰਦਾ ਹੈ ਪਰ ਬਹੁਤ ਸਾਰੇ ਆਦਮੀ ਖ਼ਾਸ ਮਤਲਬ ਲਈ ਆਉਂਦੇ ਹਨ। ਕਿਸੇ ਨੂੰ ਉਂਝ ਹੀ ਜਾਨਵਰਾਂ ਦੇ ਜੀਵਨ, ਉਨ੍ਹਾਂ ਦੀ ਚਾਲ ਢਾਲ ਵੇਖਣ ਦਾ ਚਸਕਾ ਹੈ, ਕੋਈ ਕਿਤਾਬ ਲਿਖ ਰਿਹਾ ਹੈ, ਉਸ ਲਈ ਜਾਨਵਰਾਂ ਦੀ ਰਹਿਣੀ ਬਹਿਣੀ ਨੂੰ ਚੰਗੂ ਜਾਚਣਾ ਜ਼ਰੂਰੀ ਹੈ, ਕਿਸੇ ਨੂੰ ਜਾਨਵਰਾਂ ਦੇ ਬੱਚੇ ਪਾਲਣ ਤੇ ਸਾਂਭ ਕਰਨ ਦੇ ਢੰਗਾਂ ਵਿਚ ਦਿਲਚਸਪੀ ਹੈ, ਗੱਲ ਕੀ ਚਿੜੀਆ ਘਰ ਨਿਰਾ ਇਕ ਤਮਾਸ਼ਾ ਨਹੀਂ ਵਿਦਿਆ ਮੰਦਰ ਹੈ ਜਿਸ ਵਿਚੋਂ ਜਾਨਵਰਾਂ ਨਾਲ ਪ੍ਰੇਮ ਕਰਨ ਵਾਲੇ ਬਹੁਤ ਲਾਭ ਪ੍ਰਾਪਤ ਕਰ ਸਕਦੇ ਹਨ।

ਜਿਵੇਂ ਜਿਵੇਂ ਆਦਮੀ ਦੀ ਕਾਢ ਸ਼ਕਤੀ ਪਸ਼ੂਆਂ ਪੰਛੀਆਂ ਦੀਆਂ ਸ਼ਕਤੀਆਂ ਨੂੰ ਵਰਤਣ ਵਲ ਲਗਦੀ ਆਈ ਹੈ, ਇਹ ਬੇਜ਼ਬਾਨ ਜੀਅ ਆਦਮੀ ਦੀ ਯਥਾ ਸ਼ਕਤ ਸੇਵਾ ਕਰਦੇ ਆਏ ਹਨ। ਘੋੜਿਆਂ ਅਤੇ ਹਾਥੀਆਂ ਦੀ ਵਰਤੋਂ ਮੁੱਢ ਤੋਂ ਯੁਧਾਂ ਵਿਚ ਹੁੰਦੀ ਆਈ ਹੈ। ਸਿਧੇ ਹੋਏ ਘੋੜਿਆਂ ਦੀ ਲੋੜ ਜੋ ਸਵਾਰ ਦਾ ਇਸ਼ਾਰਾ ਸਮਝ ਸਕਣ, ਹਾਥੀ ਜੋ ਲੜਾਈ ਵਿਚ ਹੁਕਮ ਮੰਨਣ। ਬਾਜ਼ਾਂ ਨੂੰ ਨਾ ਕੇਵਲ ਪੰਛੀਆਂ ਦੇ ਸ਼ਿਕਾਰ ਲਈ ਵਰਤਿਆ ਗਿਆ ਹੈ ਕਈ ਕਈ

ਦੇਸ਼ਾਂ ਵਿਚ ਵਿਰੋਧੀ ਘੋੜ ਚੜ੍ਹਿਆਂ ਨੂੰ ਰੋਕਣ ਤੇ ਅੰਨ੍ਹਿਆਂ ਕਰਨ ਲਈ ਵਰਤਿਆ ਜਾਂਦਾ ਦਸਿਆ ਗਿਆ ਹੈ। ਹਿੰਦੁਸਤਾਨ ਵਿਚ ਪਾਲਤੂ ਚਿੱਤਿਆਂ ਨਾਲ ਹਰਨਾਂ ਦਾ ਸ਼ਿਕਾਰ ਕੀਤਾ ਜਾਂਦਾ ਹੈ। ਚੀਨ ਵਿਚ (Cormorant) ਇਕ ਕਿਸਮ ਦਾ ਬਗਲਾ ਮੱਛੀ ਫੜਨ ਲਈ ਸਿਧਾਇਆ ਜਾਂਦਾ ਹੈ ਜੋ ਮਾਲਕ ਲਈ ਮੱਛੀਆਂ ਫੜਦਾ ਹੈ ਤੇ ਉਸ ਦਾ ਗੁਜ਼ਾਰਾ ਕਰਦਾ ਹੈ। ਕਬੂਤਰਾਂ ਨੂੰ ਦੂਰ ਦੁਰਾਡੇ ਥਾਵਾਂ ਨੂੰ ਚਿੱਠੀਆਂ ਰਾਹੀਂ ਸੁਨੇਹੇ ਪੁਚਾਣ ਲਈ ਵਰਤਿਆ ਜਾਂਦਾ ਹੈ। ਬਰਤਾਨੀਆ ਵਾਲਿਆਂ ਦੇ (Sheepdogs) ਭੇਡਾਂ ਸਾਂਭਣ ਵਾਲੇ ਕੁੱਤੇ ਦੁਨੀਆਂ ਵਿਚ ਮਸ਼ਹੂਰ ਹਨ। ਅਜੇਹਾ ਇਕ ਕੁੱਤਾ ਭੇਡਾਂ ਦੇ ਇੱਜੜ ਨੂੰ ਘੇਰ ਕੇ ਉਨ੍ਹਾਂ ਦੇ ਵਾੜੇ ਵਿਚ ਵਾੜ ਸਕਦਾ ਹੈ ਤੇ ਜੇ ਇਕ ਅੱਧੀ ਭੇਡ ਘੱਟ ਹੋਵੇ ਚਰਾਂਦ ਦੀਆਂ ਪਹਾੜੀਆਂ ਵਿਚੋਂ ਲੱਭ ਕੇ ਲਿਆ ਸਕਦਾ ਹੈ ਤੇ ਜੇ ਕਈ ਭੇਡ ਪਾਲੀ ਦੇ ਨਾ ਹੁੰਦਿਆਂ ਵੇਹਦਿਆਂ ਕਿਸੇ ਨਿਵੇਕਲੇ ਥਾਂ ਸੂ ਪਵੇ ਉਸ ਦੀ ਤੇ ਬੱਚੇ ਦੀ ਰਾਖੀ ਭੀ ਉਹੀ ਕੁੱਤਾ ਕਰਦਾ ਹੈ। ਸਰਕਸਾਂ ਵਿਚ ਘੋੜਿਆਂ, ਹਾਥੀਆਂ, ਬੰਦਰਾਂ ਆਦ ਦੇ ਕਰਤਬ ਵੇਖਣ ਲਈ ਦੁਨੀਆਂ ਇਕੱਠੀ ਹੁੰਦੀ ਹੈ। ਪਹਾੜ ਐਲਪਸ ਦੇ ਜਗਤ ਪ੍ਰਸਿੱਧ ਕੁਤੇ (St. Bernard Dogs) ਜਿਨ੍ਹਾਂ ਨੂੰ ਬਰਫ-ਢੱਕੇ ਪਹਾੜਾਂ ਵਿਚ ਸੈਂਟ ਬਰਨਾਰਡ ਨਾਮੀ ਸਾਧ ਆਪਣੇ ਡੇਰੇ ਵਿਚ ਸਿਧਾਂਦੇ ਹਨ, ਹਰ ਸਾਲ ਕਈ ਜਾਨਾਂ ਗਰੀਬ, ਬਰਫ-ਮਾਰੇ ਰਾਹੀਆਂ ਦੀਆਂ ਬਚਾਂਦੇ ਹਨ। ਉਹ ਮੁਸ਼ਕ ਨਾਲ ਬਰਫਾਂ ਵਿਚ ਡਿੱਗੇ ਢੱਠੇ ਮੁਸਾਫਰਾਂ ਕੋਲ ਜਾ ਪੁੱਜਦੇ ਹਨ ਤੇ ਉਸ ਦੇ ਉਪਰੋਂ ਬਰਫ ਲਾਹ ਕੇ ਆਪਣੇਂ ਗਲ ਬੱਧੀ ਹੋਈ ਸ਼ਰਾਬ ਪੇਸ਼ ਕਰਦੇ ਹਨ ਜਿਸ ਨਾਲ ਰਾਹੀਂ ਗਰਮ ਹੋਕੇ ਮਨੁਖੀ ਮਦਦ ਉਡੀਕਣ ਦੇ ਯੋਗ ਹੋ ਜਾਂਦਾ ਹੈ। ਉੱਤਰੀ ਅਤੇ ਦੱਖਣੀ ਧਰੂਆਂ (Poles) ਦੇ ਦੇਸਾਂ ਵਿਚ ਮਨੁੱਖ ਦਾ ਜਾਣਾ ਅਸੰਭਵ ਸੀ ਜੇ ਕਰ ਉਥੇ ਬਰਫਾਂ ਉਤੇ ਰਿੜ੍ਹਨ ਵਾਲੀਆਂ ਗੱਡੀਆਂ ਦੇ ਖਿਚਣ ਲਈ ਠੰਢ-ਝੱਲੂ ਕੁਤੇ ਮਦਦ ਨਾ ਦੇਂਦੇ। ਇਕ (Sledge) ਬਰਫ ਰੇੜ੍ਹੇ ਨੂੰ ਦਸ ਬਾਰਾਂ ਕੁੱਤੇ ਜੁੜਦੇ ਹਨ ਤੇ ਬੇਅੰਤ ਠੰਢ ਨੂੰ ਝੱਲ ਸਕਦੇ ਹਨ, ਕੱਚੇ ਮਾਸ ਨਾਲ ਗੁਜ਼ਰਾਨ ਕਰ ਸਕਦੇ ਹਨ ਤੇ ਸਭ ਤੋਂ ਵੱਡੀ ਗੱਲ ਇਹ ਕਿ ਬਰਫਾਨੀ ਰੇਗਿਸਤਾਨਾਂ ਵਿਚ ਜਿਥੋਂ ਦੀ ਇਕ ਵਾਰ ਲੰਘ ਜਾਣ ਉਸ ਰਾਹ ਨੂੰ ਭੁੱਲਦੇ ਨਹੀਂ।

ਅੰਜੀਲ ਗ੍ਰੰਥ ਵਿਚ ਇਕ ਵੱਡੇ ਜਗਤ-ਡੋਬੂ ਹੜ ਦਾ ਵਰਤਾਂਤ ਦੱਸਿਆ

ਹੈ। ਲਿਖਿਆ ਹੈ ਕਿ ਹਜ਼ਰਤ ਨੂਹ ਨੇ, ਜਿਸ ਨੂੰ ਇਕ ਬਹੁਤ ਵਿਰਧ ਅਵਤਾਰ ਸਮਝਿਆ ਜਾਂਦਾ ਸੀ, ਇਕ ਬੜੀ ਵੱਡੀ ਕਿਸ਼ਤੀ ਬਣਾਈ। ਏਸ ਕਿਸ਼ਤੀ ਵਿਚ ਉਸ ਨੇ ਦੁਨੀਆਂ ਦੇ ਸਭ ਜਾਨਵਰਾਂ ਦੇ ਜੋੜੇ ਲੱਦ ਲਏ। ਉਸ ਪਰਲੋ ਹੜ ਨਾਲ ਹੋਰ ਸਾਰੇ ਜਾਨਵਰ ਡੁੱਬ ਕੇ ਮਰ ਗਏ ਪਰ ਹਜ਼ਰਤ ਨੂਹ ਦੀ ਕਿਸ਼ਤੀ ਦੇ ਜਾਨਵਰ ਬਚ ਗਏ। ਜਦ ਹੜ ਹੋ ਚੁਕਾ ਤਾਂ ਇਹ ਜੋੜੀਆਂ ਕਿਸ਼ਤੀਆਂ ਵਿਚੋਂ ਛਡ ਦਿਤੀਆਂ ਤੇ ਧਰਤੀ ਫੇਰ ਜਾਨਵਰਾਂ ਨਾਲ ਭਰਪੂਰ ਹੋ ਗਈ। ਹਜ਼ਰਤ ਨੂਹ ਦੀ ਕਿਸ਼ਤੀ ਖ਼ਾਸੀ ਸ਼ਹਿਰ ਜੇਡੀ ਵੱਡੀ ਹੋਣੀ ਹੈ ਨਹੀਂ ਤਾਂ ਮੁਸ਼ਕਲ ਜਾਪਦਾ ਹੈ—ਕੇ ਕਿਵੇਂ ਸ਼ੇਰ ਚਿੱਤੇ ਹਾਥੀ ਬਘਿਆੜ ਬਣ ਮਾਣੂ ਤੇ ਹੋਰ ਖੁਸ਼ਕੀ ਉੱਤੇ ਰਹਿਣ ਵਾਲੇ ਬੇਸ਼ੁਮਾਰ ਜਾਨਵਰ ਇਕ ਥਾਂ ਡੱਕ ਕੇ ਰੱਖੇ ਗਏ ਤੇ ਆਪੋ ਵਿਚੀ ਖ਼ੂਨ ਖ਼ਰਾਬਾ ਨਾ ਕਰਨ ਡਹਿ ਪਏ। ਖ਼ੈਰ ਕਿਵੇਂ ਭੀ ਹੋਇਆ, ਇਨੀ ਗੱਲ ਤਾਂ ਜ਼ਰੂਰ ਹੋ ਗਈ ਕਿ ਜਾਨਵਰਾਂ ਦਾ ਬੀਜ ਨਾਸ ਹੋਣੋ ਬਚ ਗਿਆ ਤੇ ਸਾਰੀ ਦੁਨੀਆਂ ਮੁੜ ਕੇ ਜਾਨਵਰਾਂ ਨਾਲ ਆਬਾਦ ਹੋ ਗਈ। ਹਜ਼ਰਤ ਨੂਹ ਦੀ ਬੜੀ ਦਿੱਬ ਦ੍ਰਿਸ਼ਟੀ ਸੀ ਕਿ ਉਸ ਨੇ ਜਾਨਵਰਾਂ ਨੂੰ ਨਾਬੂਦ ਹੋਣੋਂ ਰੋਕ ਕੇ ਆਦਮੀ ਦੀ ਦੁਨੀਆਂ ਦੀ ਅੱਧੀ ਰੌਣਕ ਬਚਾ ਲਈ। ਦੁਨੀਆਂ ਉਤੇ ਪਸ਼ੂ ਨਾ ਹੁੰਦੇ ਖ਼ਬਰੇ ਕੀ ਹਾਲ ਹੁੰਦਾ। ਜਿਵੇਂ ਸ਼ਹਿਰ ਦੇ ਲਾਲਾ ਜੀ ਆਖਿਆ ਕਰਦੇ ਹਨ, ਜੇ ਜੱਟ ਨਾ ਹੁੰਦੇ ਏਹ ਸਾਰੇ ਔਖੇ ਕੰਮ ਆਦਮੀਆਂ ਨੂੰ ਕਰਨੇ ਪੈ ਜਾਂਦੇ, ਖ਼ਬਰੇ ਆਦਮੀ ਜ਼ੋਰ ਨਾਲ ਇਕ ਦੂਜੇ ਨੂੰ ਜੋ ਲੈਂਦੇ ਤੇ ਭਾਵੇਂ ਹਲ ਵਾਹੁਣ ਲਈ ਤੀਵੀਆਂ ਤੇ ਗੱਲੀਂ ਪੰਜਾਲੀਆਂ ਪਾ ਲਈਆਂ ਜਾਂਦੀਆਂ। ਜਾਨਵਰਾਂ ਤੋਂ ਖ਼ਾਲੀ ਦੁਨੀਆਂ ਦਾ ਅਨੁਭਵ ਹੀ ਸਾਡੇ ਦਿਮਾਗ਼ਾਂ ਵਿਚ ਨਹੀਂ ਹੋ ਸਕਦਾ।

ਆਦਮੀ ਭਾਵੇਂ ਆਪਣੇ ਮੂੰਹੋਂ ਏਸ ਦੁਨੀਆਂ ਨੂੰ ਆਦਮੀ ਦੀ ਦੁਨੀਆਂ ਆਖੀ ਜਾਵੇ ਪਰ ਜਦ ਤੋੜੀ ਗੋਲ ਖਿੱਦੋ ਦਾ ਚੌਥਾ ਪੰਜਵਾਂ ਹਿੱਸਾ ਜੀਵਾਂ ਨਾਲ ਕੁਰਬਲ ਕੁਰਬਲ ਕਰਦੇ ਪਾਣੀਆਂ ਨਾਲ ਢੱਕਿਆ ਹੋਇਆ ਤੇ ਖੁਸ਼ਕ ਧਰਤੀ ਦੇ ਅੱਧੇ ਥਾਂ ਜੰਗਲਾਂ ਤੇ ਜੰਗਲਾਂ ਦੇ ਜਾਨਵਰਾਂ ਨਾਲ ਵੱਸੇ ਹੋਏ ਹਨ ਆਦਮੀ ਦਾ ਇਹ ਦਾਅਵਾ ਕੁਝ ਵਧੀਕ ਜਾਪਦਾ ਹੈ।

ਕਹਿੰਦੇ ਹਨ ਰੱਬ ਨੇ ਆਦਮੀ ਨੂੰ ਆਪਣੇ ਰੂਪ ਵਿਚ ਰਚਿਆ, ਕੀ ਏਨਾਂ ਬੇਜ਼ਬਾਨਾਂ ਨੂੰ ਰਚਣ ਵਾਲਾ ਕੋਈ ਹੋਰ ਰੱਬ ਹੈ? ਕੀ ਏਹ ਉਸ ਨੂੰ ਘੱਟ ਪਿਆਰੇ

ਹਨ ? ਕੀ ਉਸਦਾ ਹਿਰਦਾ ਜਿਸ ਨੂੰ ਦਯਾ ਤੇ ਸ਼ਾਂਤੀ ਦਾ ਸਾਗਰ ਕਹਿੰਦੇ ਹਨ ਏਨ੍ਹਾਂ ਦਰਵੇਸ਼ਾਂ ਦੀ ਜੰਗਲ ਵਾਸੀ ਦੁਨੀਆਂ ਨੂੰ ਕਿਸੇ ਹੋਰ ਤਰ੍ਹਾਂ ਪਿਆਰ ਕਰਦਾ ਹੈ ? ਇਹ ਕਿਵੇਂ ਹੋ ਸਕਦਾ ਹੈ ?

ਆਦਮੀ ਨੇ ਪਸ਼ੂਆਂ ਤੇ ਪੰਛੀਆਂ ਤੋਂ ਬੇਸ਼ੁਮਾਰ ਕੰਮ ਲਏ ਹਨ ਤੇ ਏਹੀ ਕਾਰਨ ਸੀ ਕਿ ਲੋਕਾਂ ਨੂੰ ਪਸ਼ੂ ਪੰਛੀ ਪਾਲਣ ਦਾ ਬੜਾ ਸ਼ੌਕ ਰਿਹਾ ਹੈ। ਸਿਫ਼ਤਾਂ ਵਾਲੇ ਨਸਲੀ ਘੋੜੇ ਪਾਲਣਾ ਅਮੀਰਾਂ ਦਾ ਚੋਜ ਰਿਹਾ ਹੈ। ਦੌੜਾਂ ਜਿੱਤਣ ਵਾਲੇ ਘੋੜਿਆਂ ਦਾ ਮੁੱਲ ਲੱਖਾਂ ਤਕ ਪੈਂਦਾ ਹੈ। ਬੀਕਾਨੇਰ ਵਿਚ ਡਾਚੀਆਂ, ਨਾਗੌਰ ਦੇ ਬਲਦ, ਅਰਬ ਦੇ ਘੋੜੇ ਇਤ ਆਦਿ, ਹਰ ਦੇਸ ਵਿਚ ਆਪਣੇ ਪੌਣ ਪਾਣੀ ਤੇ ਲੋੜਾਂ ਅਨੁਸਾਰ ਪਸ਼ੂ ਪਾਲੇ ਤੇ ਰਖੇ ਜਾਂਦੇ ਹਨ। ਪਰ ਹੁਣ ਸਮੇਂ ਬਦਲ ਗਏ ਹਨ ਤੇ ਬੜੀ ਤੇਜ਼ੀ ਨਾਲ ਬਦਲ ਰਹੇ ਹਨ। ਜਿਥੇ ਅਗੇ ਤਾਂਗੇ ਤੇ ਬੱਘੀਆਂ ਨਾਲ ਸੜਕਾਂ ਤੇ ਬਾਜ਼ਾਰ ਭਰੇ ਹੁੰਦੇ ਸਨ ਹੁਣ ਯਾ ਮੋਟਰਾਂ ਫਿਟ ਫਿਟ ਕਰਦੀਆਂ ਫਿਰਦੀਆਂ ਹਨ ਤੇ ਯਾ ਆਪ ਆਦਮੀ ਸਵਾਰੀਆਂ ਖਿੱਚੀ ਫਿਰਦਾ ਹੈ। ਵਡੇ ਸ਼ਾਹੂਕਾਰਾਂ ਕੋਲ ਫੁਲਾਂ ਵਰਗੀਆਂ ਹਲਕੀਆਂ ਬਘੀਆਂ ਤੇ ਜੋੜਨ ਨੂੰ ਜੋੜੀਆਂ ਹੁੰਦੀਆਂ ਜੇ ਕਿਸੇ ਗੁਜ਼ਾਰੇ ਵਾਲੇ ਨੂੰ ਇਕ ਇਕ ਸਬਜ਼ਾ ਮਿਲ ਜਾਂਦਾ ਸੀ ਉਸ ਨਾਲ ਜੋੜੀ ਰਲਾਉਣ ਲਈ ਉਸ ਦੇ ਨੌਕਰ ਦੇਸ ਗਾਹ ਮਾਰਦੇ ਸਨ। ਰਣਜੀਤ ਸਿੰਘ ਇਕ ਸੋਹਣੀ ਘੋੜੀ ਲੈਲਾ ਲਈ ਮੁਸਲਮਾਨ ਬਾਦਸ਼ਾਹ ਨਾਲ ਜੰਗ ਛੇੜਨ ਨੂੰ ਤਿਆਰ ਹੋ ਗਿਆ ਸੀ। ਪਰ ਹੁਣ ਜਿਉਂ ਜਿਉਂ ਮਸ਼ੀਨਾਂ ਦਾ ਜ਼ਮਾਨਾ ਆ ਰਿਹਾ ਹੈ ਤਿਉਂ ਤਿਉਂ ਘੋੜਿਆਂ ਉਨ੍ਹਾਂ ਦੇ ਰਸਾਲੇ ਤੋੜ ਕੇ ਮੋਟਰਾਂ ਦੇ ਰਸਾਲੇ ਖੜੇ ਕੀਤੇ ਜਾ ਰਹੇ ਹਨ। ਜੇ ਏਹੋ ਹਾਲ ਰਿਹਾ ਸ਼ੈਦ ਕੋਈ ਜ਼ਮਾਨਾ ਆਵੇ ਜਦ ਘੋੜਿਆਂ ਤੇ ਕੁਤਿਆਂ ਨੂੰ ਚਿੜੀਆ-ਘਰਾਂ ਵਿਚ ਰਖਿਆ ਜਾਇਆ ਕਰੇ। ਮਸ਼ੀਨਾਂ ਦੇ ਆਉਣ ਨਾਲ ਆਦਮੀ ਦਾ ਸੁਭਾ ਭੀ ਬਦਲਣਾ ਜ਼ਰੂਰੀ ਹੈ। ਜਾਨਦਾਰਾਂ ਦੇ ਪਿਆਰ ਵਲੋਂ ਹਟ ਕੇ ਆਦਮੀ ਦਾ ਦਿਲ ਸ਼ਾਇਦ ਰੁਖਾਂ ਹਿਤ ਹੇਤ ਤੋਂ ਸਖਣਾ ਹੋ ਜਾਵੇ। ਪਰ ਏਹ ਭੀ ਸੰਭਵ ਹੈ ਕਿ ਆਦਮੀ ਜਾਨਵਰਾਂ ਨੂੰ ਨਿਰਾ ਉਨ੍ਹਾਂ ਦੀ ਵਰਤੋਂ ਕਰਕੇ ਨਹੀਂ ਸ਼ਿੰਗਾਰ ਤੇ ਪਿਆਰ ਵਜੋਂ ਰਖਣ ਲਗ ਪਵੇ ਤੇ ਮਨੁਖ ਦੇ ਨਿਕਟਵਰਤੀ ਪਸ਼ੂ ਅੱਗੇ ਨਾਲੋਂ ਭੀ ਜ਼ਿਆਦਾ ਸੁਖ ਤੇ ਸੁਹਜ ਮਾਣਨ ਲਗ ਪੈਣ ਯਾ ਏਨ੍ਹਾਂ ਪਸ਼ੂਆਂ ਨੂੰ ਕੰਮ ਲਾਉਣ ਦੇ ਹੋਰ ਰਾਹ ਨਿਕਲ ਆਉਣ।

ਸੜਕਾਂ ਸੱਭਿਤਾ ਤੇ ਸੈਰ

(੧)

"ਲੰਮੀ ਸੜਕ ਲਾਹੌਰ ਦੀ
ਰੇਲੂ ਪਕੜਿਆ ਜਾਇ
ਗਹਿਣਾ ਗੱਟਾ ਵੇਚ ਕੇ
ਲੈਣਾ ਰੇਲੂ ਛੁਡਾਇ"

ਇਹ ਨਕਸ਼ਾ ਸ਼ਾਇਦ ਉਨ੍ਹਾਂ ਵੇਲਿਆਂ ਦਾ ਹੈ ਜਦ ਅੰਗਰੇਜ਼ਾਂ ਲਾਹੌਰ ਨਵਾਂ ਨਵਾਂ ਲਿਆ ਸੀ ਤੇ ਲਾਹੌਰ ਹੀ ਉਨ੍ਹਾਂ ਦੀ ਵਡੀ ਅਦਾਲਤ ਹੁੰਦੀ ਸੀ। ਪਿਛੋਂ ਪੰਜਾਬ ਦਾ ਹਾਈ ਕੋਰਟ ਭੀ ਲਾਹੌਰ ਹੀ ਸਥਾਪਨ ਕੀਤਾ ਗਿਆ ਸੀ। ਕਵੀ ਨੇ ਤਿੰਨ ਖਿਆਲ ਦੋਹੇ ਵਿਚ ਭਰੇ ਹਨ, ਲੰਮੀ ਸੜਕ, ਰੇਲੂ ਉਤੇ ਵਾਪਰੀ ਘਟਨਾ ਤੇ ਉਸਦੀ ਪ੍ਰੇਮਣ ਦਾ ਹਠ। ਧਰਤੀ ਉਤੇ ਨਾਟਕ ਰਚਣ ਵਾਲੇ ਮੁਢ ਤੋਂ ਧਰਤੀ ਦੇ ਆਦਮੀ ਹੀ ਬਣੇ ਆਏ ਹਨ ਤੇ ਇਸਤ੍ਰੀ ਵਿਚਾਰੀ ਤਾਂ ਖੱਦਰ ਉਤੇ ਫੁਲ ਪਾਉਣ ਵਾਂਗ ਆਦਮੀਆਂ ਦੇ ਖਹੁਰੇ ਕਾਰਨਾਮਿਆਂ ਵਿਚ ਫੁਲ ਹੀ ਚੜ੍ਹਦੀ ਆਈ ਹੈ। ਇਥੇ ਲਾਹੌਰ ਦਾ ਨਕਸ਼ਾ ਉਨ ਦੇ ਵਿਆਕੁਲ ਹਿਰਦੇ ਵਿਚੋਂ ਨਿਕਲ ਕੇ ਪੜ੍ਹਨ ਵਾਲਿਆਂ ਦੇ ਦਿਲਾਂ ਵਿਚ ਆਪੋ ਆਪਣੇ ਸੁਭਾਵ ਅਨੁਸਾਰ ਆਪਣੇ ਆਪਣੇ ਵਿਚਾਰਾਂ ਦੇ ਪਰਤਾਵ ਸਾਹਮਣੇ ਲਿਆ ਰਿਹਾ ਹੈ।

ਉਦੋਂ ਨਾ ਰੇਲਾਂ ਸਨ ਨਾ ਲਾਰੀਆਂ, ਧਰਤੀ ਉਤੇ ਸੜਕ ਸੀ ਤੇ ਯਾ ਤੁਰਨ ਵਾਲਿਆਂ ਦੇ ਪੈਰ। ਤੁਰੇ ਜਾਂਦੇ ਰਾਹੀ ਨੂੰ ਵੇਖ ਕੇ ਸਹਿਜੇ ਹੀ ਅਨੇਕ ਖਿਆਲ

ਆਉਂਦੇ ਹਨ, ਉਸ ਨੇ ਕਿਥੇ ਪਹੁੰਚਣਾ ਹੈ, ਕਿਵੇਂ ਪਹੁੰਚੇਗਾ, ਰਾਹ ਵਿਚ ਏਸ ਨੂੰ ਕੀ ਔਕੜਾਂ ਵਾਪਰਨਗੀਆਂ, ਅਗੇ ਕੋਈ ਇਸ ਦਾ ਮੇਲੀ ਹੈ ਯਾ ਸਾਰੇ ਓਪਰੇ ਹਨ- ਇਤਿਆਦ। ਰੋਲੂ ਗਰੀਬ ਨੂੰ ਸਿਪਾਹੀਆਂ ਨੇ ਹਥ ਨਰੜ ਕੇ ਅਗੇ ਲਾ ਲਿਆ ਹੋਣਾ ਹੈ ਤੇ ਆਪ ਨਾਲ ਨਾਲ ਤੁਰੇ ਜਾਂਦੇ ਹੋਣਗੇ—ਮੰਜ਼ਲ ਮੰਜ਼ਲ, ਪੜਾਓ ਪੜਾਓ। ਰਾਤ ਪੈਂਦੀ ਹੋਵੇਗੀ, ਰਾਤ ਕੱਟਣ ਦੀ ਥਾਂ ਦਾ ਫ਼ਿਕਰ ਦੁਪਹਿਰ ਤੋਂ ਹੀ ਲਗ ਜਾਂਦਾ ਹੋਣਾ ਹੈ। ਰਾਤ ਪਈ ਤੋਂ ਓਪਰੇ ਥਾਂ ਓਪਰੇ ਮਨੁਖਾਂ ਵਿਚ ਥਕੇ ਹੋਏ ਬੰਦਿਆਂ ਨੂੰ ਚੈਨ ਨਾਲ ਸੌਣਾ ਵੀ ਇਕ ਬੜਾ ਕਠਨ ਜੇਹਾ ਕੰਮ ਹੋਵੇਗਾ। ਪਰ ਥੱਕੇ ਟੁਟੇ ਸਾਰਾ ਦਿਨ ਤੁਰੇ ਆਉਂਦੇ ਜੁਸਿਆਂ ਉਤੇ ਕੁਦਰਤ ਤਰਸ ਖਾ ਕੇ ਨੀਂਦ ਦਾ ਨਸ਼ਾ ਪਿਆ ਦੇਂਦੀ ਹੋਵੇਗੀ ਤੇ ਅਗਲੀ ਸਵੇਰ ਤਕ ਉਨ੍ਹਾਂ ਨੂੰ ਨਾ ਆਪਣੀ ਸੁਧ ਹੋਵੇਗੀ ਨਾ ਲੋਕ ਦੀ। ਸਵੇਰੇ ਉਠਿਆਂ ਤੋਂ ਹਰ ਰੋਜ਼ ਪਤਾ ਲਗਦਾ ਹੋਵੇਗਾ ਕਿ ਅਜੇ ਤਾਂ ਲਾਹੌਰ ਦੂਰ ਹੈ ਤੇ ਉਸੇ ਲੰਮੀ ਸੜਕ ਫੇਰ ਪੈ ਜਾਂਦੇ ਹੋਣਗੇ।

ਆਦਮੀ ਦਾ ਘਰ ਬਾਰ ਤੇ ਘਰ ਵਾਲਿਆਂ ਨੂੰ ਪਿਛੇ ਛਡ ਕੇ ਮੁਸਾਫ਼ਰ ਹੋ ਤੁਰਨਾ ਕਵੀਆਂ ਲਈ ਸਦਾ ਹੀ ਇਕ ਰੰਗੀਨ ਜਿਹਾ ਵਿਸ਼ਾ ਬਣਿਆ ਰਿਹਾ ਹੈ ਤੇ ਮਨੁਖ ਦਾ ਇਤਿਹਾਸ ਇਕ ਤਰ੍ਹਾਂ ਤੁਰਿਆ ਹੀ ਸੜਕਾਂ ਦੀ ਰਚਨਾ ਨਾਲ ਹੈ। ਅਜ ਅਸੀਂ ਘਰੋਂ ਨਿਕਲ ਕੇ ਸੜਕ ਉਤੇ ਤੁਰਦੇ ਹਾਂ, ਅੱਵਲ ਤਾਂ ਸਾਡੇ ਪੈਰਾਂ ਦਾ ਧਰਤੀ ਉਤੇ ਲਗਣਾ ਹੀ ਅਜ ਕਲ ਦੀਆਂ ਸਵਾਰੀਆਂ ਬਾਈ ਸਿਕਲਾਂ ਟਾਂਗਿਆਂ ਲਾਰੀਆਂ ਆਦ ਕਰਕੇ ਘੱਟ ਹੀ ਹੁੰਦਾ ਹੈ; ਪਰ ਜੇ ਸੜਕ ਉੱਤੇ ਤੁਰੀਏ ਭੀ ਸਾਨੂੰ ਕਦੇ ਖ਼ਿਆਲ ਨਹੀਂ ਆਇਆ ਕਿ ਇਹ ਸੜਕਾਂ ਸਦਾ ਤੋਂ ਇਸੇ ਤਰ੍ਹਾਂ ਨਹੀਂ ਬਣੀਆਂ ਆਈਆਂ, ਏਨ੍ਹਾਂ ਦੀ ਵਰਤਮਾਨ ਸਾਫ਼ ਸੁਥਰੀ ਸ਼ਕਲ, ਲਿੱਗਰ ਗੋਲਾ, ਪਾਸਿਆਂ ਦੀ ਕੱਚੀ ਥੜ੍ਹੀ ਤੇ ਨਾਲ ਨਾਲ ਦੋਹਾਂ ਪਾਸਿਆਂ ਉੱਤੇ ਖੁਲ੍ਹੀ ਥਾਂ ਤੇ ਲਾਏ ਹੋਏ ਬਿਰਛ ਕਿਸੇ ਛੂਮੰਤਰ ਨਾਲ ਨਹੀਂ ਬਣ ਗਏ। ਜਿੱਨਾ ਲੰਮਾ ਇਤਿਹਾਸ ਮਨੁੱਖ ਦਾ ਹੈ ਉਨ੍ਹਾਂ ਹੀ ਲੰਮਾ ਇਤਿਹਾਸ ਸੜਕਾਂ ਦਾ ਹੈ। ਸੜਕਾਂ ਪੱਕੀਆਂ ਤਾਂ ਹੁਣ ਹੋਈਆਂ ਹਨ। ਏਨ੍ਹਾਂ ਦੀ ਥਾਂ ਕੱਚੇ ਰਾਹ ਹੀ ਹੁੰਦੇ ਸਨ, ਫ਼ੌਜਾਂ ਦੇ ਆਣ ਜਾਣ ਕਰਕੇ ਰਾਹ ਬਣ ਗਏ ਸਨ। ਵਿਚਾਰਵਾਨ ਉੱਦਮੀ ਬਾਦਸ਼ਾਹਾਂ ਨੇ ਏਨ੍ਹਾਂ ਰਾਹਾਂ ਉੱਤੇ ਬਿਰਛ ਲਵਾ ਦਿੱਤੇ ਤੇ ਸਮੇਂ ਸਮੇਂ ਸਰਕਾਰੀ ਕਾਫ਼ਲਿਆਂ ਤੇ ਫ਼ੌਜੀ ਦਸਤਿਆਂ ਲਈ ਕੱਚੀਆਂ

ਪੱਕੀਆਂ ਸਰਾਵਾਂ ਬਣਵਾ ਦਿੱਤੀਆਂ।

ਤੇ ਜੇ ਇਸ ਜ਼ਮਾਨੇ ਤੋਂ ਹੋਰ ਪਿੱਛੇ ਝਾਤੀ ਮਾਰੀਏ ਤਾਂ ਏਨ੍ਹਾਂ ਰਾਹਾਂ ਦਾ ਇਤਿਹਾਸ ਧੁੰਦਲੇ ਜੇਹੇ ਝੂਤ ਵਿਚ ਲੁਕ ਜਾਂਦਾ ਹੈ। ਹਿੰਦ ਦਾ ਤਾਂ ਇੱਤਿਹਾਸ ਵੀ ਬਿਗਾਨਿਆਂ ਨੇ ਲਿਖਿਆ ਹੈ ਜਿਸ ਕਰਕੇ ਖੋਜ ਕਰਨ ਦੀ ਖੇਚਲ ਘੱਟ ਵੱਧ ਹੀ ਹੋਈ ਹੈ। ਇੱਤਿਹਾਸ ਲਿਖਣ ਦਾ ਸ਼ੌਕ ਹੀ ਮੁਸਲਮਾਨਾਂ ਦੇ ਆਉਣ ਨਾਲ ਹੋਇਆ। ਮੁਸਲਮਾਨਾਂ ਤੋਂ ਪਹਿਲਾਂ ਮਲੂਮ ਹੁੰਦਾ ਹੈ ਕਿ ਹਿੰਦੂਆਂ ਤੇ ਬੋਧੀਆਂ ਨੇ ਨਾ ਕਿਸੇ ਦੂਜੇ ਦੇਸ ਉੱਤੇ ਕਦੀ ਫੌਜ ਚੜ੍ਹਾਈ ਨਾ ਏਨ੍ਹਾਂ ਦੇ ਕਿੱਸੇ ਤੇ ਵਿਰਤਾਂਤ ਲਿਖੇ ਗਏ। ਸਗੋਂ ਇੰਜ ਮਲੂਮ ਹੁੰਦਾ ਹੈ ਕਿ ਪੁਰਾਣੇ ਜ਼ਮਾਨਿਆਂ ਵਿਚ ਰਾਹ ਬਣਾਉਣਾ ਅਪਣੀ ਸ਼ਾਮਤ ਸਹੇੜਨ ਦੇ ਬਰਾਬਰ ਸੀ। ਨਿੱਕੇ ਨਿੱਕੇ ਰਜਵਾੜੇ ਆਪੋ ਅਪਣੇ ਬਲ ਨਾਲ ਰਾਜ ਕਾਇਮ ਕਰ ਲੈਂਦੇ ਸਨ ਤੇ ਇਕ ਦੂਜੇ ਨੂੰ ਸਦਾ ਹੀ ਡਰ ਰਹਿੰਦਾ ਸੀ ਕਿ ਗਵਾਂਢੀ ਚੜ੍ਹਾਈ ਨਾ ਕਰ ਆਵੇ। ਹਰ ਇਕ ਦੀ ਸਗੋਂ ਕੋਸ਼ਿਸ਼ ਰਹਿੰਦੀ ਸੀ ਕਿ ਇਕ ਦੂਜੇ ਦੇ ਰਾਹ ਵਿਚ ਜਿੰਨੀਆਂ ਰੁਕਾਵਟਾਂ ਠੱਲ੍ਹਾਂ ਪਾ ਸਕੇ ਉਨੀਆਂ ਪਾਵੇ। ਏਹੀ ਕਾਰਨ ਹੈ ਕਿ ਇਤਿਹਾਸ ਵਿਚ ਸਭ ਤੋਂ ਪਹਿਲਾਂ ਜ਼ਿਕਰ ਕਿਲ੍ਹਿਆਂ ਦਾ ਆਉਂਦਾ ਹੈ ਸੜਕਾਂ ਦਾ ਨਹੀਂ। ਰਾਹ ਤੇ ਸੜਕਾਂ ਤਾਂ ਉਦੋਂ ਬਣਨ ਲੱਗੀਆਂ ਜਦ ਆਪੋ ਵਿਚ ਮਿਲਣ ਦਾ, ਇਕ ਦੂਜੇ ਕੋਲ ਪਹੁੰਚਣ ਦਾ ਖਿਆਲ ਆਇਆ। ਚੀਨ ਵਾਲਿਆਂ ਨੇ ਉੱਤਰੀ ਜ਼ੋਰਾਵਰਾਂ ਤੋਂ ਬਚਣ ਲਈ ਕਈ ਸੌ ਮੀਲ ਲੰਬੀ ਵੱਡੀ ਚੌੜੀ ਸੜਕ ਬਣਾਈ ਸੀ ਜਿਸ ਦੇ ਉਤੇ ਕਈ ਬਾਂਟੀ ਘੋੜ ਸਵਾਰ ਚਲ ਸਕਦੇ ਹਨ। ਇਸ ਵੱਡੀ ਇਤਿਹਾਸਕ ਕੰਧ The Great wall of China ਦੇ ਨਿਸ਼ਾਨ ਹੁਣ ਤਕ ਕਾਇਮ ਹਨ। ਏਸੇ ਤਰ੍ਹਾਂ ਭਾਰਤ ਵਾਸੀਆਂ ਨੂੰ ਉੱਤਰੀ ਜਾਬਰਾਂ ਤੋਂ ਡਰ ਸੀ ਪਰ ਏਨ੍ਹਾਂ ਨੂੰ ਕੁਦਰਤ ਨੇ ਹੀ ਦੋ ਵੱਡੇ ਬਚਾ ਕੀਤੇ ਹੋਏ ਹਨ। ਇਕ ਤਾਂ ਹਿਮਾਲਾ ਪਰਬਤ ਦੀਆਂ ਪਛੱਮ ਨੂੰ ਵਧੀਆਂ ਲਾਗਾਂ ਤੇ ਦੂਜੇ ਵਗਦੇ ਦਰਿਆ।

ਸੜਕਾਂ ਤੇ ਰਾਹਾਂ ਦਾ ਬਣਨਾ ਅਮਨ ਦੇ ਵੇਲਿਆਂ ਦਾ ਕੰਮ ਹੈ। ਭਾਰਤ ਵਿਚ ਲੋਕਾਂ ਦੀ ਆਵਾ ਜਾਈ ਤੇ ਆਪੋ ਵਿਚ ਮਿਲਣ ਦਾ ਪਹਿਲਾ ਵੇਰਵਾ, ਜੇ ਵੇਦਾਂ ਦੇ ਵੇਲਿਆਂ ਨੂੰ ਛੱਡ ਦੇਈਏ ਤਾਂ ਰਾਜੇ ਅਸ਼ੋਕ ਜੇਹੇ ਬੋਧੀ ਬਾਦਸ਼ਾਹਾਂ ਦੇ ਵੇਲੇ ਵਿਚ ਹੈ ਜਦ ਗੌਤਮ ਬੁਧ ਦੀ ਸਿੱਖਿਆ ਲੋਕਾਂ ਨੂੰ ਪੁਚਾਣ ਦਾ ਜਤਨ ਕੀਤਾ

ਗਿਆ। ਬੁੱਧ ਜੀ ਦੀ ਬਾਬਤ ਦਸਿਆ ਜਾਂਦਾ ਹੈ ਕਿ ਨਿਰਵਾਣ ਨੂੰ ਪ੍ਰਾਪਤ ਕਰਨ ਦੇ ਪਿਛੋਂ ਉਹ ਆਪ ਪੰਦਰਾਂ ਵੀਹ ਮੀਲ ਰੋਜ਼ ਪੈਦਲ ਤੁਰਿਆ ਕਰਦੇ ਸਨ ਤਾਂ ਜੋ ਲੋਕਾਂ ਵਿਚ ਜਾਕੇ ਮਨ ਦੀ ਸ਼ਾਂਤੀ ਪ੍ਰਾਪਤ ਕਰਨ ਦੀ ਸਿੱਖਿਆ ਦੇ ਸਕਣ। ਮਲੂਮ ਹੁੰਦਾ ਹੈ ਕਿ ਉਨ੍ਹਾਂ ਦਿਨਾਂ ਵਿਚ ਕਿਸੇ ਨੂੰ ਖ਼ਾਸ ਏਹ ਧਿਆਨ ਨਹੀਂ ਸੀ ਕਿ ਵਿਅਪਾਰ ਤੇ ਆਵਾਜਾਈ ਲਈ ਸ਼ਹਿਰਾਂ ਨੂੰ ਜੋੜਨ ਲਈ ਕੋਈ ਵੱਡੀ ਸੜਕ ਬਣਾਈ ਜਾਵੇ। ਬਸ ਇਕ ਸ਼ਹਿਰ ਵਾਲਿਆਂ ਨੂੰ ਏਨਾਂ ਕੁ ਫ਼ਿਕਰ ਸੀ ਕਿ ਅਗਲੇ ਸ਼ਹਿਰ ਤੀਕ ਪੁਜਣ ਲਈ ਰਾਹ ਹੋਵੇ। ਰਾਮਾਇਣ ਤੇ ਮਹਾਂ ਭਾਰਤ ਦੇ ਕਿੱਸਿਆ ਵਿਚ ਭੀ ਏਸ ਕਾਰਨ ਰਾਜਧਾਨੀਆਂ ਦੇ ਕਿੱਸੇ ਦੋ ਚਾਰ ਸ਼ਹਿਰਾਂ ਦੇ ਕਿੱਸੇ ਸਨ। ਕੋਈ ਨਹੀਂ ਦੱਸਦਾ ਕਿ ਰਾਜਾ ਰਾਮ ਚੰਦ ਆਪਣੀ ਮੱਧ ਭਾਰਤ ਰਾਜਧਾਨੀ ਤੋਂ ਸਾਰਾ ਭਾਰਤ ਟੱਪ ਕੇ ਕੇਹੜੇ ਰਾਹ ਲੰਕਾ ਕੋਲ ਪੁੱਜਾ ਤੇ ਉਸ ਦੀ ਫ਼ੌਜ ਕਿਵੇਂ ਏਡੀ ਦੂਰ ਚੱਲ ਕੇ ਗਏ ਤੇ ਰਾਵਣ ਨੂੰ ਜਾ ਮਾਰਿਆ। ਹਾਂ, ਬੁੱਧ ਇੱਤਿਹਾਸ ਜ਼ਰੂਰ ਦਸਦਾ ਹੈ ਕਿ ਬੋਧੀ ਬਾਦਸ਼ਾਹਾਂ ਨੇ ਬੁੱਧ ਧਰਮ ਦਾ ਪਰਚਾਰ ਕਰਨ ਲਈ ਥਾਂ ਥਾਂ ਚੌਰਸਤਿਆਂ ਉੱਤੇ ਤੇ ਯਾਤ੍ਰਾ ਅਸਥਾਨਾਂ ਉੱਤੇ ਵੱਡੇ ਵੱਡੇ ਪਥਰਾਂ ਉੱਤੇ ਬੁੱਧ ਧਰਮ ਦੇ ਮੋਟੇ ਮੋਟੇ ਅਸੂਲ ਉਕਰ ਦਿੱਤੇ ਸਨ ਤਾਂ ਜੋ ਜੇਹੜਾ ਆਵੇ ਏਹਨਾਂ ਨੂੰ ਪੜ੍ਹੇ। ਹਿੰਦ ਦੇ ਇੱਤਿਹਾਸ ਵਿਚ ਦੋ ਵੱਡੇ ਚੀਨੀ ਯਾਤ੍ਰੀਆਂ ਦਾ ਜ਼ਿਕਰ ਹੈ, ਹਯੂਨਿਨ ਸਾਂਗ ਤੇ ਫ਼ਾਹੀਆਨ, ਜਿਨ੍ਹਾਂ ਦੀ ਬਾਬਤ ਲਿਖਿਆ ਹੈ ਉਹ ਚੀਨ ਵਿਚੋਂ ਤਿਬੱਤ ਦੇ ਰਸਤੇ ਪੰਜਾਬ ਪਹੁੰਚੇ ਪਰ ਏਹ ਕੋਈ ਨਹੀਂ ਦਸਦਾ ਕਿ ਕੇਹੜੇ ਰਾਹ ਤੁਰ ਕੇ ਆਏ।

ਹਿੰਦ ਦੇ ਲੋਕਾਂ ਨੂੰ ਸਭ ਤੋਂ ਵੱਡੀ ਤੇ ਮੁਢਲੀ ਖਿੱਚ ਤੀਰਥ ਯਾਤ੍ਰਾ ਦੀ ਸੀ, ਹਰਦੁਆਰ, ਬਨਾਰਸ, ਪਰਾਗ ਆਦਿ ਤੀਰਥਾਂ ਦੀ ਯਾਤ੍ਰਾ ਦੀ ਵਿਸ਼ੇਸ਼ਤਾ ਬ੍ਰਾਹਮਣਾ ਨੇ ਬੁੱਧ ਮੱਤ ਨੂੰ ਦੇਸ਼ੋਂ ਕਢ ਕੇ ਲੋਕਾਂ ਦੇ ਦਿਲਾਂ ਵਿਚ ਨਵੇਂ ਸਿਰਿਓਂ ਬਿਠਾ ਦਿਤੀ ਸੀ। ਉੱਤਰੀ ਹਿੰਦ ਲਈ ਗੰਗਾ ਜਮਨਾ ਦੇ ਤੀਰਥ ਤੇ ਦੱਖਣੀ ਹਿੰਦ ਲਈ ਗੋਦਾਵਰੀ ਗੋਮਤੀ ਆਦ ਦੇ ਤੀਰਥ। ਹਿੰਦੂ ਸ਼ਾਸਤਰਾਂ ਵਿਚ ਤੀਰਥਾਂ ਨੂੰ ਜਾਣ ਦੇ ਫਲ ਬੜੇ ਬੜੇ ਏਸੇ ਕਰਕੇ ਲਿਖੇ ਮਲੂਮ ਹੁੰਦੇ ਹਨ ਕਿਉਂਕਿ ਉਨ੍ਹਾਂ ਦਿਨਾਂ ਵਿਚ ਜਦ ਸਵਾਰੀਆਂ ਤਾਂ ਕੀ ਸਾਫ਼ ਸਿੱਧੇ ਕੱਚੇ ਰਾਹ ਭੀ ਚੰਗੂ ਨਹੀਂ ਸਨ ਬਣੇ ਦੋ ਸੌ ਮੀਲ ਦੀ ਯਾਤਰਾ ਭੀ ਆਣ ਜਾਣ ਕਈ ਮਹੀਨਿਆਂ ਦਾ ਕੰਮ ਹੁੰਦਾ ਸੀ ਤੇ ਸੁਖ

ਸਾੱਤ ਨਾਲ ਮੁੜਨਾ ਨਿਸਚੇ ਨਹੀਂ ਸੀ । ਢੇਰ ਚਿਰ ਪਿਛੋਂ ਦੀ ਗੱਲ ਹੈ ਕਿ ਮੱਧ ਏਸ਼ੀਆ ਦੇ ਮੁਸਲਮਾਨ ਜਾਬਰਾਂ ਹਿੰਦੁਸਤਾਨ ਉੱਤੇ ਹੱਲੇ ਕਰਕੇ ਦਿੱਲੀ ਤੋੜੀ ਆਪਣੀਆਂ ਫ਼ੌਜਾਂ ਦੇ ਰਾਹ ਕੁਝ ਕੁਝ ਨੀਯਤ ਕਰ ਲਏ ਸਨ । ਖ਼ੈਬਰ ਦੇ ਰਾਹ ਪਹਾੜ ਟੱਪ ਕੇ ਅਟਕ ਤੇ ਹੋਰ ਦਰਿਆਵਾਂ ਦੇ ਪੱਤਣ ਲੱਭ ਲੈਣੇ, ਪਹਿਲਾਂ ਲਾਹੌਰ ਕਸੂਰ ਆ ਲੈਣੇ, ਅੱਗੋਂ ਪੰਜਾਬ ਦੇ ਮੈਦਾਨਾਂ ਵਿਚੀਂ ਕਰਨਾਲ ਪਾਣੀਪਤ ਦੇ ਰਾਹ ਦਿੱਲੀ ਪੁੱਜ ਜਾਣਾ, ਜਿਸ ਨੂੰ ਲੁਟਣਾ ਹਰ ਮੁਸਲਮ ਦਾ ਇਕ ਸ਼ਰਈ ਨਿਯਮ ਬਣ ਗਿਆ ਸੀ । ਤੇ ਦਿਲੀ ਤੋਂ ਉਰੇ ਉਰੇ ਹੋਰ ਕੋਈ ਸ਼ਹਿਰ ਵੀ ਦੌਲਤ ਵਾਲਾ ਨਹੀਂ ਸੀ । ਏਦੂੰ ਪਹਿਲਾਂ ਸਿਕੰਦਰ ਆਯਾ ਪਰ ਉਹ ਪੰਜਾਬ ਤੋਂ ਅੱਗੇ ਨਾ ਵਧਿਆ । ਪਿਸ਼ੌਰ ਤੋਂ ਦਿਲੀ ਪੁੱਜਣਾ ਹੀ ਹਮਲਾ ਕਰਨ ਵਾਲਿਆਂ ਦਾ ਟੀਚਾ ਹੁੰਦਾ ਸੀ ਤੇ ਦਿਲੀ ਤੋਂ ਅੱਗੇ ਕੋਈ ਵੱਡੀ ਰੁਕਾਵਟ ਨਹੀਂ ਸੀ ਹੁੰਦੀ, ਹਿੰਦੁਸਤਾਨ ਦੀ ਕਿਸਮਤ ਪਾਣੀਪਤ ਕੋਲ ਹੀ ਨਿਬੜ ਜਾਂਦੀ ਸੀ । ਏਸ ਕਰਕੇ ਦਿੱਲੀ ਤੋਂ ਪਿਸ਼ੌਰ ਦੀ ਵੱਡੀ ਸ਼ਾਹੀ ਸੜਕ ਹੌਲੀ ਹੌਲੀ ਇਕ ਸ਼ਾਹਰਾਹ ਬਣ ਗਈ ਜਿਸ ਨੂੰ ਅੰਗਰੇਜ਼ਾਂ ਨੇ ਗਰੈਂਡ ਟਰੰਕ ਰੋਡ ਬਣਾ ਦਿੱਤਾ ।

ਜਦ ਅੰਗਰੇਜ਼ ਆਏ ਤਾਂ ਮੁਲਕ ਵਿਚ ਆਪੋ ਵਿਚ ਦੀ ਖਿਚੋਤਾਣ ਕਰਕੇ ਬੁਰਾ ਹਾਲ ਸੀ । ਇਕੱਲਾ ਦੁਕੱਲਾ ਕੋਈ ਰਾਹ ਨਹੀਂ ਸੀ ਚਲਦਾ । ਜਿਨ੍ਹਾਂ ਨੇ ਸੌ ਦੋ ਸੌ ਮੀਲ ਇਕ ਸੂਬੇ ਤੋਂ ਦੂਜੇ ਵਿਚ ਯਾ ਲੰਮੀ ਯਾਤ੍ਰਾ ਲਈ ਜਾਣਾ ਹੁੰਦਾ ਉਹ ਰਲ ਮਿਲਕੇ ਇਕ ਤਕੜਾ ਕਾਫ਼ਲਾ ਬਣ ਕੇ ਤੁਰਿਆ ਕਰਦੇ ਸਨ । ਵਿਚ ਵਿਚ ਘੋੜ ਸਵਾਰ ਤੇ ਡੋਲੀਆਂ ਭੀ ਹੁੰਦੀਆਂ ਸਨ । ਪਰ ਖ਼ਤਰਾ ਬਹੁਤ ਸੀ । ਚੋਰ ਤੇ ਡਾਕੂ ਏਨ੍ਹਾਂ ਕਾਫ਼ਲਿਆਂ ਵਿਚ ਰਲ ਜਾਂਦੇ ਸਨ ਤੇ ਰਾਹ ਵਿਚ ਰਾਤ ਬਰਾਤੇ ਲੁੱਟ ਮਚਾ ਦੇਂਦੇ ਸਨ ਤੇ ਮੁਸਾਫ਼ਰਾਂ ਦੇ ਟੱਬਰਾਂ ਨੂੰ ਜਾਨੋਂ ਮਾਰ ਦੇਂਦੇ ਸਨ । ਠੱਗੀ ਇਕ ਮਤ ਬਣ ਗਿਆ ਸੀ, ਜਿਸ ਦੇ ਉਪਾਸ਼ਕ ਬੱਚਿਆਂ ਨੂੰ ਮੁਸਾਫ਼ਰਾਂ ਨੂੰ ਠਗੱਣ ਤੇ ਮਾਰ ਦੇਣ ਦੀ ਸਾਰੀ ਬਿਧੀ ਸਿਖਾਂਦੇ ਸਨ ਤੇ ਚੇਲੇ ਬਣਾਂਦੇ ਸਨ । ਠੱਗਾਂ ਦੇ ਆਪਣੇ ਨਿਯਮ ਤੇ ਰਸਮਾਂ ਸਨ । ਪੂਜਾ, ਚੜ੍ਹਾਵੇ ਤੇ ਗੁਰੂ ਧਾਰਨ ਦਾ ਆਮ ਤਰੀਕਾ ਏਨ੍ਹਾਂ ਦਾ ਏਹ ਸੀ ਕਿ ਦੂਰ ਦੁਰਾਡੇ ਜਾਣ ਵਾਲੇ ਕਾਫ਼ਲਿਆਂ ਵਿਚ ਰਲ ਜਾਣਾ, ਰਸਤੇ ਵਿਚ ਮੁਸਾਫ਼ਰਾਂ ਦਾ ਭੇਦ ਲੈ ਲੈਣਾ ਤੇ ਜਦ ਮੌਕਾ ਮਿਲੇ ਉਨ੍ਹਾਂ ਨੂੰ ਲੁਟ ਲੈਣਾ ਤੇ ਲੋੜ ਅਨੁਸਾਰ ਮਾਰ ਦੇਣਾ । ਇਕ ਕੂਲੇ ਜੇਹੇ ਰੁਮਾਲ ਦੀ ਕੰਨੀ ਵਿਚ ਧੇਲੀ ਯਾ

ਟਕੇ ਨੂੰ ਗੰਢ ਪਾਕੇ ਅਣਭੋਲ ਬੈਠੇ ਤਕੜੇ ਆਦਮੀ ਦੇ ਗਲ ਵਿਚ ਇਸ ਤਰ੍ਹਾਂ ਰੁਮਾਲ ਨੂੰ ਚਲਾਣਾ ਕਿ ਗਲ ਉਤੇ ਤਕੜੀ ਘੁੱਟ ਪੈ ਜਾਵੇ, ਤੇ ਹੋਰ ਘੁੱਟ ਨਾਲ ਆਦਮੀ ਇਕ ਅਧੇ ਮਿੰਟ ਵਿਚ ਹੀ ਪਾਰ ਬੋਲਦਾ ਸੀ, ਨਾ ਕਿਸੇ ਹਥਿਆਰ ਦੀ ਲੋੜ ਸੀ ਨਾ ਲਹੂ ਵੀਟਣ ਦੀ । ਘਰੋਂ ਤੁਰਿਆ ਦਾ ਪਤਾ ਮਹੀਨਿਆਂ ਪਿਛੋਂ ਕਿਸਮਤ ਨਾਲ ਹੀ ਆਉਂਦਾ ਸੀ। ਤੇ ਜਿਸ ਦੇਸ ਵਿਚ ਆਵਾ ਜਾਈ ਹੀ ਐਨੀ ਔਖੀ ਹੋਵੇ ਉਥੇ ਕੀ ਵਪਾਰ ਤੇ ਕੀ ਸਭਿਤਾ।

ਏਹੀ ਇਕ ਵਡਾ ਕਾਰਨ ਸੀ ਕਿ ਹਿੰਦ ਦੇ ਲੋਕਾਂ ਨੇ ਅੰਗਰੇਜ਼ਾਂ ਨੂੰ ਝੱਬੇ ਹੀ ਜੀ ਆਇਆਂ ਆਖਿਆ ਤੇ ਅੰਗਰੇਜ਼ ਰਾਜ ਆ ਗਿਆ। ਅੰਗਰੇਜ਼ਾਂ ਨੇ ਆਉਂਦਿਆਂ ਹੀ ਲੋਕਾਂ ਨੂੰ ਅਮਨ, ਸੁਖਾਲੀ ਆਵਾ ਜਾਈ, ਚਿਠੀ ਪੱਤ੍ਰ ਦਾ ਸਿਲਸਿਲਾ, ਜਾਨ ਮਾਲ ਦੀ ਰੱਖਿਆ, ਇਹ ਚੀਜ਼ਾਂ ਦਿਤੀਆਂ। ਤੇ ਸੜਕਾਂ ਦਾ ਬਣਨਾ ਵੀ ਅਮਨ ਦੇ ਵੇਲੇ ਹੁੰਦਾ ਹੈ, ਬੁਰਛਾ ਗਰਦੀ ਵੇਲੇ ਨਹੀਂ । ਜੰਗ ਦੇ ਸਮੇਂ ਅਮਨ ਵਿਚ ਬਣਾਈਆਂ ਸੜਕਾਂ ਵਰਤੀਆਂ ਜਾਂਦੀਆਂ ਹਨ, ਨਵੀਆਂ ਨਹੀਂ ਬਣਦੀਆਂ, ਸਗੋਂ ਅਗਲੀਆਂ ਬਣੀਆਂ ਭਾਵੇਂ ਤੋੜ ਭੰਨ ਦਿਤੀਆਂ ਜਾਣ। ਇਕ ਹੋਰ ਵਡੀ ਗਲ ਜੋ ਸੜਕਾਂ ਲਈ ਜ਼ਰੂਰੀ ਹੈ ਉਹ ਪੁਲ ਹਨ ਤੇ ਪੁਲ ਚੰਗੇ ਉਦੋਂ ਤਕ ਨਹੀਂ ਬਣ ਸਕਦੇ ਜਦੋਂ ਤੀਕ ਲੋਹਾ ਨਾ ਹੋਵੇ। ਪੁਲਾਂ ਬਿਨਾਂ ਸੜਕਾਂ ਕਿਸੇ ਕੰਮ ਨਹੀਂ ਭਾਵੇਂ ਪੱਥਰ ਦੀਆਂ ਬਣਾ ਦਿਤੀਆਂ ਜਾਣ।

ਸੜਕਾਂ ਤੇ ਸਭਿਤਾ ਦਾ ਸਿਧਾ ਸਬੰਧ ਹੈ। ਸਭਿਤਾ ਦਾ ਤੁਰਨਾ ਭੀ ਮਨੁਖਾਂ ਤੇ ਗਡੀਆਂ ਵਾਂਗ ਸੜਕਾਂ ਤੇ ਚੰਗੇ ਰਾਹਾਂ ਉਤੇ ਹੀ ਹੋ ਸਕਦਾ ਹੈ। ਜਿਥੇ ਸੜਕਾਂ ਨਹੀਂ, ਆਵਾ ਜਾਈ ਨਹੀਂ । ਜਿਥੇ ਆਵਾ ਜਾਈ ਨਹੀਂ, ਉਥੇ ਚੋਰੀ ਡਾਕਾ ਖੋਹ ਖਿਚ ਆਪੇ ਹੀ ਆ ਜਾਣਗੇ। ਸੜਕਾਂ ਵਾਲਾ ਦੇਸ ਚਾਨਣਾ ਦੇਸ ਹੈ। ਜਿਥੇ ਸੜਕਾਂ ਨਹੀਂ ਉਥੇ ਹਨੇਰ ਹੈ ਤੇ ਹਨੇਰੇ ਵਿਚ ਵਿਦਿਆ, ਵਪਾਰ ਤੇ ਮਨੁਖੀ ਕਿਰਤ ਨੇ ਕੀ ਪ੍ਰਫੁਲਤ ਹੋਣਾ ਹੋਇਆ । ਜਦ ਰੋਮਨ ਲੋਕਾਂ ਨੇ ਅੰਗਰੇਜ਼ਾਂ ਨੂੰ ਜਾ ਫ਼ਤਿਹ ਕੀਤਾ ਇੰਗਲੈਂਡ ਇਕ ਜੰਗਲੀ ਜਿਹਾ ਦੇਸ ਸੀ । ਏਥੇ ਭੀ ਉੱਤਰੀ ਤੇ ਦੱਖਣੀ ਲੋਕਾਂ ਦੀ ਆਪੋ ਵਿਚ ਜੰਗ ਛਿੜੀ ਰਹਿੰਦੀ ਸੀ । ਕੱਚੇ ਰਾਹ ਤਾਂ ਏਥੇ ਭੀ ਹੁੰਦੇ ਸਨ ਪਰ ਪਕੀਆਂ ਪੱਥਰ ਦੀਆਂ ਸੜਕਾਂ ਬਣਾਉਣ ਦਾ ਢੰਗ ਅੰਗਰੇਜ਼ਾਂ ਨੂੰ ਰੋਮਨ ਰਾਜਿਆਂ ਨੇ ਦਿਤਾ । ਏਹ ਇਕ ਮੰਨੀ ਹੋਈ ਗੱਲ ਹੈ ਕਿ ਰੋਮਨ ਰਾਜ ਦੀਆਂ

ਬਰਕਤਾਂ ਵਿਚੋਂ ਅਵਲ ਦਰਜੇ ਦੀ ਬਰਕਤ ਜੋ ਬਰਤਾਨੀਆਂ ਨੂੰ ਪ੍ਰਾਪਤ ਹੋਈ ਉਹ ਰੋਮਨਾਂ ਦੀਆਂ ਬਣਾਈਆਂ ਪਕੀਆਂ ਸੜਕਾਂ ਹਨ। ਰੋਮਨਾਂ ਤੋਂ ਸਿਖ ਕੇ ਅੰਗਰੇਜ਼ਾਂ ਨੇ ਜਿਥੇ ਜਿਥੇ ਪੈਰ ਪਾਏ ਹਨ ਪਹਿਲਾ ਕੰਮ ਏਨ੍ਹਾਂ ਦਾ ਸੜਕਾਂ ਬਣਾਉਣਾ ਰਿਹਾ ਹੈ। ਸੜਕਾਂ ਨਾਲ ਰਾਜ ਕਰਨਾ ਵੀ ਸੁਖਾਲਾ ਹੋ ਜਾਂਦਾ ਹੈ। ਜਿਥੇ ਸੜਕ ਨਹੀਂ, ਉਥੇ ਰਾਜਾ ਪਰਜਾ ਆਹਮਣੇ ਸਾਹਮਣੇ ਹੀ ਨਹੀਂ ਹੋ ਸਕਦੇ। ਬਰਤਾਨੀਆ ਵਿਚ ਰੋਮਨਾਂ ਦੀਆਂ ਬਣਾਈਆਂ ਸੜਕਾਂ ਅਜ ਤੀਕ ਕਿਤੇ ਕਿਤੇ ਕਾਇਮ ਹਨ। ਸੜਕਾਂ ਬਣਾਉਣ ਦੀ ਵਿਦਿਆ ਦੋ ਚਾਰ ਸਾਲਾਂ ਤਾਂ ਕੀ ਇਕ ਅੱਧੀ ਸਦੀ ਦਾ ਕੰਮ ਵੀ ਨਹੀਂ। ਕੱਚੇ ਰਾਹਾਂ ਉਤੇ ਤੇ ਰੋੜ ਪਾਕੇ ਕੁਟ ਦਿਤੇ ਜਾਣ ਤਾਂ ਉਹੀ ਵੱਡੀ ਚੀਜ਼ ਬਣ ਜਾਂਦੀ ਹੈ। ਅਗੇ ਵਧ ਕੇ ਜੇ ਰੋੜਾਂ ਦੀ ਥਾਂ ਇਟਾਂ ਤੇ ਪੱਥਰ ਲਾਕੇ ਵੱਡੇ ਇੰਜਨ ਨਾਲ ਦਰੜ ਦਿਤੇ ਜਾਣ ਤਾਂ ਹੋਰ ਗੱਲ ਬਣ ਜਾਂਦੀ ਹੈ। ਪੱਥਰਾਂ ਨੂੰ ਜੇ ਲੁਕ ਨਾਲ ਭਰ ਦਿਤਾ ਜਾਵੇ ਪੱਥਰਾਂ ਦੇ ਉੱਖੜਨ ਦੀ ਸੰਭਾਵਨਾ ਹੀ ਮੁੱਕ ਜਾਂਦੀ ਹੈ। ਪਰ ਏਹ ਇਕ ਤਕੜਾ ਤੇ ਸਾਇੰਸ ਤੇ ਜਾਚ ਦਾ ਕੰਮ ਹੈ। ਜਿਥੇ ਜਿਥੇ ਜੇਹੋ ਜੇਹੀ ਮਿਟੀ ਤੇ ਪੱਥਰ ਤੇ ਹੋਰ ਮਸਾਲਾ ਮਿਲੇ ਉਸ ਨੂੰ ਵਰਤ ਕੇ ਚੰਗੀ ਸੜਕ ਬਣਾ ਕੱਢਣੀ ਇੰਜਨੀਅਰ ਦੀ ਉਸਤਾਦੀ ਤੇ ਅਕਲ ਦਾ ਕੰਮ ਹੈ। ਹੁਣ ਸ਼ਹਿਰਾਂ ਵਿਚ ਕਿਤੇ ਕਿਤੇ ਜਿਥੇ ਭਾਰੇ ਰੇੜ੍ਹਿਆਂ ਤੇ ਹਾਲ ਵਾਲੇ ਲਾਦੂ ਗਡਿਆਂ ਦਾ ਕੰਮ ਵਧੇਰੇ ਹੈ ਉਥੇ ਪਥਰਾਂ ਨੂੰ ਸੀਮਿੰਟ ਨਾਲ ਇਕ ਟੁਕ ਬਣਾਕੇ ਪਕਿਆਂ ਕਰ ਦਿਤਾ ਜਾਂਦਾ ਹੈ। ਕਿਸੇ ਕਿਸੇ ਦੇਸ ਵਿਚ ਜਿਥੇ ਜੰਗਲ ਜਿਆਦਾ ਹੋਣ ਕਰਕੇ ਕਾਠ ਸੁਵੱਲਾ ਹੈ ਸ਼ਹਿਰਾਂ ਵਿਚ ਕਾਠ ਦੀਆਂ ਇਟਾਂ ਜੜ ਦਿਤੀਆਂ ਜਾਂਦੀਆਂ ਹਨ ਜਿਨ੍ਹਾਂ ਦੇ ਉਤੋਂ ਕਾਠ ਦੀਆਂ ਘੋੜੇ ਗਡੀਆਂ ਇੰਜ ਜਾਂਦੀਆਂ ਪ੍ਰਤੀਤ ਹੁੰਦੀਆਂ ਹਨ ਜਿਵੇਂ ਰਬੜ ਦੇ ਪਹੀਆਂ ਉਤੇ ਜਾ ਰਹੇ ਹਾਂ। ਕਈ ਥਾਈਂ ਸੜਕਾਂ ਉਤੇ ਰਬੜ ਵੀ ਵਿਛਾਈ ਗਈ ਹੈ ਜਿਸ ਨਾਲ ਆਵਾ ਜਾਈ ਦਾ ਖੜਾਕ ਹੀ ਸਾਰਾ ਚੁਕ ਜਾਂਦਾ ਹੈ। ਸਮਾਂ ਆਵੇਗਾ ਜਦ ਸੜਕਾਂ ਉਤੇ ਪਤਲੀ ਰੇਤ ਵਿਛਾ ਕੇ ਉਸ ਨੂੰ ਤੇਜ਼ ਅਗ ਦੇ ਲਾਂਬੂ ਨਾਲ ਗਰਮ ਕਰਕੇ ਪਿਘਾਲ ਦਿਆ ਕਰਨਗੇ ਤੇ ਇਕ ਤਰ੍ਹਾਂ ਸ਼ੀਸ਼ੇ ਦੀ ਸੜਕ ਬਣ ਜਾਇਆ ਕਰੇਗੀ। ਪਹਾੜਾਂ ਤੇ ਮੈਦਾਨਾਂ ਦੀਆਂ ਆਪੋ ਆਪਣੀਆਂ ਲੋੜਾਂ ਤੇ ਮੁਸ਼ਕਲਾਂ ਹਨ। ਪਹਾੜ ਵਿਚ ਪੱਥਰ ਬੇ-ਓੜਕ ਹੈ ਪਰ ਏਹ ਨਹੀਂ ਆਖਿਆ ਜਾ ਸਕਦਾ ਕਿ ਪਹਾੜਾਂ ਵਿਚ ਸੜਕਾਂ ਬਣਾਉਣਾ ਸੁਖੱਲਾ ਹੈ। ਪਹਾੜ ਨੂੰ ਪਹਿਲਾਂ

ਬਾਰੂਦ ਨਾਲ ਤੋੜਨ ਕੇ ਰਾਹ ਸਾਫ਼ ਕੀਤਾ ਜਾਂਦਾ ਹੈ, ਫੇਰ ਪੱਧਰ ਕੀਤਾ ਜਾਂਦਾ ਹੈ। ਦੋਵੇਂ ਕੰਮ ਡਾਢੇ ਔਖੇ ਤੇ ਜੋਖਮ ਵਾਲੇ ਹਨ। ਮੈਦਾਨ ਉਤੇ ਮਿਟੀ ਪਾਈ ਤੇ ਉਪਰ ਪੱਥਰ ਵਿਛਾ ਦਿਤਾ, ਪਰ ਪੱਥਰ ਦਾ ਇਕ ਇਕ ਰੋੜਾ ਸੈਂਕੜੇ ਕੋਹਾਂ ਢੋ ਕੇ ਲਿਆਣਾ ਪੈਂਦਾ ਹੈ।

ਅਜ ਤੋਂ ਪੰਜਾਹ ਕੁ ਸਾਲ ਪਹਿਲੋਂ ਆਮ ਪੰਜਾਬ ਦੇ ਮੈਦਾਨ ਵਾਸੀ ਨੂੰ ਪਤਾ ਤਾਂ ਹੁੰਦਾ ਸੀ ਕਿ ਕੋਹ ਹਿਮਾਲਾ ਨੇੜੇ ਹੀ ਹੈ ਪਰ ਉਸ ਨੂੰ ਕੋਈ ਵਾਕਫ਼ੀ ਨਹੀਂ ਸੀ ਕਿ ਜਿਸ ਨੂੰ ਅਜ ਹਿਮਾਚਲ ਪਰਦੇਸ਼ ਆਖਣ ਲਗ ਪਏ ਹਾਂ ਇਸ ਦੀ ਪੂਛ ਕਿਥੇ ਹੈ, ਸਿੰਗ ਕੇਹੋ ਜੇਹੇ ਹਨ ਤੇ ਸਰੀਰ ਉਤੇ ਜੱਤ ਕੇਡੀ ਕੇਡੀ ਹੈ। ਪਹਾੜਾਂ ਵਿਚ ਨੂੰ ਆਵਾ ਜਾਈ ਬੜੀ ਥੋੜੀ ਸੀ। ਪਹਾੜੀਏ ਪੋਸਤ ਆਮ ਬੀਜਦੇ ਸਨ। ਸੋ, ਯਾ ਤਾਂ ਪੰਜਾਬੀ ਅਫੀਮ ਚੋਰੀ ਲਿਆਣ ਲਈ ਜਾਂਦੇ ਸਨ ਤੇ ਯਾ ਪਹਾੜਨਾਂ ਨੂੰ ਲਿਆਣ ਲਈ ਜਿਨ੍ਹਾਂ ਦਾ ਮੁਲ ਮੈਦਾਨ ਵਿਚ ਆਕੇ ਚੋਖਾ ਪੈ ਜਾਂਦਾ ਸੀ। ਸ਼ਿਮਲੇ ਨੂੰ ਪੱਕੀ ਸੜਕ ਬਣਾਉਣ ਦੇ ਅੰਗਰੇਜ਼ਾਂ ਦੇ ਕਈ ਮਤਲਬ ਸਨ। ਇਕ ਤਾਂ ਠੰਡੀ ਥਾਂ ਜਾ ਡੇਰੇ ਲਾਏ, ਜਦ ਗਰਮੀ ਆਉਂਦੀ ਗੋਰੇ ਤੇ ਮੇਮਾਂ ਸ਼ਿਮਲੇ ਜਾ ਵੜਦੇ। ਦੂਜੇ ਚੀਨ ਵਲੋਂ ਸਦਾ ਹੀ ਕੁਝ ਡਰ ਜਿਹਾ ਰਹਿੰਦਾ ਸੀ, ਸੋ ਅੰਗਰੇਜ਼ਾਂ ਸ਼ਿਮਲੇ ਪਹੁੰਚ ਕੇ ਤਿੱਬਤ ਦੀ ਹਦ ਤੱਕ ਪੱਕੀ ਸੜਕ ਬਣਾ ਦਿਤੀ ਜਿਸ ਨਾਲ ਤਿੱਬਤ ਉਤੇ ਏਨ੍ਹਾਂ ਦਾ ਦਾਬਾ ਜੇਹਾ ਬੈਠ ਗਿਆ। ਪੀਕਿੰਗ ਰਾਜ ਬਹੁਤ ਦੂਰ ਸੀ ਤਿੱਬਤ ਤੋਂ ਹਜ਼ਾਰਾਂ ਕੋਹਾਂ ਤੋਂ ਕੀ ਕਰ ਸਕਦੇ ਸੀ, ਸੋ ਜਦ ਤੋੜੀ ਅੰਗਰੇਜ਼ ਰਹੇ ਤਿਬਤ ਇਕ ਤਰ੍ਹਾਂ ਅੰਗਰੇਜ਼ਾਂ ਦਾ ਹੀ ਵਾੜਾ ਰਿਹਾ। ਫੌਜਾਂ ਚੜ੍ਹਾ ਕੇ ਤਿੱਬਤ ਨੂੰ ਮੱਲ ਲੈਣ ਦਾ ਇਨ੍ਹਾਂ ਨੂੰ ਕੋਈ ਲਾਭ ਨਹੀਂ ਸੀ ਸਗੋਂ ਚੀਨ ਨਾਲ ਸਿੰਗ ਜਾ ਫਸਣੇ ਸਨ। ਤਿਬਤ ਦੀ ਸਾਰੀ ਤਿਜਾਰਤ ਸ਼ਿਮਲੇ ਤੇ ਹੋਰ ਯੂ. ਪੀ. ਦੇ ਪਹਾੜਾਂ ਵਿਚੀਂ ਜਾਣ ਲਗ ਪਈ ਤੇ ਤਿੱਬਤ ਦੇ ਲਾਮੇ ਅੰਗਰੇਜ਼ਾਂ ਦੇ ਯਾਰ ਬਣ ਗਏ, ਹੋਰ ਅੰਗਰੇਜ਼ਾਂ ਕੀ ਲੈਣਾ ਸੀ? ਤੀਜੀ ਵਡੀ ਗਲ ਏਹ ਹੋ ਗਈ ਕਿ ਪਹਾੜ ਦੇ ਜੰਗਲਾਂ ਦਾ ਸਾਰਾ ਕਾਠ ਮੈਦਾਨਾਂ ਨੂੰ ਆਉਣ ਲਗ ਪਿਆ। ਅੰਗਰੇਜ਼ਾਂ ਨੂੰ ਪਿਸ਼ੌਰ ਦੀ ਸਰਹੱਦ ਤੀਕ ਰੇਲ ਬਣਾਉਣ ਦੀ ਚਾਹ ਸੀ ਜਿਸ ਦੀ ਪਟੜੀ ਲਈ ਸਾਰਾ ਕਾਠ ਪਹਾੜ ਤੋਂ ਲੱਭ ਗਿਆ।

ਏਸੇ ਤਰ੍ਹਾਂ ਅੰਗਰੇਜ਼ ਨੀਤੀ ਨੇ ਇਕ ਲੰਮੀ ਬਾਂਹ ਰੂਸ ਦੀ ਹੱਦ ਉਤੇ ਜਾ ਟਿਕਾਈ, ਉਹ ਭੀ ਸੜਕਾਂ ਦੁਆਰਾ। ਕਸ਼ਮੀਰ ਦੇ ਮਹਾਰਾਜੇ ਨੂੰ ਜਾ ਪਲੋਸਿਆ, ਕੁਝ

ਖ਼ਤਾਬ ਜਾ ਦਿਤੇ, ਦੋ ਤਿੰਨ ਪਲਟਣਾਂ ਜੰਮੂ ਤੇ ਪੁਣਛੀਆਂ ਦੀਆਂ ਖੜੀਆਂ ਕਰ ਦਿਤੀਆਂ, ਉਸ ਨੂੰ ਲੋਭ ਦਾ ਦਿਤਾ ਕਿ ਕਸ਼ਮੀਰ ਵਿਚ ਸਾਰਾ ਹਿੰਦ ਸੈਰ ਕਰਨ ਆਇਆ ਕਰੇਗਾ ਤੇ ਪਹਿਲਗਾਮ ਜਾ ਕੇ ਆਪਣੀ ਅੰਗਰੇਜ਼ ਛਾਉਣੀ ਬਣਾ ਕੇ ਮਹਾਰਾਜੇ ਨੂੰ, ਜੋ ਕਿਰਕਟ ਦਾ ਬੱਲਾ ਨਹੀਂ ਸੀ ਚੁੱਕਣ ਜਾਣਦਾ, ਕ੍ਰਿਕਟ ਦੇ ਮੈਚਾਂ ਵਿਚ ਜਾ ਖਿਲਾਇਆ । ਬਸ ਏਨੇ ਵਿਚ ਮਹਾਰਾਜਾ ਐਨਾ ਪ੍ਰਸੰਨ ਹੋਇਆ ਕਿ ਉਸਨੇ ਇਕ ਨਹੀਂ ਦੋ ਸੜਕਾਂ ਆਪਣੇ ਰਾਜ ਵਿਚ ਰਿਆਸਤ ਦੇ ਖ਼ਰਚ ਨਾਲ ਬਣਵਾ ਦਿਤੀਆਂ। ਸੜਕਾਂ ਭੀ ਅਜਿਹੀਆਂ ਕਿ ਯੂਰਪੀ ਰੋਡਾਂ ਨੂੰ ਮਾਤ ਕਰਨ ਵਾਲੀਆਂ। ਇਕ ਸੜਕ ਕੋਹ ਮਰੀ ਤੋਂ ਤੁਰ ਕੇ ਜੇਹਲਮ ਦੇ ਨਾਲ ਨਾਲ ਬਾਰਾ ਮੂਲੇ ਤੋਂ ਸਿਰੀ ਨਗਰ ਨੂੰ ਜਾ ਪਹੁੰਚੀ, ਦੂਜੀ ਸਿਆਲਕੋਟ ਤੋਂ ਜੰਮੂ ਵਿਚੀਂ ਹੋ ਕੇ ਦਰਿਆ ਚਨਾਬ ਦੇ ਨਾਲ ਨਾਲ ਬਨਿਹਾਲ ਦੀ ਘਾਟੀ ਨੂੰ ਟਪ ਕੇ ਕਸ਼ਮੀਰ ਦੀ ਦੂਣ ਵਿਚ ਜਾ ਵੜੀ ਜਿਸ ਨੂੰ ਬਾਦਸ਼ਾਹ ਜਹਾਂਗੀਰ ਬਹਿਸ਼ਤ ਆਖਦਾ ਹੁੰਦਾ ਸੀ।

ਪਹਾੜ ਜੰਗਲਾਂ ਤੇ ਨਦੀਆਂ ਨਾਲਿਆਂ ਨੂੰ ਪਾਰ ਕਰਦੀ ਏਹ ਸੜਕ ਦੂਰੋਂ ਇਕ ਵੱਟ ਵੱਖ ਖਾਂਦੇ ਧਾਗੇ ਵਾਂਗ ਜਾਪਦੀ ਹੈ। ਕੂਦ ਬਟੋਟ ਦੇ ਚੀਲਾਂ ਵਾਲੇ ਪਹਾੜ ਤੇ ਕਈ ਮਾਰੂ ਪਹਾੜੀ ਨਾਲੇ ਟੱਪ ਕੇ ਏਹ ਸੜਕ ਰਾਮ ਬਣ ਦੀਆਂ ਠੰਡੀਆਂ ਛਾਵਾਂ ਵਿਚ ਲੁਕਦੀ ਕਰਦੀ ਬੇਮਲੂਮ ਜੇਹੇ ਬਨਿਹਾਲ ਪਹਾੜ ਦੇ ਪੈਰਾਂ ਵਿਚ ਜਾ ਅਪੜਦੀ ਹੈ। ਉਥੋਂ ਏਹ ਪੌੜੀਆਂ ਵਾਂਗ ਬਨਿਹਾਲ ਉਤੇ ਜਾ ਚੜ੍ਹਦੀ ਹੈ ਤੇ ਸਿਖਰ ਦੀ ਸੁਰੰਗ ਵਿਚੋਂ ਟੱਪ ਕੇ ਕਸ਼ਮੀਰ ਦੇ ਪੱਧਰ ਮੈਦਾਨ ਦੀ ਪਹਿਲੀ ਸੁੰਦਰ ਝਾਕੀ ਉਪਰੋਂ ਦੇਂਦੀ ਹੈ ਜਿਸ ਨੂੰ ਵੇਖਕੇ ਰਾਹੀ ਅਵਸ਼ਯ ਆਖ ਉਠਦਾ ਹੈ ਏਹ ਕਸ਼ਮੀਰ ਦਾ ਸਵਰਗ ਹੈ। ਟਾਂਸੀ ਤੋਂ ਫੇਰ ਇਹ ਸੜਕ ਉਸੇ ਤਰ੍ਹਾਂ ਉਤਰਦੀ ਉਤਰਦੀ ਜੇਹਲਮ ਦੇ ਸੋਮੇਂ ਵੈਰੀ ਨਾਗ ਕੋਲ ਦੀ ਹੋ ਕੇ ਸਿਧੀ ਸਿਰੀ ਨਗਰ ਵਲ ਨੂੰ ਤੀਰ ਹੋ ਕੇ ਪੈਂਦੀ ਹੈ। ਸਿਧੀ ਸੜਕ, ਲਾਭ ਪਾਲਾਂ ਬੱਧੀ ਖਲੋਤੇ ਸਿਧੇ ਸਤੋਲ ਸਫੈਦੇ ਯਾ ਕਿਤੇ ਕਿਤੇ ਚਨਾਰ, ਠੰਢ ਤੇ ਪੱਧਰ ਮੈਦਾਨ, ਧਾਨਾਂ ਦੇ ਪੂਰੇ ਕਿਰਣਾਂ ਨਾਲੋਂ ਲਮਕਦੇ, ਸੇਬ ਤੇ ਨਾਕਾਂ ਬੇਰਾਂ ਵਾਂਗ ਵਿਕਦੇ, ਮੁਸਾਫ਼ਰਾਂ ਨੂੰ ਪਤਾ ਨਹੀਂ ਲਗਦਾ ਕਿ ਉਹ ਕਦ ਸਿਰੀ ਨਗਰ ਪਹੁੰਚ ਗਿਆ ਹੈ।

ਅੰਗਰੇਜ਼ਾਂ ਨੇ, ਜਦ ਸਿਰੀ ਨਗਰ ਤਕ ਮਰੀ ਵਾਲੀ ਸੜਕ ਬਣ ਗਈ, ਮਲਕੜੇ ਜੇਹੇ ਗਿਲਗਿਤ ਵਿਚ ਜਾ ਆਪਣਾ ਅੰਗਰੇਜ਼ ਏਜੰਟ ਬਿਠਾਇਆ ਤੇ ਉਸ ਨੂੰ

ਤਦ ਪਤਾ ਲਗਾ ਜਦ ਗਿਲਗਿਤ ਵਿਚ ਅੰਗਰੇਜ਼ੀ ਏਜੰਟ ਨੂੰ ਸਲਾਮਾਂ ਕਰਨ ਵਾਲੇ ਥੱਧੀ ਤੇ ਦੂਜੇ ਵਡੇਰੇ ਉਸ ਦੀ ਕੋਠੀ ਜੁੱਤੀਆਂ ਲਾਹ ਕੇ ਅੰਦਰ ਵੜਨ ਲਗ ਪਏ । ਇਹ ਉਹ ਸਰਹੱਦ ਸੀ ਜਿਥੇ ਤਿੰਨ ਪਾਤਸ਼ਾਹੀਆਂ ਇਕ ਥਾਂ ਮਿਲਦੀਆਂ ਸਨ, ਰੂਸ, ਚੀਨ ਤੇ ਅੰਗਰੇਜ਼ । ਜੰਮੂ ਵਾਲੀ ਸੜਕ ਪਿਛੋਂ ਬਣੀ ਹੈ, ਪਹਿਲਾਂ ਮੱਰੀ ਵਾਲੀ ਸੜਕ ਹੀ ਢੇਰ ਚਿਰ ਚਾਲੂ ਰਹੀ । ਅੰਗਰੇਜ਼ਾਂ ਦਾ ਏਸ਼ਿਆਈ ਰੂਸ ਦੇ ਪਾਸੇ ਉਤੇ ਇਸ ਤਰ੍ਹਾਂ ਅੱਪੜ ਜਾਣਾ ਕਿਸੇ ਦੀ ਵੱਖੀ ਵਿਚ ਨੇਜ਼ਾ ਖੋਭਣ ਵਾਂਗ ਸੀ । ਅੰਗਰੇਜ਼ੀ ਰਾਜ ਉਦੋਂ ਕੂ ਜੇਹੇ ਟੀਸੀ ਉਤੇ ਸੀ ਤੇ ਏਸ਼ੀਆ ਵਿਚ ਇਸ ਦਾ ਦਾਬਾ ਜਦ ਰੂਸ ਉਤੇ ਪੈ ਗਿਆ, ਛੋਟੇ ਦੇਸ਼ਾਂ ਈਰਾਨ ਕਾਬਲ ਦੀ ਕੀ ਪੁਛ ਸੀ ?

ਕਸ਼ਮੀਰ ਨੂੰ ਏਨ੍ਹਾਂ ਦੋ ਸੜਕਾਂ ਨੇ ਅਲਖ ਤੋਂ ਲਖਣ ਜੋਗ ਬਣਾ ਦਿਤਾ । ਮਾਨੋ ਅਸੀਂ ਸੁਵਰਗ ਦੇ ਬਹੁਤ ਨੇੜੇ ਹੋ ਗਏ । ਪਹਿਲੀਆਂ ਵਿਚ ਰਾਵਲਪਿੰਡੀ ਤੋਂ ਦੋ ਢਾਈ ਸੌ ਰੁਪਏ ਨੂੰ ਮੋਟਰ ਕਾਰ ਚਾਰ ਸਵਾਰੀਆਂ ਵਾਲੀ ਜਾਇਆ ਕਰਦੀ ਸੀ । ਲਾਰੀਆਂ ਤਾਂ ਉਦੋਂ ਚੱਲੀਆਂ ਹੀ ਨਹੀਂ ਸਨ ਤੇ ਜਾਂ ਤਾਂਗੇ ਜਾਇਆ ਕਰਦੇ ਸਨ । ਸਿਰੀ ਨਗਰ ਇਕ ਐਸ਼-ਅਸਥਾਨ ਸੀ, ਅੰਗਰੇਜ਼ਾਂ ਦੀ ਬਾਬਤ ਆਖਿਆ ਕਰਦੇ ਸਨ ਕਿ ਹਜ਼ਾਰ ਹਜ਼ਾਰ ਰੁਪਇਆ ਤਲਬਾਂ ਵਾਲੇ ਦੋ ਤਿੰਨ ਮਹੀਨਿਆਂ ਵਿਚ ਪੱਲੇ ਝਾੜ ਕੇ ਮੁੜਦੇ ਸਨ । ਪਰ ਜਦ ਤੋਂ ਜੰਮੂ ਵਾਲੀ ਸੜਕ ਚਾਲੂ ਹੋਈ ਹੈ ਕਸ਼ਮੀਰ ਗਰੀਬ ਲਈ ਭੀ ਨੇੜੇ ਹੋ ਗਿਆ ਹੈ ਤੇ ਕਸ਼ਮੀਰ ਦੇ ਸਾਰੇ ਫਲ ਪੰਜਾਬ ਪੁਜਣ ਲਗ ਪਏ ਹਨ । ਕਸ਼ਮੀਰ ਦੀ ਹਥ ਕਿਰਤ ਦਾ ਊਨੀ ਮਾਲ ਕਸੀਦਾ ਪੱਟੂ ਲੋਈਆਂ ਆਦਿ ਸਾਰਾ ਮਾਲ ਆ ਕੇ ਹੇਠ ਵਿਕਣ ਲਗ ਪਿਆ ਹੈ । ਗਰੀਬ ਕਸ਼ਮੀਰੀਆਂ ਦਾ ਰੋਜ਼ਗਾਰ ਵਧ ਗਿਆ ਹੈ ਤੇ ਪੰਜਾਬੀਆਂ ਲਈ ਸੈਰ ਕਰਨ ਲਈ ਮੁਲਕ ਖੁਲ੍ਹ ਗਿਆ ਹੈ । ਸੈਂਕੜੇ ਹੋਟਲ ਸਾਹ-ਖ਼ਾਨੇ ਕਸ਼ਮੀਰ ਦਿਆਂ ਸ਼ਹਿਰਾਂ ਤੇ ਕਸਬਿਆਂ ਵਿਚ ਖੁਲ੍ਹ ਗਏ ਹਨ ਜੋ ਹਜ਼ਾਰਾਂ ਨੂੰ ਰੋਜ਼ੀ ਦੇਂਦੇ ਹਨ । ਬਹੁਤ ਸਾਰਿਆਂ ਲਈ ਕਸ਼ਮੀਰ ਨਕਸ਼ੇ ਉਤੇ ਖਿਚੀਆਂ ਲਕੀਰਾਂ ਸਨ, ਹੁਣ ਨਿਗਰ ਰੂਪ ਲਹੂ ਮਾਸ ਵਾਲਾ ਕਸ਼ਮੀਰ ਦਿੱਸਣ ਜੋਗ ਹੋ ਗਿਆ ਹੈ ।

ਕਿਸੇ ਥਾਂ ਦੁਨੀਆਂ ਦੇ ਤਖਤੇ ਉਤੇ ਜੋ ਕੋਈ ਸੜਕ ਬਣਦੀ ਹੋਵੇ ਉਹ ਮੇਰੀ ਜ਼ਿੰਦਗੀ ਉਤੇ ਅਸਰ ਪਾ ਸਕਦੀ ਹੈ । ਜੇ ਮੈਂ ਆਖਾਂ ਬਲੋਚਿਸਤਾਨ ਵਿਚ ਬਣ ਰਹੀ ਸੜਕ ਨਾਲ ਮੈਨੂੰ ਕੀ, ਏਹ ਮੇਰੀ ਭੁਲ ਹੈ । ਹਰ ਇਕ ਉਹ ਕਰਮ ਜਿਸ

ਨਾਲ ਧਰਤੀ ਦਾ ਹਿੱਸਾ ਖੁਲ੍ਹਣਾ ਹੈ, ਉਥੇ ਮੇਰੇ ਜਾਣ ਲਈ ਸੁਖਾਲ ਪੈਦਾ ਕੀਤਾ ਜਾ ਰਿਹਾ ਹੈ, ਤੇ ਉਥੋਂ ਦੀਆਂ ਵਸਤੂਆਂ ਮੇਰੇ ਕੋਲ ਅਪੜਨ ਦਾ ਕੰਮ ਸੁਖਾਲਾ ਕੀਤਾ ਜਾ ਰਿਹਾ ਹੈ, ਉਸ ਵਿਚ ਮੇਰਾ ਸੁਆਦ ਜ਼ਰੂਰ ਹੈ। ਆਖਰ ਦੁਨੀਆਂ ਨੂੰ 'ਇਕੋ ਦੁਨੀਆ' 'ਸੌੜੀ ਦੁਨੀਆ' ਕਿਉਂ ਆਖਣ ਲਗ ਪਏ ਹਨ ? ਏਸ ਕਰਕੇ ਕਿ ਹੁਣ ਧਰਤੀ ਦਾ ਤਖ਼ਤਾ ਅਗੇ ਵਾਂਗ ਸਾਨੂੰ ਸਾਰਿਆਂ ਨੂੰ ਇਕ ਖੁਲ੍ਹਾ ਮੈਦਾਨ ਬਣ ਗਿਆ ਹੈ, ਇਸ ਕਰਕੇ ਕਿ ਉਹ ਅਸਥਾਨ ਜਿਥੇ ਪਹੁੰਚਣਾ ਔਖਾ ਸੀ ਯਾ ਮਨ੍ਹਾ ਸੀ ਉਹ ਖੁਲ੍ਹ ਗਏ ਹਨ ਤੇ ਸਾਡੀ ਪਹੁੰਚ ਦੇ ਅੰਦਰ ਆ ਗਏ ਹਨ। ਏਹ ਕੰਮ ਬਹੁਤ ਸਾਰਾ ਸੜਕਾਂ ਬਣਾਉਣ ਨਾਲ ਤੇ ਰਾਹ ਖੋਲ੍ਹਣ ਨਾਲ ਹੋਇਆ।

ਸਭ ਤੋਂ ਵਡੀ ਗਲ ਹੈ ਆਦਮੀ ਆਦਮੀ ਦਾ ਨੇੜੇ ਹੋਣਾ, ਮਿਲਣਾ, ਇਕ ਦੂਜੇ ਨੂੰ ਸਮਝਣਾ ਤੇ ਇਕ ਦੂਜੇ ਦੇ ਵਿਰੁਧ ਜੋ ਖਿਆਲੀ ਜੇਹੇ ਬੇਬੁਨਿਆਦ ਵਿਤਕਰੇ ਮਨਾਂ ਵਿਚ ਅਵਿਦਿਆ ਤੰਗਦਿਲੀ ਤੇ ਨਾ-ਪਛਾਣ ਕਰਕੇ ਪਏ ਹੁੰਦੇ ਹਨ ਉਹਨਾਂ ਦੀ ਅਸਲੀਅਤ ਪਾ ਲੈਣੀ ਕਿ ਐਵੇਂ ਮੁੰਝੀ ਦੇ ਸਪ ਵਾਂਗ ਸਨ। ਜੇ ਮਨੁਖ ਨੇੜੇ ਹਨ ਤਾਂ ਦਿਲ ਭੀ ਨੇੜੇ ਹੋ ਜਾਂਦੇ ਹਨ ਤੇ ਜੇ ਦਿਲ ਨੇੜੇ ਹੋ ਸਕਦੇ ਹਨ ਏਸ ਦੁਨਿਆਂ ਦਾ ਬਹੁਤ ਸਾਰਾ ਦੁਖ ਬੱਦਲ ਵਾਂਗ ਉਡ ਜਾ ਸਕਦਾ ਹੈ। ਜੇਕਰ ਅੰਗਰੇਜ਼ਾਂ ਨੇ ਏਹ ਸੜਕਾਂ ਨਾਂ ਬਣਾਈਆਂ ਹੁੰਦੀਆਂ ਖਬਰੇ ਇਤਿਹਾਸ ਕੇਹੜੇ ਰਾਹ ਪੈ ਜਾਂਦਾ। ਕਸ਼ਮੀਰੀਆਂ ਨੇ ਹਿੰਦੁਸਤਾਨ ਨਾਲ ਵਰਤ ਕੇ ਵੇਖ ਲਿਆ ਸੀ, ਉਨ੍ਹਾਂ ਲਈ ਪੰਜਾਬ ਦੇ ਸਿੱਖ ਤੇ ਹਿੰਦੂ ਕੋਈ ਓਪਰੇ ਅਜਬ ਤੇ ਨਾ-ਜਾਣੇ ਬੰਦੇ ਨਹੀਂ ਸਨ, ਜਿਸ ਕਰਕੇ ਉਨ੍ਹਾਂ ਨੇ ਹਿੰਦ ਨਾਲ ਵਰਤਣਾ ਤੇ ਸਾਝ ਪਾਉਣਾ ਸੁਖਾਲਾ ਮੰਨ ਲਿਆ। ਜੇਕਰ ਏਨ੍ਹਾਂ ਸੜਕਾਂ ਦੇ ਸਦਕੇ ਆਪੋ ਵਿਚ ਚਿਰਾਂ ਦਾ ਮੇਲ ਗੇਲ ਨਾ ਹੋਇਆ ਹੁੰਦਾ ਕੀ ਪਤਾ ਸੀ ਕਸ਼ਮੀਰੀ ਕਿੱਧਰ ਜਾਂਦੇ ?

ਸੜਕਾਂ ਸੱਭਿਤਾ ਤੇ ਸੈਰ

(੨)

ਸੱਭਿਤਾ ਦੂਜਾ ਨਾਮ ਹੈ ਦਿਲ ਖੋਲ੍ਹਣ ਦਾ। ਦਿਲ ਓਦੋਂ ਤੀਕ ਖੁਲ੍ਹ ਨਹੀਂ ਸਕਦੇ ਜਦੋਂ ਤਕ ਸਰੀਰ ਤੇ ਨਜ਼ਰਾਂ ਖੁਲ੍ਹੇ ਨਾ ਫਿਰ ਸਕਣ ਤੇ ਏਹ ਉਦੋਂ ਤਕ ਨਹੀਂ ਹੋ ਸਕਦਾ ਜਦ ਤੀਕ ਦੁਨੀਆਂ ਟੋਹਣ ਵੇਖਣ ਚਾਖਣ ਲਈ ਖੁਲ੍ਹੇ ਰਾਹ ਤੇ ਸੜਕਾਂ ਨਾ ਹੋਣ। ਅੰਗਰੇਜ਼ ਕਹਾਵਤ ਹੈ Bad Communication corrupt manners ਮਿਲਣ ਮਿਲਣ ਦੇ ਮੰਦ ਵਸੀਲਿਆਂ ਨਾਲ ਸਾਡੇ ਲਛੱਣ ਵਿਗੜ ਜਾਂਦੇ ਹਨ। ਘਰ ਦੀ ਡਿਉੜ੍ਹੀ ਨੀਵੀਂ ਰਖੋ ਆਪੇ ਕੁੱਬੇ ਕੁੱਬੇ ਤੁਰਨ ਦੀ ਆਦਤ ਪੈ ਜਾਵੇਗੀ। ਘਰ ਦੇ ਅੰਗਣ ਵਿਚ ਚਲ੍ਹ ਤੇ ਟੋਏ ਪਏ ਰਹਿਣ ਦਿਉ ਸੁਅੱਛ ਬਸਤਰ ਪਾਉਣ ਦੀ ਕੁਦਰਤੀ ਭੁੱਖ ਆਪੇ ਹਟ ਜਾਵੇਗੀ। ਜਿਸ ਸ਼ਹਿਰ ਦੀਆਂ ਸੜਕਾਂ ਸਾਫ ਤੇ ਸੁਹਜਦਾਰ ਹੋਣਗੀਆਂ ਲੋਕੀ ਆਪ ਮੁਹਾਰੇ ਉਸ ਸੜਕ ਦੇ ਅਨੁਕੂਲ ਬਣਾਉਣ ਦੇ ਜਤਨ ਕਰਨਗੇ। ਜਿਸ ਪਿੰਡ ਦੀਆਂ ਬੀਹੀਆਂ ਪਕੀਆਂ ਹਨ ਤੇ ਪਾਣੀ ਲਈ ਰਾਹ ਹੈ ਉਸ ਦੇ ਬੱਚਿਆਂ ਦੀ ਸਫਾਈ ਜ਼ਰੂਰ ਉਸ ਪਿੰਡ ਦੇ ਮੁੰਡਿਆਂ ਕੁੜੀਆਂ ਦੀ ਸਫਾਈ ਨਾਲੋਂ ਚੰਗੀ ਹੋਵੇਗੀ ਜਿਸ ਦੀਆਂ ਗਲੀਆਂ ਕੱਚੀਆਂ ਹਨ ਤੇ ਜਿਥੇ ਥਾਂ ਥਾਂ ਪਾਣੀ ਦੀਆਂ ਛਪੜੀਆਂ ਬਣੀ ਖਲੋਤੀਆਂ ਰਹਿੰਦੀਆਂ ਹਨ। ਸ਼ਹਿਰਾਂ ਵਾਲੇ ਕਿਉਂ ਅੱਗੇ ਹਨ ਤੇ ਪਿੰਡਾਂ ਵਾਲੇ ਕਿਉਂ ਪਿਛੇ ਇਕ ਕਾਰਨ ਇਸ ਦਾ ਏਹ ਹੈ ਕਿ ਸ਼ਹਿਰਾਂ ਵਿਚ ਸੜਕਾਂ ਹਨ ਪਿੰਡਾਂ ਵਿਚ ਨਹੀਂ ਹਨ। ਸੜਕਾਂ ਸਾਡੀ ਆਵਾਜਾਈ ਨੂੰ ਸੁਖੱਲਾ ਮੌਸਮਾਂ ਦੀਆਂ ਰੁਕਾਵਟਾਂ ਤੋਂ

ਸੁਤੰਤ੍ਰ ਕਰ ਦੇਂਦੀਆਂ ਹਨ। ਜਿਥੇ ਲੋਕਾਂ ਦੀ ਆਵਾ ਜਾਈ ਸੁਖੱਲੀ ਹੈ ਉਨ੍ਹਾਂ ਦੀ ਸੱਭਿਅਤਾ ਵਧੀ ਹੋਈ ਹੈ। ਜਿਥੇ ਦੋ ਆਦਮੀ ਮਿਲਦੇ ਹਨ ਸਮਝੋ ਉਹ ਇਕ ਦੂਜੇ ਨਾਲ ਅਣਗਿਣਤ ਲੈਣ ਦੇਣ ਕਰ ਰਹੇ ਹਨ। ਏਨ੍ਹਾਂ ਦੇ ਆਦਮੀਆਂ ਨੂੰ ਨੇੜੇ ਕਰਨਾ ਸਭਿਅਤਾ ਵਾਲਿਆਂ ਦਾ ਧਰਮ ਹੈ। ਹਿੰਦੁਸਤਾਨੀਆਂ ਤੇ ਤਿਬੱਤੀਆਂ ਵਿਚ ਕਿਉਂ ਏਨਾ ਫ਼ਰਕ ਹੈ ? ਕਿਉਂਕਿ ਵਿਚਕਾਰ ਪਹਾੜ ਖਲੋਤਾ ਹੈ। ਰਾਸ ਤੋਂ ਲੈ ਕੇ ਪਿਸ਼ਾਵਰ ਤੀਕ ਘੱਟ ਵਧ ਇਕਸੇ ਕਿਸਮ ਦੀ ਰਹਿਣੀ ਬਹਿਣੀ ਰਹੁ ਰੀਤ ਤੇ ਰਾਗ ਰੰਗ ਕਿਉਂ ਹੈ ਹਾਲਾਂ ਕਿ ਵਾਈ ਤਿੰਨ ਹਜ਼ਾਰ ਮੀਲ ਦੀ ਵਿੱਥ ਹੈ ? ਕਿਉਂਕਿ ਮੁੱਢੋਂ ਇਕ ਦੂਜੇ ਨਾਲ ਮੇਲ ਗੇਲ ਹੁੰਦਾ ਰਿਹਾ ਹੈ। ਬੋਲੀਆਂ ਅਨੇਕ ਹਨ, ਪੌਣ ਪਾਣੀ ਖ਼ਾਸ ਭਿੰਨ ਭਿੰਨ ਹਨ, ਖਾਣਾ ਦਾਣਾ ਭੀ ਇਕੋ ਨਹੀਂ ਤੇ ਕੱਦ ਕਾਠ ਵਿਚ ਭੀ ਖ਼ਾਸਾ ਫ਼ਰਕ ਹੈ ਪਰ ਏਕਤਾ ਦੇ ਚਿੰਨ੍ਹ ਮੌਜੂਦ ਹਨ। ਰਾਮਾਇਣ ਤੇ ਮਹਾਭਾਰਤ ਦੇ ਕਿੱਸੇ ਅਪਣੇ ਅਪਣੇ ਢੰਗ ਦੇ ਸਭਨਾਂ ਵਿਚ ਪ੍ਰਚਲਤ ਹਨ, ਹੋਲੀ ਦੀਵਾਲੀ, ਸਾਧ ਸੰਤਾਂ ਦੀ ਪੂਜਾ, ਗੰਗਾ ਮਾਈ ਦਾ ਪਿਆਰ, ਚੁਰਾਸੀ ਲਖ ਜੂਨ ਵਿਚ ਭਰਮਣ ਅਤੇ ਅਗਲੇ ਜਨਮ ਦਾ ਵਿਸ਼ਵਾਸ ਜੋ ਅੰਮ੍ਰਿਤਸਰ ਵਿਚ ਹੈ ਸੋ ਮੈਸੂਰ ਹੈਦਰਾਬਾਦ ਵਿਚ ਭੀ ਹੈ। ਕਿਤੇ ਕੁਦਰਤ ਨੇ ਮਿਲਣਾ ਜੁਲਣਾ ਸੁਖਾਲਾ ਕਰ ਦਿਤਾ ਕਿਤੇ ਔਖਾ।

ਖ਼ੁਸ਼ਕ ਦੇਸ਼ਾਂ ਵਿਚ ਸੜਕਾਂ ਦਾ ਹੋਣਾ ਏਸੇ ਕਰਕੇ ਸੱਭਿਤਾ ਉੱਨਤ ਕਰਦਾ ਹੈ ਕਿ ਲੋਕੀਂ ਇਕ ਦੂਜੇ ਦੇ ਨੇੜੇ ਹੋ ਕੇ ਖ਼ਿਆਲਾਂ ਦਾ ਤੇ ਵਸਤੂਆਂ ਦਾ ਵਟਾਂਦਰਾ ਕਰ ਸਕਦੇ ਹਨ। ਉਂਞ ਖ਼ੁਸ਼ਕੀ ਨਾਲੋਂ ਸਮੁੰਦਰ ਰਾਹੀਂ ਮੇਲ ਗੇਲ ਸੁਖਾਲਾ ਹੈ। ਭਾਰਤ ਵਿਚੋਂ ਬੁੱਧ ਮਤ ਦੇ ਪ੍ਰਚਾਰਕ ਦੱਖਣ-ਪੂਰਬ ਦੇ ਟਾਪੂਆਂ ਸਮਾਟਰਾ ਜਾਵਾ ਬਾਲੀ ਤੀਕ ਪਰਚਾਰ ਕਰ ਚੁੱਕੇ ਹਨ ਪਰ ਖ਼ੁਸ਼ਕੀ ਵਾਲੇ ਪਾਸੇ ਅਫ਼ਗਾਨਿਸਤਾਨ ਨਹੀਂ ਟੱਪ ਸਕੇ। ਸਮੁੰਦਰ ਰਾਹੀਂ ਪੱਛਮੀ ਸੱਭਿਅਤਾ ਅੰਗਰੇਜ਼ਾਂ ਤੇ ਪੁਰਤਗੇਜ਼ਾਂ ਨੇ ਹਿੰਦ ਵਿਚ ਲੈ ਆਂਦੀ ਪਰ ਖ਼ੁਸ਼ਕੀ ਦੇ ਰਸਤੇ ਤੁਰਕੀ ਵਿਚ ਭੀ ਕੁਛ ਅਸਰ ਨਹੀਂ ਕਰ ਸਕੇ। ਮੱਧ-ਧਰਤੀ ਸਾਗਰ ਦੇ ਉਦਾਲੇ ਏਸ ਕਰਕੇ ਵੱਡੇ ਵੱਡੇ ਸਾਮਰਾਜ ਉਤਪਨ ਹੋ ਸਕੇ ਕਿਉਂਕਿ ਪਾਣੀ ਰਾਹੀਂ ਆਵਾ ਜਾਈ ਨੇੜ ਤੇੜਲੇ ਦੇਸਾਂ ਵਿਚ ਸੁਖਾਲੀ ਸੀ। ਦੱਖਣੀ ਯੂਰਪ ਅਤੇ ਉਤਰੀ ਅਫ਼ਰੀਕਾ 'ਚ ਇਕ ਤਰ੍ਹਾਂ ਇਤਿਹਾਸ ਦੇ ਮੁੱਢ ਤੋਂ ਹੀ ਕਈ ਕੌਮਾਂ ਦੀ ਵਡਿਆਈ ਦਾ ਮੈਦਾਨ

ਬਣੇ ਰਹੇ ਹਨ। ਯੂਨਾਨ ਨੇ ਪਹਿਲ ਕੀਤੀ ਤੇ ਪੱਛਮੀ ਏਸ਼ੀਆ ਤੀਕ ਯੂਨਾਨੀ ਬਾਦਸ਼ਾਹੀ ਕੀਤੀ, ਇਨ੍ਹਾਂ ਦੇ ਪਿਛੋਂ ਉਤਰੀ ਅਫਰੀਕਾ ਦੇ ਕਾਰਥੇਜ ਵਾਲੇ ਤੇ ਫੋਨੇਸ਼ੀਅਨ ਲੋਕਾਂ ਨੇ ਸਮੁੰਦਰੀ ਤਿਜਾਰਤ ਨਾਲ ਵਧ ਚੜ੍ਹ ਕੇ ਆਪਣੇ ਰਾਜ ਕਾਇਮ ਕੀਤੇ। ਏਨ੍ਹਾਂ ਦੇ ਮਗਰੋਂ ਰੋਮਨ ਉਠ ਪਏ ਤੇ ਅੰਗਰੇਜ਼ ਬਹੁਤ ਚਿਰ ਪਿੱਛੋਂ। ਏਹ ਸਾਰੇ ਸਾਮਰਾਜ ਸਮੁੰਦਰੀ ਤਾਕਤ ਉਤੇ ਬੱਝੇ ਕਿਉਂਕਿ ਸਮੁੰਦਰੀ ਆਵਾਜਈ ਸੁਖਾਲੀ ਸੀ। ਖ਼ੁਸ਼ਕੀ ਉਤੇ ਸਭਿਅਤਾ ਖਿੰਡਾਉਣ ਵਾਲੇ ਹਿੰਦੁਸਤਾਨ ਤੇ ਚੀਨ ਹੀ ਵੱਡੇ ਦੇਸ ਸੀ। ਹਿੰਦੁਸਤਾਨ ਦਾ ਲਗ ਭਗ ਸਾਰੇ ਦਾ ਸਾਰਾ ਪੌਣ ਪਾਣੀ ਨਰਮ ਤੇ ਖਾਣਾ ਦਾਣਾ ਸੁਖੱਲਾ ਪੈਦਾ ਕਰਨ ਵਾਲਾ ਸੀ ਜਿਸ ਕਰਕੇ ਭਾਰਤ ਵਰਸ਼ ਸਾਰੇ ਵਿਚ ਆਵਾਜਾਈ ਸੁਖੱਲੀ ਹੋ ਗਈ। ਏਸੇ ਤਰ੍ਹਾਂ ਲਗ ਭਗ ਅੱਧੇ ਤੋਂ ਵੱਧ ਹੇਠਲੇ ਚੀਨ ਦਾ ਹਾਲ ਸੀ।

ਪਾਣੀ ਵਿਚ ਕਿਸ਼ਤੀ ਠੇਲ੍ਹ ਦਿਤੀ ਤੇ ਹਵਾ ਨਾਲ ਜਿੱਧਰ ਜੀ ਕੀਤਾ ਚਲੇ ਗਏ। ਪਰ ਖੁਸ਼ਕੀ ਉਤੇ ਆਵਾਜਾਈ ਬਿਨਾਂ ਸੜਕਾਂ ਤੋਂ ਨਹੀਂ ਹੋ ਸਕਦੀ। ਚੰਗੀਆਂ ਪੱਕੀਆਂ ਸੜਕਾਂ ਹਰ ਮੌਸਮ ਚਾਲੂ ਰਹਿਣ ਵਾਲੀਆਂ, ਬੀਮਾਰੀਆਂ ਤੋਂ ਰਹਿਤ ਚੋਰਾਂ ਡਾਕੂਆਂ ਤੋਂ ਸੁਰੱਖਿਅਤ। ਸਭ ਤੋਂ ਮਸ਼ਹੂਰ ਪੁਰਾਣੇ ਜ਼ਮਾਨੇ ਦੀ ਸੜਕ ਰੋਮਨ ਬਾਦਸ਼ਾਹ ਐਪੀਅਨ ਦੀ ਬਣਾਈ ਹੋਈ ਐਪੀਅਨ ਵੇ ਕਹਾਉਂਦੀ ਹੈ ਜੋ ਇਟਲੀ ਵਿਚ ਰੋਮ ਦੇ ਦੁਆਲੇ ਹੈ ਜਿਸ ਦੇ ਨਿਸ਼ਾਨ ਅੱਜ ਦੋ ਹਜ਼ਾਰ ਸਾਲ ਪਿੱਛੋਂ ਅਜੇ ਭੀ ਹਨ। ਅਮਰੀਕਾ ਦੇ ਮਸ਼ਹੂਰ ਐਬਰਾਹਮ ਲਿੰਕਨ ਦੀ ਯਾਦਗਾਰ ਖੜੀ ਕਰਨ ਦੀ ਲੋੜ ਪਈ ਤਾਂ ਅਮਰੀਕਾ ਵਾਲਿਆਂ ਨੇ ਇਕ ਕਮੇਟੀ ਬਣਾਈ ਤੇ ਉਨ੍ਹਾਂ ਨੂੰ ਸੂਚਨਾ ਕੀਤੀ ਕੀ ਉਹ ਦੁਨੀਆਂ ਦੇ ਅਗਾਂਹ ਵਧੂ ਦੇਸਾਂ ਵਿਚ ਫਿਰ ਕੇ ਪਤਾ ਕਰਨ ਕਿ ਸਭ ਤੋਂ ਚੰਗੀ ਯਾਦਗਾਰ ਕਿਸੇ ਮਹਾਂਪੁਰਸ਼ ਦੀ ਕੀ ਹੋ ਸਕਦੀ ਹੈ। ਸਾਰਾ ਯੂਰਪ ਤੇ ਕੁਛ ਏਸ਼ੀਆ ਫਿਰ ਕੇ ਉਨ੍ਹਾ ਨੇ ਰਿਪੋਰਟ ਕੀਤੀ ਕਿ ਸਾਡੀ ਰਾਏ ਵਿਚ ਸਭ ਤੋਂ ਉੱਤਮ ਯਾਦਗਾਰ ਇਕ ਚੰਗੀ ਲੰਮੀ ਸੋਹਣੀ ਸੜਕ ਹੈ, ਸੋ ਲਿੰਕਨ ਦੀ ਯਾਦ ਵਿਚ ਅਮਰੀਕਾ ਵਾਲਿਆਂ ਨੇ ਇਕ ਵੱਡੀ ਕਈ ਸੌ ਮੀਲ ਲੰਮੀ ਸੜਕ ਬਣਾਈ ਜਿਸ ਉੱਤੇ ਦੌੜਦੇ ਹਨ ਕਈ ਮੋਟਰ ਕਾਰਾਂ ਬਰੋ ਬਰ ਤੇਜ਼ ਚਲ ਸਕਦੀਆਂ ਹਨ। ਪੱਛਮੀ ਦੇਸਾਂ ਵਿਚ ਕਿਸੇ ਦੇਸ ਦੀ ਉੱਨਤੀ ਮਿਣਨ ਦਾ ਇਕ ਇਹ ਤਰੀਕਾ ਭੀ ਹੈ ਕਿ ਉਸ ਦੇਸ ਵਿਚ ਪ੍ਰਤੀ ਆਦਮੀ ਕਿੰਨੀ ਲੰਮੀ ਸੜਕ ਬਣੀ

ਹੋਈ ਹੈ। ਆਬਾਦੀ ਦੇ ਲਿਹਾਜ਼ ਨਾਲ ਏਸ ਗਿਣਤੀ ਮੂਜਬ ਹਿੰਦੁਸਤਾਨ ਅਜੇ ਬਹੁਤ ਪਿਛੇ ਹੈ। ਏਹ ਅੰਗਰੇਜ਼ਾਂ ਦੀ ਮੇਹਰਬਾਨੀ ਸਮਝੋ ਯਾ ਚਾਲਾਕੀ ਕਿ ਪੰਜਾਬ ਦੀਆਂ ਸੜਕਾਂ ਯੂ. ਪੀ. ਤੇ ਹੋਰ ਸੂਬਿਆਂ ਨਾਲੋਂ ਚੰਗੀਆਂ ਹਨ। ਪੰਜਾਬ ਦੀਆਂ ਸੜਕਾਂ ਚੰਗੀਆਂ ਏਸ ਕਰਕੇ ਭੀ ਹਨ ਕਿ ਇਹ ਸਰਹੱਦ ਦੇ ਨੇੜੇ ਹੈ ਤੇ ਫੌਜੀ ਆਵਾਜਾਈ ਲਈ ਚੰਗੀਆਂ ਸੜਕਾਂ ਅਤਿਅੰਤ ਲੋੜੀਂਦੀਆਂ ਹਨ।

ਸਾਡੇ ਪੰਜਾਬ ਦੇ ਪਿੰਡਾਂ ਦਾ ਹਾਲ ਹਾਲਾਂ ਬਹੁਤ ਭੈੜਾ ਹੈ। ਉਨ੍ਹਾਂ ਪਿੰਡਾਂ ਵਿਚ ਭੀ ਜੋ ਵਡੀ ਪੱਕੀ ਸੜਕ ਦੇ ਨੇੜੇ ਹਨ ਪਿੰਡ ਨੂੰ ਪਹੁੰਚਣ ਦੇ ਰਾਹ ਕੱਚੇ ਹੀ ਪਏ ਹਨ। ਪਿੰਡ ਵਾਲਿਆਂ ਨੂੰ ਏਹ ਸਮਝ ਲੈਣਾ ਚਾਹੀਦਾ ਹੈ ਕਿ ਪਿੰਡ ਤਕ ਪੱਕੀ ਸੜਕ ਹੋਣ ਨਾਲ ਇਕ ਤਰ੍ਹਾਂ ਸਾਰਾ ਪਿੰਡ ਹੀ ਵਡੀ ਜਰਨੈਲੀ ਸੜਕ ਉਤੇ ਆ ਵਸਿਆ। ਜਦ ਬਿਜਲੀ ਆ ਜਾਵੇਗੀ ਤਾਂ ਉਹ ਪਿੰਡ ਜੋ ਆਪਣੇ ਉੱਦਮ ਨਾਲ ਤੇ ਕੁਝ ਸਰਕਾਰੀ ਮਦਦ ਨਾਲ ਆਪਣੀਆਂ ਸੜਕਾਂ ਪੱਕੀਆਂ ਕਰ ਲੈਣਗੇ ਸ਼ਹਿਰਾਂ ਨਾਲੋਂ ਘਟ ਨਹੀਂ ਬਲਕਿ ਚੰਗੇ ਰਹਿਣਗੇ। ਜਿਸ ਪਿੰਡ ਨੂੰ ਪੱਕੀ ਸੜਕ ਹੋਵੇ ਤੇ ਬਿਜਲੀ ਦਾ ਚਾਨਣ ਹੋਵੇ ਉਸ ਨੇ ਸ਼ਹਿਰ ਦੇ ਭੀੜੇ ਥਾਵਾਂ ਅਤੇ ਗੰਦੀਆਂ ਗਲੀਆਂ ਤੋਂ ਕੀ ਲੈਣਾ ਹੈ ਅਕਲ ਨਾ-ਅਕਲ ਵਿਚ ਏਹੀ ਫਰਕ ਹੁੰਦਾ ਹੈ ਕਿ ਨਾ-ਅਕਲਿਆ ਪਹਿਲਾਂ ਘਰ ਉਤੇ ਰੁਪਿਆ ਲਾ ਦੇਂਦਾ ਹੈ ਤੇ ਆਉਣ ਜਾਣ ਦੇ ਰਾਹ ਦੀ ਪਿਛੋਂ ਫਿਕਰ ਕਰਦਾ ਹੈ ਤੇ ਅਕਲ ਵਾਲਾ ਪਹਿਲੋਂ ਪੱਕੇ ਰਾਹ ਦਾ ਫਿਕਰ ਕਰਕੇ ਮੂਜਬ ਨਕਸ਼ਾ ਬਣਾ ਕੇ ਫੇਰ ਘਰ ਪਾਉਂਦਾ ਹੈ।

ਜਿਉਂ ਜਿਉਂ ਸੜਕਾਂ ਤੇ ਸਫਰ ਦੇ ਵਸੀਲੇ ਵਧ ਰਹੇ ਹਨ ਤਿਉਂ ਤਿਉਂ ਦੁਨੀਆਂ ਦੇ ਲੋਕਾਂ ਵਿਚ ਸੈਰ ਕਰਨ ਅਤੇ ਦੂਜੇ ਮੁਲਕਾਂ ਨੂੰ ਵੇਖਣ ਪਾਖਣ ਦਾ ਰਵਾਜ ਵਧ ਰਿਹਾ ਹੈ। ਜਦ ਰੇਲਾਂ ਚਲੀਆਂ ਤਾਂ ਖਿਆਲ ਸੀ ਕਿ ਸੜਕਾਂ ਦੀ ਆਵਾਜਾਈ ਘਟ ਜਾਵੇਗੀ ਤੇ ਜਦ ਲਾਰੀਆਂ ਚਲੀਆਂ ਤਾਂ ਰੇਲ ਵਾਲੇ ਡਰਨ ਲਗ ਪਏ ਕਿ ਉਨ੍ਹਾਂ ਦਾ ਮੁਕਾਬਲਾ ਲਾਰੀਆਂ ਕਰਿਆ ਕਰਨਗੀਆਂ, ਪਰ ਦੋਵੇਂ ਧਿਰਾਂ ਗਲਤ ਸਾਬਤ ਹੋਈਆਂ। ਰੇਲਾਂ ਭੀ ਭਰੀਆਂ ਜਾਂਦੀਆਂ ਹਨ ਤੇ ਲਾਰੀਆਂ ਭੀ। ਜਿਉਂ ਜਿਉਂ ਦੇਸ ਵਿਚ ਵਿੱਦਿਆ ਤੇ ਸੱਭਿਤਾ ਦਾ ਚਾਨਣ ਹੁੰਦਾ ਹੈ ਲੋਕ ਘਰ ਬੈਠਣ ਨਾਲੋਂ ਉਦਾਲੇ ਤੁਰ ਫਿਰ ਕੇ ਮੇਲਾ ਵੇਖਣ ਲਈ ਵਧੇਰੇ ਉਪਾਇ ਕਰਦੇ ਹਨ। ਕਿੰਨੇ ਗੱਭਰੂ ਪੈਦਲ ਤੇ ਬਾਈਸਿਕਲਾਂ ਉੱਤੇ ਸੜਕ ਸਵਾਰ ਹੋਕੇ ਆਪਣੇ ਦੇਸ ਨੂੰ ਵੇਖਦੇ

ਫਿਰਦੇ ਹਨ। ਹਿੰਦੁਸਤਾਨ ਦੇ ਚੱਪੇ ਚੱਪੇ ਉੱਤੇ ਇਤਿਹਾਸਕ ਨਿਸ਼ਾਨ ਤੇ ਯਾਦਗਾਰਾਂ ਹਨ। ਬਾਹਰ ਫਿਰਨ ਅਤੇ ਉਦਾਲੇ ਦੇ ਇਤਿਹਾਸਕ ਸਥਾਨਾਂ ਨੂੰ ਵਾਚਣਾ ਭੀ ਇਕ ਚਸਕਾ ਹੁੰਦਾ ਹੈ। ਆਗਰਾ ਸ਼ਹਿਰ ਦੇ ਤਾਜ ਮਹਲ ਨੂੰ ਦੁਨੀਆਂ ਸਮੁੰਦਰ ਟੱਪ ਕੇ ਵੇਖਣ ਆਉਂਦੀ ਹੈ ਪਰ ਕਈ ਇਸ ਸ਼ਹਿਰ ਦੇ ਮੁਰਦੇ ਮਨਾਂ ਵਾਲੇ ਹੋਣਗੇ ਜਿਨ੍ਹਾਂ ਤਾਜ ਮਹਿਲ ਨੂੰ ਵੇਖਣ ਦੀ ਖੇਚਲ ਨਹੀਂ ਕੀਤੀ ਹੋਵੇਗੀ। ਵਿਦਿਆ ਤੇ ਇਲਮ ਕੇਵਲ ਕਿਤਾਬਾਂ ਵਿਚ ਨਹੀਂ, ਬਹੁਤ ਬਾਹਰ ਖੁਲ੍ਹੀ ਹਵਾ ਵਿਚ ਆਪਣੀਆਂ ਅੱਖੀਆਂ ਨਾਲ ਪ੍ਰਾਪਤ ਹੋ ਸਕਦੇ ਹਨ। ਲੋੜ ਇਸ ਗੱਲ ਦੀ ਹੈ ਕਿ ਆਦਮੀ ਨੂੰ ਬੁਗਚਾ ਚੁੱਕ ਕੇ ਸੜਕੇ ਪੈ ਜਾਣ ਦਾ ਸ਼ੌਕ ਹੋਵੇ। ਘਰੋਂ ਬਾਹਰ ਨਿਕਲਣਾ ਕਈਆਂ ਲਈ ਬਿਮਾਰੀ ਨਾਲੋਂ ਭੀ ਬੁਰਾ ਲਗਦਾ ਹੈ, ਉਹ ਸਮਝਦੇ ਹਨ ਕਿ ਸ਼ੈਦ ਉਨ੍ਹਾਂ ਦੇ ਘਰਾਂ ਤੋਂ ਬਾਹਰ ਸਭ ਅਸੁਝ ਬੰਦੇ ਰਹਿੰਦੇ ਹਨ।

ਕੋੜਾ ਦਿਲ ਦਾ ਵਿਸ਼ਾਲ ਤੇ ਸਬਰ ਜਿਗਰੇ ਵਾਲਾ ਬੰਦਾ ਹੈ ਜੋ ਘਰੋਂ ਨਿਕਲ ਕੇ ਸੜਕੇ ਪੈ ਜਾਂਦਾ ਹੈ। ਸੜਕ ਉੱਤੇ ਪੈਦਲ ਚਲਣਾ ਅੱਜ ਕਲ ਯਾ ਗਰੀਬ ਆਦਮੀ ਦਾ ਕੰਮ ਰਹਿ ਗਿਆ ਹੈ ਤੇ ਯਾ ਵਿਚਾਰਵਾਨ ਆਦਮੀ ਦਾ। ਵਿਚਲੇ ਮੇਲ ਦੇ ਆਦਮੀ ਤਾਂ ਹੌਸਲਾ ਹੀ ਨਹੀਂ ਰਖਦੇ ਸੜਕਾਂ ਉੱਤੇ ਪੈਦਲ ਚੱਲਣ ਦਾ। ਸਵੇਰ ਸੰਝ ਦੀ ਸੈਰ ਵਾਲੇ ਭੀ ਹੋਰ ਮੂੰਹੀ ਦੇ ਆਦਮੀ ਹਨ, ਉਹ ਸਰੀਰਕ ਪ੍ਰਾਪਤੀ ਲਈ ਕਰਦੇ ਹਨ। ਸਭ ਤੋਂ ਉੱਤਮ ਉਹ ਬੰਦਾ ਹੈ ਜੋ ਸੜਕ ਉਤੇ ਕੰਮ ਪੈਂਦੇ ਲਈ ਚਲਦਾ ਹੈ, ਜਿਸ ਨੂੰ ਇਸ ਗੱਲ ਦੀ ਸੰਗ ਨਹੀਂ ਕਿ ਲੋਕੀ ਮੈਨੂੰ ਆਖਣਗੇ ਇਸ ਕੋਲ ਤਾਂਗੇ ਲਾਰੀ ਜੋਗੇ ਪੈਸੇ ਨਹੀਂ, ਜਿਸ ਦੇ ਦਿਲ ਵਿਚ ਤਾਉਲਾਪਨ ਨਹੀਂ ਜੋ ਉਸ ਨੂੰ ਤੰਗ ਕਰੇ ਤੇ ਉਸ ਸਫਰ ਵਿਚ ਵਿਘਨ ਪਾਵੇ ਉਸ ਦੇ ਸਫ਼ਰ ਹੌਲੇ ਤੁਰੇ ਜਾਣ ਦੇ ਸੁਹਜ ਦਾ ਸੁਆਦ ਖਪਤ ਕਰ ਦੇਵੇ। ਏਹ ਗੱਲ ਗਲਤ ਹੈ ਕਿ ਸੈਰਾਂ ਕੇਵਲ ਅਮੀਰ ਆਦਮੀ ਕਰ ਸਕਦੇ ਹਨ। ਸੈਰਾਂ ਗਰੀਬ ਭੀ ਕਰ ਸਕਦੇ ਹਨ ਜੇ ਉਨ੍ਹਾਂ ਵਿਚ ਲੰਬੇ ਪੈਂਡੇ ਤੁਰਨ ਦਾ ਸਬਰ ਹੋਵੇ। ਅਮੀਰਾਂ ਨੂੰ ਤਾਂ ਸਗੋਂ ਪਿਛੇ ਸੌ ਕਜੀਏ ਹੁੰਦੇ ਹਨ, ਗਰੀਬ ਨੂੰ ਸਾਦਾ ਰੋਟੀ ਲਭਦੀ ਰਹੇ ਤੇ ਕਿਸੇ ਦੀ ਰੀਸ ਕਰਨ ਦੀ ਲਾਲਸਾ ਨਾ ਹੋਵੇ, ਨਾ ਦਿਲ ਵਿਚ ਕਾਹਲ ਹੋਵੇ ਨਾ ਤੁਰੀ ਜਾਣ ਦਾ ਅਕੇਵਾਂ ਹੋਵੇ, ਉਸ ਜੈਸੀ ਸੈਰ ਅਮੀਰ

ਨਹੀਂ ਕਰ ਸਕਦਾ।

ਜੇ ਕਿਸੇ ਨੂੰ ਪਿੰਡੋਂ ਛੇ ਸਤ ਮੀਲ ਸ਼ਹਿਰ ਪੈਦਲ ਜਾਣਾ ਪੈ ਜਾਵੇ ਉਨ੍ਹਾਂ ਨੂੰ ਇਹ ਸੁਝ ਹੀ ਨਹੀਂ ਕਿ ਪੈਦਲ ਤੁਰਨਾ ਇਕ ਉੱਚੇ ਦਰਜੇ ਦੀ ਕਸਰਤ ਭੀ ਹੈ ਤੇ ਮਨ ਨੂੰ ਸ਼ਾਂਤੀ ਤੇ ਸਹਿਜ ਵਿਚ ਰਖਣ ਦਾ ਇਕ ਵਡਾ ਵਸੀਲਾ ਭੀ ਹੈ। ਸਮੇਂ ਦੀਆਂ ਔਕੜਾਂ ਨੇ ਲੋਕਾਂ ਨੂੰ ਮਜਬੂਰ ਕਰ ਦਿਤਾ ਹੈ ਕਿ ਪੈਰੀਂ ਤੁਰਨਾ ਛਡ ਕੇ ਸਾਈਕਲਾਂ ਨੂੰ ਵਰਤਣ ਲਗ ਪਏ ਹਨ। ਸਾਈਕਲਾਂ ਨਾਲੋਂ ਪੈਰੀਂ ਤੁਰਨਾ ਬਹੁਤ ਅੱਛਾ ਹੈ ਜੇ ਸਮੇਂ ਦੀ ਬਚਤ ਦਾ ਖਿਆਲ ਨਾ ਹੋਵੇ। ਅਜ ਕਲ ਬਹੁਤ ਘਟ ਆਦਮੀ ਸੜਕਾਂ ਉਤੇ ਦੋ ਮੀਲ ਤੋਂ ਵਧ ਤੁਰਦੇ ਹਨ। ਸੜਕਾਂ ਉਤੇ ਟਾਵੇਂ ਟਾਵੇਂ ਆਦਮੀ ਲੰਮੇ ਪੈਂਡੇ ਕਰਦੇ ਹਨ। ਅਜ ਤੋਂ ਪੰਦਰਾਂ ਵੀਹ ਸਾਲ ਪਹਿਲਾਂ ਤਕੜੀ ਗਿਣਤੀ ਸੀ ਅਜੇਹਿਆਂ ਦੀ ਜੋ ਆਪਣੇ ਕਾਰ ਵਿਹਾਰ ਲਈ ਤਰੀਕਾਂ ਭੁਗਤਣ ਲਈ ਪਿੰਡੋਂ ਅਠ ਦਸ ਮੀਲ ਤੁਰ ਕੇ ਜਾਂਦੇ ਸੀ ਤੇ ਤੁਰਦੇ ਹੀ ਮੁੜ ਆਉਂਦੇ ਸੀ। ਸਾਡੇ ਪਿੰਡ ਦਾ ਇਕ ਪੁਰਾਣਾ ਸਿੰਘ ਜਿਸ ਦੀ ਅੱਲ ਹੀ 'ਸਿਖ' ਸੀ ਕਿਉਂਕਿ ਉਹ ਸਦਾ ਸਿੰਘਾਂ ਵਾਲਾ ਬਾਣਾ ਰੱਖਦਾ ਸੀ, ਸਹਿਰ ਨੂੰ ਨੌ ਮੀਲ ਤੁਰ ਕੇ ਆਉਂਦਾ ਸੀ ਤੇ ਤੁਰਕੇ ਹੀ ਵਾਪਸ ਜਾਇਆ ਕਰਦਾ ਸੀ। ਉਸ ਨੂੰ ਕਦੇ ਕਿਸੇ ਤਾਂਗੇ ਉਤੇ ਚੜ੍ਹਿਆ ਨਹੀਂ ਵੇਖਿਆ ਤੇ ਨਾ ਇਸ ਨੂੰ ਕਦੇ ਕਿਸੇ ਨੇ ਮੰਜੇ ਉਤੇ ਬੀਮਾਰ ਪਏ ਵੇਖਿਆ, ਛੁਟ ਉਸ ਦੀ ਆਖਰੀ ਬੀਮਾਰੀ ਤੋਂ। ਇਕ ਵੇਰ ਉਸ ਨੂੰ ਲਾਹੌਰ ਇਕ ਅਪੀਲ ਲਈ ਜਾਣਾ ਪੈ ਗਿਆ। ਕਹਿੰਦੇ ਹਨ ਕਿ ਪਿੰਡੋਂ ਕੱਚੇ ਰਾਹ ਪੈ ਕੇ ਸਿਧਾ ਫਲੌਰ ਵੱਡੀ ਸੜਕ ਪੈ ਗਿਆ ਤੇ ਲਾਹੌਰ ਪੈਦਲ ਪਹੁੰਚਿਆ।

ਕਈ ਸੈਲਾਨੀ ਲੋਕ ਦੁਨੀਆਂ ਦੇ ਉਦਾਲੇ ਚੱਕਰ ਲਾ ਰਹੇ ਹਨ, ਕੋਈ ਮੋਟਰ-ਸਾਈਕਲਾਂ ਉਤੇ, ਕੋਈ ਦੂਜੇ ਸਾਈਕਲਾਂ ਉਤੇ ਤੇ ਕੋਈ ਪੈਦਲ ਭੀ। ਕਈ ਏਨ੍ਹਾਂ ਵਿਚੋਂ ਹੁਨਰੀ ਹਨ, ਉਹ ਆਪਣਾ ਖਰਚ ਭੀ ਰਾਹ ਵਿਚ ਨੌਕਰੀ ਚਾਕਰੀ ਕੰਮ ਕਾਜ ਨਾਲ ਪੂਰਾ ਕਰ ਲੈਂਦੇ ਹਨ। ਯੂਰਪ ਵਿਚ Hiking ਪੈਦਲ ਸੈਰ ਕਰਨ ਦਾ ਰਵਾਜ ਜੋਰਾਂ ਉਤੇ ਹੈ। ਪਰ ਯੂਰਪ ਵਿਚ ਇਕ ਏਹ ਵਾਧਾ ਹੈ ਕਿ ਉਨ੍ਹਾਂ ਨੂੰ ਬਿਸਤਰੇ ਤੇ ਭਾਂਡੇ ਨਹੀਂ ਚੁਕਣੇ ਪੈਂਦੇ ਕਿਉਂਕਿ ਸੜਕਾਂ ਉਤੇ ਥਾਂ ਥਾਂ ਠਹਿਰਾ ਹਨ ਤੇ ਬਿਸਤਰੇ ਰੋਟੀ ਉਥੇ ਮਿਲ ਜਾਂਦੇ ਹਨ। ਹਿੰਦੁਸਤਾਨ ਵਿਚ ਇਹ ਰਵਾਜ ਪ੍ਰਚਲਤ ਨਹੀਂ ਹੋਇਆ। ਯੂਰਪ ਵਿਚ ਸੈਰ ਕਰਾਣ ਲਈ ਸਹੂਲਤਾਂ ਦੇਣਾ ਭੀ

ਇਹ ਤਕੜੀ Industry ਕਿਰਤ ਸਮਝਿਆ ਜਾਦਾ ਹੈ। ਜਿਸ ਤਰ੍ਹਾ ਸਾਡੇ ਦੇਸ਼ ਕਸ਼ਮੀਰ ਵਿਚ ਸੈਰ ਕਰਨ ਵਾਲਿਆਂ ਦੇ ਪੱਲਿਓਂ ਤਕੜੀ ਵਸੋਂ ਰੋਜ਼ੀ ਕਮਾਂਦੀ ਹੈ ਯੂਰਪ ਦੇ ਲਗ ਭਗ ਸਾਰੇ ਦੇਸ਼ਾਂ ਵਿਚ ਰੋਜ਼ੀ ਦਾ ਇਹ ਵਸੀਲਾ ਤਕੜੀ ਕਮਾਈ ਦਾ ਵਸੀਲਾ ਹੈ। ਅਜਬ ਗਲ ਏਹ ਹੈ ਕਿ ਸਾਡੇ ਦੇਸ ਵਿਚ ਜੋ ਸਹੂਲਤਾਂ ਸੈਰ ਲਈ ਰਮਤਿਆ ਸਾਧਾਂ ਨੂੰ ਹਨ ਉਹ ਦੂਜਿਆਂ ਨੂੰ ਨਹਾਂ। ਸਾਧਾਂ ਲਈ ਗ੍ਰਿਹਸਤੀਆਂ ਦੇ ਦਰ ਭੀ ਖੁਲ੍ਹੇ ਹਨ ਤੇ ਡੇਰੇ ਵੀ ਹਨ। ਹਰਦੁਆਰ, ਰਿਸ਼ੀ ਕੇਸ਼ ਤੋਂ ਬਦਰੀ ਨਾਥ ਦੀ ਯਾਤ੍ਰਾ ਲਈ ਬੜੇ ਲੋਕ ਜਾਂਦੇ ਹਨ। ਏਸ ਪਹਾੜੀ ਰਸਤੇ ਉਤੇ ਇਕ ਉੱਦਮੀ ਉਪਕਾਰੀ ਨੇ ਯਾਤ੍ਰੀਆਂ ਲਈ ਥਾਂ ਥਾਂ ਸਰਾਈ, ਡੇਰੇ, ਹਸਪਤਾਲ ਖੋਲ੍ਹੇ ਹੋਏ ਹਨ। ਇਹ ਉਪਕਾਰੀ ਸਜਣ 'ਕਾਲੀ ਕਮਲੀ ਵਾਲਾ' ਕਰਕੇ ਪ੍ਰਸਿਧ ਸੀ।

ਹੁਣ ਜ਼ਮਾਨਾ ਬੜੀ ਤੇਜ਼ੀ ਨਾਲ ਬਦਲ ਰਿਹਾ ਹੈ। ਪੁਰਾਣੇ ਰਵਾਜ ਤੇ ਤਰੀਕੇ ਤਜੇ ਜਾ ਰਹੇ ਹਨ। ਅੱਗੇ ਕੇਵਲ ਦੋ ਰਾਹ ਸਨ ਆਣ ਜਾਣ, ਖ਼ੁਸ਼ਕੀ ਉਤੇ ਸੜਕਾਂ ਰਾਹੀਂ ਤੇ ਪਾਣੀ ਉਤੇ ਜਹਾਜ਼ਾਂ ਰਾਹੀਂ। ਹੁਣ ਹਵਾ ਦੀ ਆਵਾ ਜਾਈ ਬੜੀ ਤੇਜ਼ੀ ਨਾਲ ਵਧ ਰਹੀ ਹੈ ਹਵਾਈ ਜਹਾਜ਼ਾਂ ਲਈ ਕੇਵਲ ਚੜ੍ਹਨ ਉੱਤਰਨ ਦੇ ਅੱਡਿਆਂ ਦੀ ਲੋੜ ਹੈ। ਖ਼ਿਆਲ ਕੀਤਾ ਜਾਂਦਾ ਹੈ ਕਿ ਸਮਾਂ ਪਾਕੇ ਹਵਾਈ ਜਹਾਜ਼ ਸਮੁੰਦਰਾਂ ਦੇ ਜਹਾਜ਼ਾਂ ਨਾਲ ਕਰਾਏ ਦਾ ਮੁਕਾਬਲਾ ਕਰਨ ਲਗ ਪੈਣਗੇ। ਹੁਣ ਤਾਂ ਸਗੋਂ ਚੰਦ ਤੀਕ ਪਹੁੰਚਣ ਲਈ ਤਿਆਰੀਆਂ ਹੋ ਰਹੀਆਂ ਹਨ। ਐਟਮ ਬੰਬ ਵਾਲੀ ਤਾਕਤ ਨੇ ਪਤਾ ਨਹੀਂ ਦੁਨੀਆਂ ਵਿਚ ਕੇਹੋ ਜਿਹਾ ਇਨਕਲਾਬ ਲੈ ਆਉਣਾ ਹੈ। ਹੋ ਸਕਦਾ ਹੈ ਕਿਸੇ ਵੇਲੇ ਏਸ ਧਰਤੀ ਦੇ ਬੰਦੇ ਦੂਜੀਆਂ ਧਰਤੀਆਂ ਉੱਤੇ ਪੁਜ ਸਕਣ ਤੇ ਦੂਜੀਆਂ ਧਰਤੀਆਂ ਦੀ ਦੁਨੀਆਂ ਨਾਲ ਆਵਾਜਾਈ ਲੱਗ ਪਵੇ। ਹਾਲਾਂ ਭਾਵੇਂ ਏਸ ਵੱਡੀ ਛਾਲ ਦੀ ਸਾਮ੍ਹਣੇ ਕੋਈ ਸੰਭਾਵਨਾ ਦਿੱਸਦੀ ਨਹੀਂ ਪਰ ਪਿਛਲੇ ਦਸ ਵੀਹ ਵਰ੍ਹਿਆਂ ਨਾਲੋਂ ਆਵਾ ਜਾਈ ਤੇ ਸ਼ਕਤੀ ਦੀ ਸਾਇੰਸ ਏਨ੍ਹਾਂ ਪੰਜਾਂ ਸੱਤਾਂ ਵਰ੍ਹਿਆਂ ਵਿਚ ਜਦ ਤੋਂ ਐਟਮ ਬੰਬ ਦੀ ਦੌੜ ਆਰੰਭ ਹੋ ਬਹੁਤ ਜ਼ਿਆਦਾ ਵਧ ਗਈ ਹੈ। ਫੁੱਟਬਾਲਾਂ ਜੇਡੇ ਆਦਮੀ ਦੇ ਬਣਾਏ ਤੇ ਚਲਾਏ ਤਾਰਿਆਂ ਦਾ ਧਰਤੀ ਦੇ ਉਦਾਲੇ ਭੌਣ ਲੱਗ ਪੈਣਾ ਤਾਂ ਬਹੁਤ ਛੇਤੀ ਦੋ ਚਾਰ ਸਾਲਾਂ ਵਿਚ ਹੋ ਜਾਣ ਦੀ ਆਸ ਹੈ।

ਪਰ ਕੀ ਹਵਾਈ ਜਹਾਜ਼ ਸਾਡੀ ਧਰਤੀ ਉੱਤੇ ਦੀਆਂ ਪੈਦਲ ਸੈਰਾਂ ਦਾ ਸੁਆਦ ਖੋਹ ਲੈਣਗੇ ? ਇਸ ਸਵਾਲ ਦਾ ਜਵਾਬ ਔਖਾ ਹੈ ? ਕੀ ਮੋਟਰਾਂ ਨੇ ਤੇ ਲਾਰੀਆਂ ਨੇ ਸਾਈਕਲਾਂ ਦਾ ਸੁਆਦ ਮੁਕਾ ਦਿਤਾ ਹੈ ? ਸਮਾਂ ਬਚਾਣਾ ਹੋਰ ਹੈ, ਕਿਸੇ ਕੰਮ ਨੂੰ ਦੋ ਘੰਟੇ ਦੀ ਥਾਂ ਪੰਦਰਾਂ ਮਿੰਟਾਂ ਕਰ ਲੈਣਾ ਹੋਰ ਗੱਲ ਹੈ ਪਰ ਸੈਰ ਦੀ ਖ਼ਾਤਰ ਆਪਣੇ ਹੱਥ ਪੈਰ ਹਿਲਾ ਕੇ ਸਮੇਂ ਦੀ ਭੱਜ ਦੌੜ ਦੀ ਪਰਵਾਹ ਨਾ ਕਰਦੇ ਹੋਏ ਧਰਤੀ ਉੱਤੇ ਤੁਰਨਾ ਤੇ ਧਰਤੀ ਦੀ ਰਚਨਾ ਵੇਖਣੀ ਹੋਰ ਗੱਲ ਹੈ।

ਜੱਟ ਦਾ ਆਰਟ

ਜੱਟ ਦੇ ਨਾਮ ਨਾਲ ਸ਼ਬਦ ਆਰਟਿਸਟ ਵਰਤਣਾ ਇਕ ਅਣਹੋਣੀ ਜੇਹੀ ਗੱਲ ਭਾਸਦੀ ਹੈ, ਜੱਟ ਕੀ ਤੇ ਆਰਟ ਨਾਲ ਉਸ ਦਾ ਵਾਸਤਾ ਕੀ ? ਜੱਟ ਦਾ ਆਰਟ ਸਮਝਣ ਤੇ ਵੇਖਣ ਲਈ ਨੁਮਾਇਸ਼ ਘਰਾਂ ਵਿਚ ਜਾਣ ਦੀ ਲੋੜ ਨਹੀਂ । ਹੋਰ ਸਾਰੇ ਆਰਟ ਬੜੇ ਸੂਖਮ ਤੇ ਸੁਹਜ ਵਾਲੇ ਹਨ, ਅੰਦਰ ਬੈਠਿਆਂ ਸਾਫ ਸੁਥਰੇ ਥਾਵਾਂ ਵਿਚ ਕਮਾਏ ਜਾਂਦੇ ਹਨ । ਚਿਤ੍ਰਕਾਰ ਦਾ ਹੁਨਰ ਉਸ ਦੇ (Canvas) ਕਪੜੇ ਯਾ ਕਾਗਜ਼ ਤੇ ਰੰਗਾਂ ਵਿਚ, ਵੀਣਕਾਰ ਦਾ ਆਰਟ ਉਸ ਦੇ ਸਾਜ਼ ਵਿਚ ਤੇ ਉਸ ਦੀਆਂ ਉਂਗਲਾਂ ਵਿਚ ਹੈ ਜਿਨ੍ਹਾਂ ਨਾਲ ਉਹ ਦੁਨੀਆਂ ਨੂੰ ਮਸਤ ਕਰਦਾ ਹੈ । ਪਰ ਜਟ ਦਾ ਆਰਟ ਸੂਖਮਤਾ ਤੇ ਕੋਮਲਤਾ ਦਾ ਨਹੀਂ । ਸੁਹਜ ਤਾਂ ਜ਼ਰੂਰ ਹੁੰਦਾ ਹੈ ਪਰ ਉਹ ਸੁਹਜ ਕੋਠਿਆਂ ਕਮਰਿਆਂ ਵਿਚ ਸਮਾਣ ਵਾਲਾ ਨਹੀਂ । ਚਿਤ੍ਰਕਾਰ ਦੇ ਬੁਰਸ਼ ਦੀ ਥਾਂ ਜੱਟ ਹਲ ਤੇ ਜੋੜੀ ਤੇ ਸੁਹਾਗਾ ਵਰਤਦਾ ਹੈ ਦੀ ਤਸਵੀਰ ਦੇ ਕੈਨਵੈਸ ਯਾ ਫੱਟੀ ਦੀ ਥਾਂ ਸਾਰੀ ਧਰਤੀ ਜੱਟ ਦੀ ਨਕਸ਼ਕਾਰੀ ਲਈ ਵਰਤੀ ਜਾਂਦੀ ਹੈ । ਹੋਰ ਆਰਟਿਸਟ ਆਪਣੇ ਕੰਮ ਵਿਚ ਕੋਮਲ ਜੇਹਾ ਜ਼ੋਰ, ਦਿਮਾਗ਼ੀ ਚਪਲਤਾ ਬਹੁਤ ਹੱਥਾਂ ਦੀ ਥੋੜੀ, ਆਰਟਿਸਟਾਂ ਦਾ ਜੁੱਸਾ ਹੀ ਦੁਬਲਾ ਪਤਲਾ ਦਸਿਆ ਜਾਂਦਾ ਹੈ । ਪਰ ਜੱਟ ਦਾ ਕੋਮਲਤਾ ਤੇ ਨਾਜ਼ਕ ਸਰੀਰਾਂ ਨਾਲ ਕੰਮ ਨਹੀਂ ਬਣਦਾ । ਜੱਟ ਨੂੰ ਲੋੜ ਹੈ ਤਕੜੇ ਡਾਢੇ ਸਰੀਰ ਦੀ, ਮੱਲੇ ਹੋਏ ਨਰੋਏ ਬਲਦਾਂ ਦੀ ਤੇ ਨਾ ਟੁੱਟਣ ਵਾਲੇ ਸੰਦਾਂ ਦੀ । ਜੱਟ ਦਾ ਘੋਲ ਹੁੰਦਾ ਹੈ ਅੱਠ ਪਹਿਰ ਤੇ ਬਾਰਾਂ ਮਹੀਨੇ ਮਿੱਟੀ ਨਾਲ ਤੇ ਮੀਹਾਂ ਪਾਲਿਆਂ ਗਰਮੀਆਂ ਜੇਠ ਹਾੜ ਦੀਆਂ ਧੁੱਪਾਂ ਨਾਲ ਜਿਸ ਲਈ ਉਸ ਦਾ

ਸਰੀਰ ਤਿਆਰ ਹੋਣਾ ਚਾਹੀਦਾ ਹੈ।

ਕੱਤਕ ਦੇ ਮਹੀਨੇ ਇਕ ਤਰ੍ਹਾਂ ਜੱਟ ਦੀ ਚਿਤਰਕਾਰੀ ਲਈ ਤਖ਼ਤੀ ਤਿਆਰ ਹੁੰਦੀ ਹੈ। ਜ਼ਮੀਨ ਕਈ ਕਈ ਵਾਹਾਂ ਨਾਲ ਤੇ ਮੁੜ ਮੁੜ ਸੁਹਾਗਣ ਨਾਲ ਭੱਸੀ ਵਾਂਗ ਬਣੀ ਪਈ ਹੁੰਦੀ ਹੈ ਤੇ ਰੌਣੀ ਕਰਕੇ ਹਾੜ੍ਹੀ ਦੀ ਤਿਆਰੀ ਕੱਢੀ ਪਈ ਹੁੰਦੀ ਹੈ। ਜਿਸ ਤਰ੍ਹਾਂ ਚੰਗੇ ਚਿਤਰਕਾਰ ਨੇ ਆਪਣੇ ਕੈਨਵੇਸ ਨੂੰ ਸਵਾਰ ਕੇ ਥਲ ਤਿਤ੍ਰੋੜ ਕੱਢ ਕੇ ਸਾਹਮਣੇ ਰੱਖਿਆ ਹੁੰਦਾ ਹੈ ਜੱਟ ਦੀ ਜ਼ਮੀਨ ਸਾਫ਼ ਪੱਧਰ ਬਿਨਾਂ ਘਾਹ ਦੇ ਤਿਨਕੇ ਤੋਂ ਬਣਾਈ ਪਈ ਹੁੰਦੀ ਹੈ। ਜੱਟ ਦਾ ਆਰਟ ਭੀ ਜੇ ਵੇਖਣਾ ਹੋਵੇ ਧਰਤੀ ਉਤੇ ਖਲੋਤਿਆਂ ਭਲੀ ਪ੍ਰਕਾਰ ਨਹੀਂ ਵੇਖਿਆ ਜਾ ਸਕਦਾ। ਜੇ ਇਕ ਪਿੰਡ ਦੀ ਜ਼ਮੀਨ ਵੀ ਇਕ ਤਸਵੀਰ ਵਾਂਗ ਵੇਖਣੀ ਹੋਵੇ ਹਵਾਈ ਜਹਾਜ਼ ਵਿਚ ਬੈਠਕੇ ਉਪਰੋਂ ਆਸਮਾਨ ਵਿਚੋਂ ਵੇਖੀ ਜਾ ਸਕਦੀ ਹੈ, ਐਵੇਂ ਨਹੀਂ। ਵੇਖਣ ਵਾਲੇ ਨੂੰ ਦਿਸੇਗਾ ਕਿ ਕੋਹਾਂ ਤੀਕ ਜ਼ਮੀਨ ਦਾ ਭੂਸਲਾ ਜੇਹਾ ਰੰਗ ਹੈ ਤੇ ਬੰਨਿਆਂ ਨਾਲ ਟੁਕੜੀਆਂ ਬਣ ਗਈਆਂ ਹਨ। ਕਿਤੇ ਕਿਤੇ ਵਿਚਕਾਰ ਪੁੰਗਰਦੇ ਛੋਲਿਆਂ ਦੀਆਂ ਸਰਦਈ ਜੇਹੀਆਂ ਟੁਕੜੀਆਂ ਭੀ ਹਨ। ਸਾਉਣੀ ਦੀ ਫ਼ਸਲ ਦੇ ਖੇਤ ਸਾਫ਼ ਅੱਡਰੇ ਦਿਸਦੇ ਹਨ, ਓਹਨਾਂ ਦਾ ਰੰਗ ਹੋਰ ਹੈ, ਓਹਨਾਂ ਵਿਚ ਕਿਸੇ ਵਿਚ ਕਪਾਹ ਦੀਆਂ ਅਧਨੰਗੀਆਂ ਛਟੀਆਂ ਹਨ, ਚਿੱਟੇ ਗੋਹੜੇ ਸਫ਼ੇਦ ਖਿੜੇ ਹੋਏ ਟੀਂਡੇ ਭੀ ਟਿਮਕਣਿਆਂ ਵਾਂਗ ਚਮਕ ਰਹੇ ਹਨ। ਮੱਕੀ ਦੇ ਵੱਢ ਹਲਕੀ ਹਰੀ ਭਾ ਮਾਰ ਰਹੇ ਹਨ ਮੱਕੀਆਂ ਵੱਢਣ ਨਾਲ ਨਵਾਂ ਘਾਹ ਨਿਕਲ ਰਿਹਾ ਹੈ। ਜਿਸ ਤਰ੍ਹਾਂ ਨਵੀਂ ਛੇੜੀ ਫੁਲਕਾਰੀ ਉੱਤੇ ਬਹੁਤ ਸਾਰਾ ਥਾਂ ਖ਼ਾਲੀ ਪਿਆ ਹੁੰਦਾ ਹੈ, ਕੱਤਕ ਦੀ ਭੁਇਂ-ਤਸਵੀਰ ਬਾਹਲਾ ਖ਼ਾਲੀ ਥਾਂ ਦਸਦੀ ਹੈ।

ਕੱਤਕ ਦੇ ਮਹੀਨੇ ਦੀ ਹੀ ਗੱਲ ਕਰਦੇ ਹਨ ਕਿ ਜੱਟ ਦੀ ਮਾਂ ਮਰ ਗਈ ਸੀ ਉਸ ਨੇ ਭੜੋਲੇ ਵਿਚ ਪਾ ਦਿਤੀ, ਦਾਹ ਕਰਨ ਦਾ ਭੀ ਵਿਹਲ ਨਹੀਂ ਸੀ। ਸਾਵਣੀ ਸਮੇਟਣੀ ਤੇ ਅਗੋਂ ਹਾੜੀ ਦੀ ਬਿਜਾਈ, ਫ਼ਸਲਾਂ ਦੇ ਅੰਤ ਤੇ ਮੁੱਢ ਦਾ ਸੰਗਮ ਅਜੇਹਾ ਆ ਜੁੜਦਾ ਹੈ ਕਿ ਜੱਟ ਨੂੰ ਮਰਨ ਦਾ ਵੇਹਲ ਨਹੀਂ ਹੁੰਦਾ। ਪਰ ਜੱਟ ਐਡਾ ਹਿੰਮਤੀ ਹੈ ਕਿ ਸਾਰੇ ਬੁੱਢੇ ਬਿਰਧ ਜੁਆਨ ਜੁਟ ਕੇ ਚਾਰ ਪੰਜ ਦਿਨਾਂ ਵਿਚ ਹੀ ਧਰਤੀ ਦਾ ਨਕਸ਼ਾ ਬਦਲ ਦੇਂਦੇ ਹਨ। ਅਜੇ ਲੋਕ ਵਾਹੇ ਬਣਾਏ ਖੇਤਾਂ ਦੇ ਧੌਤੇ ਮੂਹ ਨੂੰ ਵੇਖ ਵੇਖ ਕੇ ਬੱਲੇ ਬੱਲੇ ਹੀ ਕਰ ਰਹੇ ਹੁੰਦੇ ਹਨ ਕਿ ਕਣਕ ਦੀਆਂ ਤੂਤੀਆਂ

ਸੂਲਾਂ ਵਾਂਗ ਨਿਕਲ ਆਉਂਦੀਆਂ ਹਨ ਤੇ ਜ਼ਮੀਨਾਂ ਦਾ ਰੰਗ ਬਦਲਣਾ ਆਰੰਭ ਹੋ ਜਾਂਦਾ ਹੈ। ਉਪਰੋਂ ਜ਼ਮੀਨ ਵਿਚੋਂ ਕਣਕ ਤੇ ਨਾਲ ਹੀ ਨਦੀਣ ਵਾਹੋ ਦਾਹ ਨਿੱਕਲ ਰਹੇ ਹੁੰਦੇ ਹਨ, ਉਪਰੋਂ ਖੁਰਪਿਆਂ ਵਾਲੇ ਕਣਕ ਨੂੰ ਦੌੜ ਵਿਚ ਵਾਧਾ ਦੇਣ ਲਈ ਗੁਡਾਈ ਨੂੰ ਡਹਿ ਪੈਂਦੇ ਹਨ। ਇਹ ਮੁਕਾਬਲਾ ਮਹੀਨਾ ਕੁ ਰਹਿੰਦਾ ਹੈ, ਕਣਕ ਵੱਟਾਂ ਢਕ ਲੈਂਦੀ ਹੈ, ਭੁਸਲੇ ਖੇਤਾਂ ਦਾ ਰੰਗ ਬਦਲ ਕੇ ਹਰਾ ਹੋ ਜਾਂਦਾ ਹੈ, ਵਿਚ ਵਿਚ ਗੂਹੜੀਆਂ ਕਾਲੀਆਂ ਲੀਕਾਂ ਦਿਸਦੀਆਂ ਹਨ, ਇਹ ਜੱਟ ਦੀ ਚਿਤ੍ਰਕਾਰੀ ਹੈ ਸਰ੍ਹੋਂ ਦੀਆਂ ਓਲੀਆਂ।

ਪਾਲਾ ਉੱਤਰ ਆਉਂਦਾ ਹੈ ਤੇ ਜੱਟ ਦੇ ਖੇਤਾਂ ਵਿਚ ਤ੍ਰਕਾਲਾਂ ਵੇਲੇ ਸਾਵੇ ਪੀਲੇ ਸਾਲੂਆਂ ਵਾਲੀਆਂ ਗੇੜੇ ਮਾਰਨ ਲੱਗ ਪੈਂਦੀਆਂ ਹਨ। ਜਿਸ ਤਰ੍ਹਾਂ ਬਾਗਬਾਨ ਦੇ ਬਾਗ ਵਿਚ ਬੁਲਬੁਲਾਂ ਘੁੱਗੀਆਂ ਗੁਟਾਰਾਂ ਆ ਕਲੋਲ ਕਰਦੀਆਂ ਹਨ ਜੱਟਾਂ ਦੇ ਖੇਤਾਂ ਵਿਚ ਸਾਗ ਵਾਲੀਆਂ ਪੈਲਾਂ ਪਾਉਣ ਲਗਦੀਆਂ ਹਨ। ਜੱਟ ਦੀ ਛਾਤੀ ਉਤੇ ਦੁਨੀਆਂ ਖੇਲ੍ਹਦੀ ਹੈ ਕਿਸੇ ਨੂੰ ਸਾਗ ਤੋੜਨੋਂ ਮਨਾਹੀ ਨਹੀਂ, ਖੇਤ ਕਿਸੇ ਦਾ ਖਾਵੇ ਭਾਵੇਂ ਕੋਈ, ਇਹ ਜੱਟ ਦਾ ਹੀ ਜਿਗਰਾ ਹੈ। ਸਿਆਲ ਦੇ ਢਹਿੰਦੇ ਜਾਂਦੇ ਸੂਰਜ ਦੀ ਸੰਝ ਵੇਲੇ ਮੁਟਿਆਰਾਂ ਆ ਝਾਕੇ ਦੇਂਦੀਆਂ ਹਨ ਕੋਈ ਨਵੀਂ ਵਿਆਹੀ ਸੁਹਾਗ ਦੀ ਮਹਿੰਦੀ ਤੇ ਟਾਸੇ ਦੇ ਸੂਟ ਵਾਲੀ, ਕੋਈ ਵੱਡੇ ਟੱਬਰ ਦੇ ਕੰਮ ਨਾਲ ਅੱਕੀ ਹੋਈ ਮਮੂਲੀ ਕਪੜਿਆਂ ਵਾਲੀ, ਸਾਰੀਆਂ ਆਪਣੇ ਆਪਣੇ ਅੱਡਰੇ ਰੰਗਾਂ ਵਿਚ, ਕਹਿਣ ਨੂੰ ਕੰਮ ਸਾਗ ਤੋੜਨਾ ਹੈ ਪਰ ਅਸਲ ਵਿਚ ਕੰਮ ਕਈ ਹੋਰ ਹਨ। ਇਹ ਨਿਰੇ ਸਾਗ ਤੋੜਨ ਦੀ ਮੀਟਿੰਗ ਨਹੀਂ, ਸਾਰੇ ਪਿੰਡ ਦੇ ਪਾਲਟਿਕਸ ਦਾ ਸਮਾਗਮ ਏਥੇ ਹੋਣਾ ਹੈ, ਫ਼ਲਾਣੀ ਨੂੰਹ ਸੱਸ ਦੀ ਸੁਆਦਲੀ ਲੜਾਈ, ਅਮਕੀ ਦੇ ਨਵੇਂ ਪਰਾਹੁਣੇ ਦੇ ਖੰਘੂਰੇ, ਪਰਦੇਸੋਂ ਆਈਆਂ ਚਿੱਠੀਆਂ, ਨਵੇਂ ਸਾਕ ਤੇ ਵਿਚੋਲਣਾ ਦੇ ਨਖ਼ਰੇ। ਘਰਾਂ ਤੋਂ ਮਸਾਂ ਛੁਟਕਾਰੇ ਹੋਏ ਹਨ, ਖੇਤ ਵਿਚ ਪਹਿਲਾਂ ਚਾਂਭੜਾਂ ਪਈਆਂ, ਚੌਬੀ ਘੰਟਿਆਂ ਦਾ ਦੱਬਿਆ ਘੁੱਟਿਆ ਹਾਸਾ ਮਖੌਲ ਹੜ੍ਹ ਵਾਂਗੂੰ ਵਗ ਤੁਰਿਆ, ਇਕ ਦੂਜੀ ਦੀ ਸੁਣਦੀਆਂ ਘੱਟ ਹਨ ਬੋਲੀ ਤੇ ਹੱਸੀ ਜਾਂਦੀਆਂ ਹਨ, ਐਨ ਓਸੇ ਤਰ੍ਹਾਂ ਜਿਵੇਂ ਸੇੜ੍ਹੀਆਂ ਦਾ ਟੱਬਰ ਇਕੱਠਾ ਹੁੰਦਾ ਹੈ ਤੇ ਹੋਰ ਕਿਸੇ ਦੀ ਨਹੀਂ ਸੁਣਦਾ। ਜਦ ਸੂਰਜ ਡੁੱਬਣ ਵਾਲਾ ਹੋ ਗਿਆ ਖਿੰਡ ਗਈਆਂ ਤੇ ਦੋਹਾਂ ਹੱਥਾਂ ਨਾਲ ਜੱਟ ਦੀ ਸਰ੍ਹੋਂ ਨੂੰ ਹੱਥ ਮਾਰ ਤੇ ਭਰ ਲਈਆਂ ਝੋਲੀਆਂ। ਇਹ ਭੀ ਜੱਟ ਦੇ ਖੇਤ ਦਾ ਸ਼ੰਗਾਰ ਹਨ।

ਹਾਲਾਂ ਫੱਗਣ ਦੂਰ ਹੁੰਦਾ ਹੈ ਕਿ ਸਰ੍ਹੋਂ ਆਪਣਾ ਰੰਗ ਵਿਖਾਣਾ ਆਰੰਭਦੀ ਹੈ। ਹਰੀ ਕਣਕ ਵਿਚ ਫੁੱਲਾਂ ਦੀਆਂ ਧਾਲਾਂ। ਜਿਸ ਵਕਤ ਕਿਸੇ ਹੋਰ ਫੁੱਲ ਨੂੰ ਪਾਲੇ ਵਿਚ ਖਿੜਨ ਦਾ ਹੌਸਲਾ ਨਹੀਂ ਹੁੰਦਾ ਸਰ੍ਹੋਂ ਖਿੜ ਖਿੜ ਹੱਸ ਰਹੀ ਹੁੰਦੀ ਹੈ, ਕਿਉਂ ਨਾ ਹੋਵੇ ਜੱਟ ਦੇ ਹੱਥ ਲੱਗੀ ਹੋਏ ਹੁੰਦੇ ਹਨ। ਜੱਟ ਦਾ ਆਰਟ ਏਸ ਮੌਸਮ ਵਿਚ ਪਰਤੱਖ ਹੁੰਦਾ ਹੈ। ਛੋਲਿਆਂ ਦੀ ਹਰਿਆਵਲ ਦਾ ਹੋਰ ਰੰਗ ਕਣਕ ਦਾ ਹੋਰ, ਵਿਚ ਬਸੰਤ ਰੰਗ ਦੀਆਂ ਪਾਲਾਂ, ਕਿਸੇ ਚਿਤ੍ਰਕਾਰ ਦੀ ਤਸਵੀਰ ਨਾਲੋਂ ਇਹ ਘੱਟ ਨਹੀਂ, ਕਿਤੇ ਕਿਤੇ ਜਿੱਥੇ ਨਿਰੀ ਸਰ੍ਹੋਂ ਹੈ ਉਥੇ ਬਸੰਤ ਇੰਞ ਫੁੱਲੀ ਹੁੰਦੀ ਹੈ ਜਿਵੇਂ ਰੰਗ ਡੋਲ੍ਹ ਦਿੱਤਾ ਗਿਆ ਹੋਵੇ। ਸਰ੍ਹੋਂ ਨੂੰ ਵੇਖ ਕੇ ਕਣਕ ਤੇ ਛੋਲੇ ਭੀ ਕਾਹਲ੍ਹੇ ਪੈਂਦੇ ਸਨ ਛੋਲਿਆਂ ਦੀ ਹਰੀ ਹਰੀ ਬੂਟੀ ਵਿਚ ਊਦੇ ਤੇ ਬੈਂਗਣੀ ਫੁੱਲ ਨਿੱਕੇ ਨਿੱਕੇ ਚਟਾਕਾਂ ਵਾਂਗ ਆ ਜਾਂਦੇ ਹਨ ਤੇ ਕਣਕ ਦਾ ਹਰਾ ਬੂਰ ਵਿੱਚੇ ਪੱਤਿਆਂ ਦੇ ਰਲ ਮਿਲ ਜਾਂਦਾ ਹੈ ਤੇ ਬੁੱਕਲਾਂ ਵਿਚੋਂ ਬੱਲੀਆਂ ਦੇ ਤੀਰ ਫੁੱਟ ਨਿਕਲਣ ਨੂੰ ਉਤਾਵਲੇ ਹੁੰਦੇ ਹਨ।

ਚੇਤਰ ਹਾਲਾਂ ਚੜ੍ਹਿਆ ਹੀ ਹੁੰਦਾ ਹੈ ਕਿ ਕੁਦਰਤ ਦੀ ਕਲਮ ਬਸੰਤ ਰੰਗ ਨੂੰ ਮੇਸ ਦਿੰਦੀ ਹੈ ਜਿਵੇਂ ਬਾਲਕ ਸਲੇਟ ਉਤੋਂ ਕਢਿਆ ਸਵਾਲ ਮੇਸ ਦੇਂਦਾ ਹੈ ਯਾ ਚਿਤ੍ਰਕਾਰ ਤਸਵੀਰ ਉੱਤੇ ਕਾਲਾ ਬੁਰਸ਼ ਫੇਰ ਦੇਂਦਾ ਹੈ। ਕੁਝ ਦਿਨ ਹੋਰ ਲੰਘ ਕੇ ਸਰ੍ਹੋਂ ਦੇ ਫੁਲਾਂ ਦੀਆਂ ਪਾਲਾਂ ਦੇ ਥਾਂ ਰੰਗ ਮਿਟ ਗਿਆ ਤੇ ਬੇ ਰੌਣਕ ਡੱਕੇ ਜੇਹੇ ਰਹਿ ਗਏ। ਕਣਕਾਂ ਦੇ ਰੰਗ ਹਰਿਆਵਲ ਤੋਂ ਬਦਲਣ ਲੱਗ ਪਏ, ਛੋਲਿਆਂ ਦੇ ਫੁਲਾਂ ਦੀ ਥਾਂ ਮੂੰਗਿਆਂ ਦੇ ਹਾਰ ਵਾਂਗ ਡੱਡੇ ਲਮਕ ਪਏ। ਬੱਲੀਆਂ ਹਵਾ ਵਿਚ ਨੱਚਣ ਲਗ ਪਈਆਂ ਤੇ ਮੱਧਮ ਜੇਹੀ ਸੁਰ ਨਾਲ ਕੁਝ ਅਲਾਪਣ ਭੀ ਲਗ ਗਈਆਂ। ਵੇਂਹਦਿਆਂ ਵੇਂਹਦਿਆਂ ਕਣਕਾਂ ਦਾ ਰੰਗ ਸੋਨੇ ਵਰਗਾ ਹੋ ਗਿਆ ਤੇ ਅੰਞ ਦਿੱਸਣ ਲਗਾ ਜਿਵੇਂ ਤਰਦੇ ਸੋਨੇ ਦਾ ਸਮੁੰਦਰ ਲਹਿਰਾਂ ਦੇਂਦਾ ਹੁੰਦਾ ਹੈ। ਜਿਥੇ ਛੇ ਸਤ ਮਹੀਨੇ ਖ਼ਾਕੀ ਭੁਸਲੀ ਪਧਰ ਮਿਟੀ ਸੀ ਉਥੇ ਸੁਨਹਿਰੀ ਬੁਲ੍ਹੇ ਸਰ ਸਰ ਕਰਨ ਲਗ ਪਏ।

ਪਤਾ ਨਹੀਂ ਜੱਟ ਨੇ ਕਦ ਰਾਤੋ ਰਾਤ ਦਾਤੀ ਦੇ ਦੰਦ ਤਿੱਖੇ ਕਰ ਲਏ, ਉਦੋਂ ਹੀ ਪਤਾ ਲੱਗਾ ਜਦ ਸਾਰਾ ਸੁਨਹਿਰੀ ਪੜ੍ਹ ਸੱਥਰ ਬਣ ਗਿਆ ਤੇ ਖੇਤ ਫੇਰ ਨੰਗੇ ਹੋ ਗਏ। ਛੂ ਮੰਤਰ ਨਾਲ ਭੀ ਐਡੀ ਛੇਤੀ ਤਮਾਸ਼ਾ ਨਹੀਂ ਹੁੰਦਾ ਜਿੰਨੀ ਛੇਤੀ ਕਣਕਾਂ ਦੇ ਖੇਤ ਵਢ ਦਿਤੇ। ਗਭਰੂਆਂ ਦੇ ਡੌਲਿਆਂ ਨੇ ਕਣਕ ਦੀਆਂ ਜੜਾਂ ਵਿਚ ਅੰਞ ਦਾਤੀ ਵਾਹੀ ਜਿਵੇਂ ਨਾਗਾਂ ਦੀਆਂ ਜੀਭਾਂ

ਢੌਲਿਆ ਕਰ ਲਿਆ ਹਨ। ਇਕ ਮੁੰਡੇ ਨੇ ਹਥ ਵਿਚ ਦਾਤੀ ਫੜੀ ਤੇ ਮਗਰ ਢੋਲ ਵਾਲਾ ਲਾ ਲਿਆ, ਆਓ ਜਿਸਨੇ ਕਣਕ ਵੱਢਣ ਦਾ ਮੁਕਾਬਲਾ ਕਰਨਾ ਹੈ। ਉਸ ਦਾ ਚਾਰ ਵਿਘੇ ਖੇਤ ਸੀ, ਉਹ ਚਾਹੁੰਦਾ ਸੀ ਕੋਈ ਬਰਾਬਰ ਦਾ ਆਵੇ ਆਕੇ ਮੁਕਾਬਲਾ ਕਰੇ। ਮੁੰਡੇ ਦਾ ਪਿਓ ਗੁੜ ਵੰਡਣ ਲਗ ਪਿਆ, ਇਕ ਮੁੰਡੇ ਨੇ ਵੰਗਾਰਾ ਮੰਜ਼ੂਰ ਕਰ ਲਿਆ, ਦੋਵੇਂ ਖੇਤ ਦੇ ਅਧ ਅਧ ਨੂੰ ਲਗ ਪਏ। ਪਿੰਡ ਦੇ ਚੌਧਰੀ ਤੇ ਹੋਰ ਤਮਾਸ਼ਬੀਨ ਆ ਗਏ। ਗੱਲਾਂ ਹੋਣ ਲਗ ਪਈਆਂ ਉਨ੍ਹਾਂ ਵੇਲਿਆਂ ਦੀਆਂ ਜਦ ਫ਼ਲਾਣੇ ਬੁੱਢੇ ਨੇ ਸਾਰੇ ਦਿਨ ਵਿਚ ਪੰਜ ਵਿਘੇ ਕਣਕ ਵਢ ਕੇ ਦਮ ਲਿਆ ਸੀ। ਮੁਕਾਬਲਾ ਸੀ ਤੇ ਤਮਾਸ਼ਾ ਭੀ ਪਰ ਛਛੋਹਰਾ ਤਮਾਸ਼ਾ ਨਹੀਂ, ਖਾਧੇ ਦੁਧ ਦਹੀਂ ਦੇ ਨਿਸਤਾਰੇ ਦਾ ਵੇਲਾ ਸੀ। ਢੋਲ ਵਜਵਾਉਣ ਵਾਲਾ ਤਕੜਾ ਸੀ ਪਰ ਦੂਜਾ ਭੀ ਮਾੜਾ ਨਹੀਂ ਸੀ। ਜਦ ਦੋ ਦੋ ਵਿਘੇ ਮੁਕਣ ਤੇ ਆਏ ਦੂਜਾ ਆਪ ਹੀ ਜ਼ਰਾ ਕੁ ਢਿਲਾ ਹੋ ਗਿਆ ਤੇ ਮਾਲੀ ਢੋਲ ਵਾਲੇ ਦੀ ਹੋ ਗਈ। ਪਿੰਡ ਵਾਲਿਆਂ ਨੇ ਦੋਹਾਂ ਨੂੰ ਥਾਪੀਆਂ ਦਿੱਤੀਆਂ, ਢੋਲ ਵਾਲੇ ਦੀ ਛਾਤੀ ਉਭਰ ਗਈ ਤੇ ਦੂਜੇ ਨੂੰ ਉਸ ਦੇ ਬੇਲੀਆਂ ਨੇ ਉਂਞ ਮੋਢਿਆਂ ਉਤੇ ਚੁਕ ਲਿਆ। ਇਕ ਬੁੱਢਾ ਆਖਣ ਲਗਾ ਸਾਊਓ ਦੋਵੇਂ ਇਕ ਜੇਹੇ ਹੀ ਘੋਟ ਦੋਹਾਂ ਵਿਚੋਂ ਕੋਈ ਭੀ ਨਹੀਂ, ਉਂਞ ਮਾਲੀ ਤਾਂ ਇਕ ਨੂੰ ਹੀ ਲੱਭਣੀ ਸੀ ਹਾਰਨ ਵਾਲਾ ਆਖਣ ਲਗਾ ਚਲ ਹੁਣੇ ਮੇਰੇ ਖੇਤ ਵਿਚ ਆ, ਕਲ ਨੂੰ ਮੈਂ ਤੈਨੂੰ ਹਥ ਵਖਾਊਂਗਾ। ਦੂਜੇ ਦਿਨ ਸਭ ਗੱਲ ਭੁਲ ਭੁਲਾ ਦਿਤੀ ਗਈ, ਵੇਖਣ ਵਾਲੇ ਮੁੰਡੇ ਅਗਲੇ ਸਾਲ ਤਿਆਰੀਆਂ ਕਰਨ ਲਗ ਪਏ ਤੇ ਘਰ ਜਾਕੇ ਮਾਵਾਂ ਨੂੰ ਪੁਛਣ ਲਗੇ ਕੋਠੀ ਵਿਚ ਘਿਓ ਕਿੰਨਾ ਕੁ ਹੈ।

ਵਿਸਾਖੀ ਦਾ ਮੇਲਾ ਲੰਘਿਆਂ ਕੁਝ ਦਿਨ ਹੀ ਹੋਏ ਹੁੰਦੇ ਹਨ ਕਿ ਜੱਟ ਦਾ ਝੁਰਲੂ ਫੇਰ ਜ਼ਮੀਨ ਉਤੇ ਫਿਰਨ ਲਗਦਾ ਹੈ, ਕੁਝ ਦਿਨਾਂ ਵਿਚ ਨਕਸ਼ਾ ਬਦਲ ਜਾਂਦਾ ਹੈ। ਦੋ ਤਿੰਨ ਸਾਤਿਆਂ ਵਿਚ ਨਕਸ਼ਕਾਰੀ ਲਈ ਨਵਾਂ ਮੈਦਾਨ ਤਿਆਰ ਹੋ ਜਾਂਦਾ ਹੈ। ਹਾੜੀ ਦੀ ਜ਼ਮੀਨ ਵਿਚ ਯਾ ਤਾਂ ਭਰੀਆਂ ਬੰਨ੍ਹੀਆਂ ਪਈਆਂ ਹੁੰਦੀਆਂ ਹਨ ਹਲ ਯਾ ਭੁਇੰ ਖਾਲੀ ਵਿਚ ਵੱਗ, ਤੇ ਖੱਬਲ ਦੀਆਂ ਤਿੜਾਂ ਨੂੰ ਗਰਚ ਗਰਚ ਚਰੀ ਜਾਂਦੇ। ਕਪਾਹ ਲਈ ਫੇਰ ਉਸੇ ਤਰ੍ਹਾਂ ਖੇਤ ਤਿਆਰ ਹੋ ਜਾਂਦੇ ਹਨ। ਜਿਥੇ ਲਹਿ ਲਹਿ ਕਰਦੀ ਕਣਕ ਸੀ ਉਹ ਖੇਤ ਸੁੰਨੇ ਤੇ ਦੂਜੇ ਵਾਰ ਸੁਹਾਗ ਕੇ ਸ਼ੀਸ਼ੇ ਵਾਂਗ ਕੀਤੇ ਹੋਏ। ਪਤਾ ਨਹੀਂ ਕਦ ਵਡੇਵੇਂ ਮੁਟੇ ਗਏ, ਹਾਲਾਂ ਨਾਲ ਦੇ ਖੇਤਾਂ ਦੀ ਵਾਹੀ

ਤੇ ਤਿਆਰੀ ਮੁੱਕੀ ਨਹੀਂ ਹੁੰਦੀ ਕਿ ਨਿੱਕੇ ਨਿੱਕੇ ਪੱਤੇ ਵੇੜਵਿਆਂ ਦੇ ਦੂਰਾਤ-ਸਿੱਧੀਆਂ ਪਾਲਾਂ ਵਿਚ ਜਿਵੇਂ ਸਲੇਟ ਉੱਤੇ ਰੂਲਰ ਨਾਲ ਲਕੀਰਾਂ ਖਿਚੀਆਂ ਹੋਣ ਨਿਕਲ ਆਉਂਦੇ ਹਨ ਵਿਚ ਵਿਚ ਖੇਤ ਮੱਕੀ ਲਈ ਖ਼ਾਲੀ ਪਏ ਰਹਿੰਦੇ ਹਨ ਤੇ ਅਗੇਤੀ ਚਰ੍ਹੀ ਦਾ ਹਰਾ ਰੰਗ ਕਿਸੇ ਕਿਸੇ ਖੇਤ ਵਿਚ ਭਾਹ ਛੱਡਣ ਲਗ ਪੈਂਦਾ ਹੈ। ਹਾੜੀ ਦੇ ਦਾਣੇ ਜਟ ਤਦ ਕੱਢਣ ਲਗਦਾ ਹੈ ਜਦ ਛਾਉਣੀ ਦਾ ਮੁਢ ਬਝ ਚੁੱਕਾ ਹੁੰਦਾ ਹੈ। ਉਪਰੋਂ ਧੁਪਾਂ 'ਦਾ ਜ਼ੋਰ ਆਰੰਭ ਹੁੰਦਾ ਹੈ ਤੇ ਜਟ ਅਧੀਆਂ ਰਾਤਾਂ ਨੂੰ ਉਠ ਉਠ ਕੇ ਨਹਿਰ ਦੇ ਪਾਣੀਆਂ ਅਗੇ ਖਲੋ ਕੇ ਧਰਤੀ ਦਾ ਨਕਸ਼ਾ ਬਦਲ ਰਿਹਾ ਹੁੰਦਾ ਹੈ। ਜਟ ਨੂੰ ਕਿਨਾਰੀ ਕੱਢਣ ਦਾ ਬੜਾ ਸ਼ੌਕ ਹੈ। ਕਪਾਹ ਦੇ ਖੇਤਾਂ ਦੇ ਉਦਾਲੇ ਕਿਤੇ ਸਨੁਕੜੇ ਦੇ ਸਿਆੜ ਲਾਉਂਦਾ ਹੈ, ਚਰ੍ਹੀ ਦੇ ਉਦਾਲੇ ਖਾਜਰੇ ਦੇ, ਕਿਤੇ ਸਣ ਦੇ ਤੇ ਕਿਤੇ ਰਲਵੇਂ ਚਰ੍ਹੀ ਗੁਆਰੇ ਦੇ। ਦੂਜੀਆਂ ਧਰਤੀਆਂ ਤੋਂ ਵੇਖਣ ਵਾਲੇ ਹੈਰਾਨ ਹੁੰਦੇ ਹੋਣਗੇ ਕਿ ਹਰ ਛੇ ਮਹੀਨੇ ਪਿਛੋਂ ਧਰਤੀ ਦੀ ਸ਼ਤਰੰਜੀ ਪਿਠ ਉੱਤੇ ਕਾਲਿਓਂ ਚਿਟਾ ਤੇ ਚਿਟਿਓਂ ਕਾਲਾ ਕੀ ਹੋ ਜਾਂਦਾ ਹੈ। ਜਿਵੇਂ ਸਾਡੀ ਧਰਤੀ ਦੇ ਜੋਤਸ਼ਕਾਰ ਚੰਦ ਦੇ ਦਾਗਾਂ ਅਤੇ ਸੂਰਜ ਉੱਤੇ ਚੜ੍ਹਦੇ ਲਹਿੰਦੇ ਚਾਨਣ ਨੂੰ ਵੇਖਦੇ ਰਹਿੰਦੇ ਹਨ।

ਲੋਕ ਸਮਝਦੇ ਹਨ ਕਿ ਜੱਟ ਦਾ ਕੰਮ ਨਿਰਾ ਸਰੀਰਕ ਔਖ ਦਾ ਕੰਮ ਹੈ ਪਰ ਹੈ ਬੜਾ ਸਿੱਧਾ, ਜ਼ਮੀਨ ਵਾਹ ਦਿਤੀ ਤੇ ਤਿਆਰ ਪੈਲੀ ਵੱਢ ਲਈ। ਏਹ ਗਲ ਨਿਰਮੂਲ ਹੈ। ਜੱਟ ਨੂੰ ਛੇ ਮਹੀਨੇ ਤਾਂ ਪਹਿਲਾਂ ਹਰ ਰੋਜ਼ ਹੀ ਨਜ਼ਰ ਮਾਰਨੀ ਪੈਂਦੀ ਹੈ ਪਰ ਬਹੁਤ ਸਾਰੇ ਖੇਤਾਂ ਦਾ ਪਲਾਨ ਦੋ ਦੋ ਤਿੰਨ ਤਿੰਨ ਫ਼ਸਲਾਂ ਪਹਿਲਾਂ ਬਣਾਉਣਾ ਪੈਂਦਾ ਹੈ। ਫ਼ਸਲਾਂ ਨੂੰ ਬਦਲ ਬਦਲ ਕੇ ਕਰਨਾ, ਕੇਹੜੀ ਦੇ ਪਿਛੋਂ ਕੇਹੜੀ ਠੀਕ ਰਹੇਗੀ, ਕੇਹੜਾ ਖੇਤ ਰੇਹ ਮੰਗਦਾ ਹੈ, ਕੇਹੜੇ ਵਿਚ ਉਪਰ ਥਲੀ ਦੋ ਫ਼ਸਲਾਂ ਹੋ ਜਾਣਗੀਆਂ, ਘਾਹ ਕਿਸ ਵਿਚ ਵਧ ਹੋ ਗਿਆ ਹੈ ਤੇ ਉਹ ਕਦ ਵਾਹੁਣਾ ਹੈ, ਜਿਸ ਵਿਚ ਹੁਣ ਬੇਰੜਾ ਹੈ ਉਸ ਦੇ ਪਿਛੋਂ ਕੀ ਕਰਨਾ ਹੈ ਤੇ ਫੇਰ ਤੀਜੀ ਫ਼ਸਲ ਲਈ ਕੀ ਕਰਨਾ ਹੈ। ਏਹ ਸਭ ਸੋਚਾਂ ਜੱਟ ਨੂੰ ਸਾਲ ਸਾਲ ਡੇਢ ਡੇਢ ਸਾਲ ਪਹਿਲਾਂ ਕਰਨੀਆਂ ਪੈਂਦੀਆਂ ਹਨ ਤੇ ਵਿਚ ਮੂਲੋਂ ਅਨਿਸਚਿਤ ਅਵੱਲੀ ਕੁਦਰਤ ਆਪਣਾ ਸਾਰਾ ਜ਼ੋਰ ਜਟ ਨੂੰ ਰਾਹੋਂ ਘੁਸਾਣ ਲਈ ਲਾਉਂਦੀ ਰਹਿੰਦੀ ਹੈ। ਵੇਲੇ ਸਿਰ ਵਲ ਦਾ ਮੀਂਹ ਤਾਂ ਕਦੇ ਭਾਗਾਂ ਨੂੰ ਹੀ ਪੈਂਦਾ ਹੈ, ਨਹੀਂ ਤਾਂ ਕਦੇ ਘਟ ਵੱਧ, ਕਦੇ ਬਹੁਤ ਕੁਵੇਲੇ ਤੇ

ਕਦੇ ਕੀੜੀ ਕਿਤਾਈ ਸਾਰੀ ਉਤੇ ਸੁਹਾਗਾ ਫੇਰ ਦੇਂਦਾ ਹੈ। ਤੇ ਜਦ ਅਉੜ ਲਾਉਣ ਲਗਦਾ ਹੈ ਤਾਂ ਰਬ ਭੁਲ ਹੀ ਜਾਂਦਾ ਹੈ ਕਿ ਮੀਂਹ ਭੀ ਪਾਈਦਾ ਹੁੰਦਾ ਹੈ। ਦੂਜੇ ਪਾਸੇ ਪਟਵਾਰੀ, ਜ਼ਮੀਨ ਦੇ ਪਟਵਾਰੀ, ਨਹਿਰ ਦੇ ਤਸੀਲਦਾਰ ਤੇ ਹੋਰ ਸੌ ਬਲਾਈਂ ਜਟ ਨੂੰ ਸ਼ਿਕਾਰੀ ਕੁਤਿਆਂ ਵਾਂਗ ਪਾੜਨ ਦੇ ਉਪਾਏ ਕਰਦੇ ਰਹਿੰਦੇ ਹਨ। ਏਹ ਜੱਟ ਦਾ ਹੀ ਜਿਗਰਾ ਹੈ ਕਿ ਦੁਨੀਆਂ ਉਤੇ ਐਤਨੇ ਭੇੜ ਤੇ ਵੱਢੀ ਤੇ ਬੇਈਮਾਨੀ ਦੇ ਹੁੰਦਿਆਂ ਜਗਤ ਦਾ ਅੰਨ ਪੈਦਾ ਕਰੀ ਜਾਂਦਾ ਹੈ ਤੇ ਦੁਧ ਘਿਓ ਦੇ ਛੱਟੇ ਦੇਈ ਜਾਂਦਾ ਹੈ ਤੇ ਆਪਣੀ ਮਿਹਨਤ ਠੀਕ ਠੀਕ ਕਰਨ ਲਈ ਦਿਲ ਠੰਡਾ ਤੇ ਦਿਮਾਗ ਸਾਫ਼ ਰਖਦਾ ਹੈ।

ਜਦ ਜੇਠ ਹਾੜ ਦੀਆਂ ਧੁਪਾਂ ਸਰੀਰ ਵਿਚੋਂ ਮੁਮਿਆਈ ਕੱਢਣ ਲਗਦੀਆਂ ਹਨ ਜਟ ਸਲੰਘ ਥੜ ਕੇ ਕਣਕਾਂ ਦੀਆਂ ਭਰੀਆਂ ਗਾਹੁਣ ਲਈ ਖੋਲ੍ਹਦਾ ਹੈ। ਜਦ ਦੁਨੀਆਂ ਆਪਣੇ ਸਾਰੇ ਕੰਮ ਦੁਪਹਿਰ ਤੋਂ ਪਹਿਲਾਂ ਮੁਕਾ ਚੁਕੀ ਹੁੰਦੀ ਹੈ ਜਟ ਦਾ ਕੰਮ ਸ਼ੁਰੂ ਹੁੰਦਾ ਹੈ। ਜਟ ਦਾ ਲਾਣ ਨਾ ਹਵਾ ਨਾਲ ਸੁਕਦਾ ਹੈ ਨਾ ਏਵੀ ਧੁਪ ਨਾਲ। ਜਦ ਸੂਰਜ ਸਿਖਰ ਆਕੇ ਅਗ ਵਰ੍ਹਾਉਣ ਲਗਦਾ ਹੈ ਤਦ ਜਟ ਕਹਿੰਦਾ ਹੈ ਹੁਣ ਲਾਣ ਸੁਕੇਗਾ। ਸਿਰ ਉਤੇ ਮੰਡਾਸਾ ਮਾਰ ਕੇ ਲਾਣ ਫਰੋਲਿਆ ਜਾਂਦਾ ਹੈ ਤੇ ਗਾਹ ਪਾਇਆ ਜਾਂਦਾ ਹੈ। ਜਟ ਤੇ ਉਸ ਦੇ ਬਲਦ ਲਾਣ ਦਾ ਤਿਨਕਾ ਤਿਨਕਾ ਖਿੱਚ ਕੇ ਤੂੜੀ ਬਣਾ ਦੇਂਦੇ ਹਨ ਤੇ ਉਧਰੋਂ ਨਿਤ ਹਨੇਰੀਆਂ, ਕਦੇ ਕਰੁਖੀ ਹਵਾ, ਕਿਤੇ ਬਦਲ ਜਟ ਦੀ ਜਾਨ ਖਾਂਦੇ ਰਹਿੰਦੇ ਹਨ। ਕਣਕ ਮੰਜ ਉਤੇ ਆਈ ਖਾਣੀ ਬੜੀ ਸੁਖਲੀ ਹੈ ਪਰ ਖੇਤ ਵਿਚ ਤੂੜੀ ਵਿਚ ਰਲੀ ਹੋਈ ਲਾਣ ਵਿਚ ਦਬੀ ਪਈ ਕਣਕ ਨੂੰ ਕੁਰੁਤੇ ਮੀਂਹ ਤੋਂ ਬਚਾਣਾ ਬੜਾ ਔਖਾ ਕੰਮ ਹੈ। ਜੇ ਗਾਹੇ ਹੋਏ ਲਾਣ ਦੇ ਉੱਤੇ ਮੀਂਹ ਪੈ ਜਾਵੇ, ਨਾ ਉਹ ਧੜ ਬਣ ਸਕੇ ਨਾ ਫਰੋਲਿਆ ਜਾ ਸਕੇ, ਸੁਕਦਿਆਂ ਦਾਣੇ ਹਰੇ ਹੋਣ ਲਗ ਪੈਂਦੇ ਹਨ ਤੇ ਬਾਕੀ ਦਾਣੇ ਕਾਲੇ ਹੋ ਜਾਂਦੇ ਹਨ। ਜਟ ਦਾ ਕੰਮ ਮੌਸਮ ਹਵਾ ਤੇ ਬੱਦਲਾਂ ਨਾਲ ਲੁਕਣ ਮੀਚੀ ਖੇਲ੍ਹਣਾ ਹੁੰਦਾ ਹੈ। ਜਦ ਗਾਹ ਕੇ ਤੂੜੀ ਤੇ ਦਾਣੇ ਕੱਠੇ ਹੋ ਜਾਂਦੇ ਹਨ ਤਦ ਜੱਟ ਦਾ ਸਾਹ ਵਿਚ ਸਾਹ ਆਉਂਦਾ ਹੈ।

ਉਧਰੋਂ ਜੱਟ ਦੀ ਕਣਕ ਨਿਕਲਣ ਦੀ ਤਿਆਰੀ ਹੁੰਦੀ ਹੈ ਉਧਰੋਂ ਮੰਡੀ ਵਾਲਿਆਂ ਨੂੰ ਸੱਪ ਲੜ ਜਾਂਦੇ ਹਨ ਤੇ ਕਣਕ ਦਾ ਭਾ ਹਾਰੇ ਹੋਏ ਬਲਦ ਵਾਂਗ ਭੁਏਂ

ਬੈਠ ਜਾਂਦਾ ਹੈ । ਜੱਟ ਉਹ ਜਾਣੇ ਆਖ ਕੇ ਢੋਹਲ ਬਣਾਉਣ ਲਗ ਪੈਂਦਾ ਹੈ । ਜੇ ਪੁਰੇ ਦੀ ਹਵਾ ਵਿਚ ਉਡਾਈ ਕਰੇ ਹਵਾ ਦੀ ਨਮੀ ਕਰਕੇ ਕਣਕ ਨੂੰ ਛੇਤੀ ਘੁਣ ਲੱਗ ਜਾਣ ਦੀ ਸੰਭਾਵਨਾ ਹੈ । ਹਵਾ ਚੰਗੀ ਪਿਛੋਂ ਦੀ, ਵੇਖੋ ਫੇਰ ਜਟ ਦੇ ਦਾਣੇ ਕਿਵੇਂ ਮੋਤੀਆਂ ਵਾਂਗ ਅੱਡ ਢੇਰੀ ਹੋਈ ਜਾਂਦੇ ਹਨ ਤੇ ਤੂੜੀ ਦਾ ਕੁੰਨੂ ਅੱਡ ਲਗਦਾ ਜਾਂਦਾ ਹੈ । ਦਾਣਿਆਂ ਨਾਲੋਂ ਦੋ ਚਾਰ ਤਿਨਕਿਆਂ ਨੂੰ ਅੱਡ ਕਰਨ ਲਈ ਦਾਣਿਆਂ ਨੂੰ ਦੂਜੀ ਵੇਰ ਉਡਾਈ ਕੀਤੀ ਜਾਂਦੀ ਹੈ । ਕਣਕ ਦੇ ਢੇਰ ਨੂੰ ਬਣਾ ਸਵਾਰ ਕੇ ਗੋਲ ਕਰਕੇ ਉਤੇ ਛੱਜਲੀ ਨਾਲ ਵੱਟ ਕੱਢਕੇ ਉਤੇ ਖੇਸ ਦੇ ਦਿਤੇ ਜਾਂਦੇ ਹਨ ਤੇ ਗੱਡਾ ਤਿਆਰ ਕੀਤਾ ਜਾਂਦਾ ਹੈ ।

ਜੱਟ ਦਾ ਗੱਡਾ ਉਸ ਦੀ ਮੋਟਰ ਵੀ ਹੈ ਲਾਰੀ ਵੀ ਤੇ ਟਰੱਕ ਵੀ। ਕਦੇ ਕਿਸੇ ਗੁਜ਼ਾਰੇ ਵਾਲੇ ਜੱਟ ਦੇ ਗੱਡੇ ਨੂੰ ਵੇਖੋ । ਅੱਜ ਕੱਲ ਦੇ ਨਵੇਂ ਰਬੜ ਦੇ ਪਹੀਆਂ ਵਾਲੇ ਗੱਡਿਆਂ ਨੇ ਸੁਹਜ ਦੀ ਖੇਡ ਬਹੁਤ ਸਾਰੀ ਮੁਕਾ ਦਿਤੀ ਹੈ। ਅਜੇ ਵੀ ਬਹੁਤ ਸਾਰੇ ਗੱਡੇ ਪੁਰਾਣੀ ਵਜ੍ਹਾ ਦੇ ਬਣਦੇ ਹਨ । ਗੱਡੇ ਦੇ ਪਹੀਆਂ ਉਤੇ ਲੋਹੇ ਦੀਆਂ ਮੋਰਨੀਆਂ, ਫੱਟਾਂ ਉਤੇ ਦਮਕਦੇ ਪੈਸੇ ਦੁਆਨੀਆਂ, ਜਾਤੂਆਂ ਉੱਤੇ ਪਿਤਲ ਦੀ ਜਾਲੀ । ਕੁਦਰਤੀ ਗੱਲ ਹੈ ਆਦਮੀ ਉਸੇ ਚੀਜ਼ ਨੂੰ ਸ਼ਿੰਗਾਰ ਲਾਉਂਦਾ ਹੈ ਜਿਸ ਰਾਹੀਂ ਉਸਦਾ ਰੋਜ਼ਗਾਰ ਹੋਵੇ । ਬਲਦਾਂ ਦੇ ਸਿੰਗ ਚੋਪੜੇ ਹੋਏ, ਰੰਗੀਨ ਨੱਥਾਂ ਤੇ ਗਲਾਂ ਵਿਚ ਟੱਲੀਆਂ ਤੇ ਘੁੰਗਰੂ। ਜਦ ਗੱਡਾ ਮੰਡੀ ਵਿਚ ਜਾ ਕੇ ਬਿਗਾਨਿਆਂ ਦੇ ਵੱਸ ਪੈਂਦਾ ਹੈ ਜੱਟ ਦਾ ਆਪਣਾ ਕੁਝ ਅਧਿਕਾਰ ਨਹੀਂ ਹੁੰਦਾ, ਜੋ ਮਿਲੇ ਵੇਚ ਵੱਟ ਕੇ ਘਰ ਮੁੜਨਾ ਪੈਂਦਾ ਹੈ ।

ਜਦ ਸਾਵਣ ਦੇ ਬੱਦਲ ਆਉਂਦੇ ਹਨ ਕਪਾਹਾਂ ਨਰਮੇਂ ਤੇ ਚਰ੍ਹੀਆਂ ਉਪਰ ਨੂੰ ਉੱਠਦੇ ਹਨ, ਜੱਟ ਦਾ ਗੁਲਜ਼ਾਰ ਖਿੜਨ ਲਗਦਾ ਹੈ। ਸਣ ਦੇ ਫੂਲ ਸੁਨਹਿਰੀ ਬੱਲੀਆਂ ਤੇ ਘੁੰਗਰੂ, ਕਪਾਹ ਅਤੇ ਨਰਮੇਂ ਦੇ ਸਾਰਿਆਂ ਰੰਗਾਂ ਦੇ ਫੁੱਲ, ਉਦਲੇ ਸਨੁਕੜੇ ਦੇ ਉੱਚੇ ਲਮੇਂ ਬੂਟਿਆਂ ਉਤੇ ਸੋਹਣ ਸਜਾਵਟੀ ਬੁੱਲ, ਸਾਰੇ ਫੁੱਲ ਹੀ ਫੁੱਲ ਹੁੰਦੇ ਹਨ । ਜੇਕਰ ਦੁਕਾਨਦਾਰ ਚਾਰ ਗੇਂਦੇ ਦੇ ਫੁਲ ਲਿਆਕੇ ਨਾਲ ਹਰੇ ਪੱਤੇ ਬੰਨ੍ਹ ਕੇ ਰਖ ਦੇਵੇ ਪੜ੍ਹੇ ਹੋਏ ਉਸ ਨੂੰ (Florist) ਫੁੱਲਾਂ ਵਾਲਾ ਆਖਦੇ ਹਨ । ਜਿਸ ਨੂੰ ਹੁੰਧੇ ਵਿਚ ਹੀ ਫੁਲਾਂ ਨਾਲ ਧਰਤੀ ਭਰ ਦਿਤੀ ਹੈ ਉਸਦਾ ਨਾਉਂ ਨਿਰਾ ਜੱਟ ।

ਜਦ ਨਰਮਾ ਖਿੜਦਾ ਹੈ, ਚਰਖਿਆਂ ਦੇ ਤ੍ਰਿੰਞਣ ਲਾਉਣ ਵਾਲੀਆਂ ਸਿਰਾਂ ਨੂੰ ਝੋਨੇਂ ਬੰਨ੍ਹ ਕੇ ਚੁੱਗਣ ਜਾ ਖਲੋਂਦੀਆਂ ਹਨ ਇੰਵ ਜਾਪਦਾ ਹੈ ਜਿਵੇਂ ਤਾਰਿਆਂ ਵਿਚ ਚੰਦ ਭੌਂਦੇ ਫਿਰਦੇ ਹਨ। ਕਪਾਹ ਚੁਗਣਾ ਵੀ ਇਕ ਬੜਾ ਰਸਦਾਰ ਕੰਮ ਹੈ, ਕੰਮ ਦਾ ਕੰਮ ਰੌਣਕ ਦੀ ਰੌਣਕ, ਨਾਲੇ ਖੁਦਾਈ ਦੀਆਂ ਗਲਾਂ ਨਾਲੇ ਕਮਾਈ। ਸ਼ਹਿਰੀਏ ਜਦ ਬਹੁਤ ਚਾਅ ਵਿਚ ਆਉਂਦੇ ਹਨ ਤਾਂ ਛੁੱਟੀ ਵਾਲੇ ਦਿਨ ਨਹਿਰ ਉੱਤੇ ਯਾ ਖੇਤਾਂ ਵਿਚ ਪਿਕਨਿਕ ਰੱਖਦੇ ਹਨ ਤੇ ਸਾਰਾ ਜ਼ੋਰ ਖਾਣ ਉਤੇ ਲਾ ਦੇਂਦੇ ਹਨ। ਕਪਾਹ ਚੁਗਣ ਵਾਲੀਆਂ ਦੀਆਂ ਸੁਥਰੀਆਂ ਪਿਕਨਿਕਾਂ ਰੋਜ਼ ਹੀ ਰਹਿੰਦੀਆਂ ਹਨ, ਖੇਤ ਵਿਚ ਹੀ ਰੋਟੀ ਖਾਣੀ ਖੇਤ ਵਿਚ ਹੀ ਝੂਠੇ ਟੇਢੇ ਹੋ ਲੈਣਾ ਖੇਤ ਵਿਚ ਹੀ ਬੱਚਿਆਂ ਨੂੰ ਦੁਧ ਚੁੰਘਾ ਕੇ ਸੁਆ ਦੇਣਾ ਤੇ ਸ਼ਾਮ ਨੂੰ ਰੋਟੀ ਜੋਗੀ ਕਮਾਈ ਕਰ ਲਿਆਉਣੀ। ਜੱਟ ਦੀ ਕਮਾਈ ਪੇਸ਼ਿਆਂ ਦੇ ਹਿਸਾਬ ਨਾਲ ਭਾਵੇਂ ਥੋੜੀ ਹੀ ਹੋਵੇ ਪਰ ਕੰਮ ਧੰਦੇ ਰੌਣਕਾਂ, ਕਦਰਤ ਦੇ ਨੇੜ ਤੇ ਪਿਆਰ ਦੇ ਸੁਆਦ ਵਾਲੀ ਬਹੁਤ ਹੈ। ਸਬਰ ਵਾਲਿਆਂ ਨੂੰ ਅਨ ਧਨ ਤੇ ਕਿਰਤ ਦੀਆਂ ਬਰਕਤਾਂ ਦੇ ਛੱਟੇ ਬਥੇਰੇ ਦੇਂਦੀ ਹੈ ਪਰ ਧਨ ਜੋੜਕੇ ਬਿਮਾਰੀਆਂ ਤੇ ਹਾਉਕਿਆਂ ਨਾਲ ਮਰ ਜਾਣ ਵਾਲਿਆਂ ਲਈ ਕੋਈ ਅਰਥ ਨਹੀਂ ਰਖਦੀ।

ਜੈਂਟਲ ਮੈਨ

ਕਈ ਵਾਰ ਵੇਖਿਆ ਗਿਆ ਹੈ ਜੇਕਰ ਕੋਈ ਪਸ਼ੂ ਕੁੱਤਾ ਬਿਲੀ ਆਦਿ ਸਾਫ਼ ਸੁਥਰਾ ਹੋਵੇ ਕੋਲ ਗਿਆ ਤੋਂ ਲਾਡ ਕਰੇ, ਆਖੇ ਲਗੇ, ਲਿਬੜੇ ਹੋਏ ਪੈਰ ਲੈਕੇ ਕੁਰਸੀ ਉਤੇ ਨਾ ਚੜ੍ਹੇ ਤਾਂ ਸਾਡੇ ਅਧਖੜ ਕਾਲਜੀਏਟ ਆਖਿਆ ਕਰਦੇ ਹਨ ਬੜੀ ਬੜਾ ਜੈਂਟਲਮੈਨ ਹੈ। ਤੇ ਜੇ ਕੋਈ ਕੁੜੀ ਜ਼ਰਾ ਕੁ ਦੂਜਿਆਂ ਨਾਲੋਂ ਵਧੇਰੇ ਫੈਸ਼ਨ ਲਾਵੇ ਤਾਂ ਉਸ ਨੂੰ ਭੀ ਆਖਦੇ ਹਨ ਏਹ ਤੇ ਬੜੀ ਜੈਂਟਲਮੈਨ ਹੈ। ਦੋਹਾਂ ਗੱਲਾਂ ਨੂੰ ਜ਼ਰਾ ਕੁ ਵਿਚਾਰ ਅਰਪਨ ਕਰਨ ਦੀ ਲੋੜ ਹੈ, ਪਸ਼ੂ ਨੂੰ ਤਾਂ ਉਸ ਦੇ ਸ਼ੁਭ ਲਛਣਾਂ ਕਰਕੇ ਜੈਂਟਲਮੈਨ ਆਖਦੇ ਹਨ ਤੇ ਇਨਸਾਨ ਨੂੰ ਉਸਦੇ ਉਪਰ ਪਾਈ ਪੁਸ਼ਾਕ ਕਰਕੇ। ਬੜੀ ਅਜਬ ਦੁਨੀਆ ਹੈ, ਮਨੁਖ ਨੂੰ ਭਾਵੇਂ ਸਾਹਮਣੇ ਠੱਗੀ ਕਰ ਰਿਹਾ ਹੋਵੇ ਜੇ ਉਸ ਦਾ ਲਿਬਾਸ ਅੱਛਾ ਹੈ ਤਾਂ ਜੈਂਟਲਮੈਨ ਆਖਦੇ ਹਨ, ਜਿਸ ਦੀ ਪੌਸ਼ਸ਼ ਮਨ ਭਾਉਂਦੀ ਨਹੀਂ ਉਸ ਨੂੰ ਨਜ਼ਰਾਂ ਤੋਂ ਪਰੇ ਹੀ ਰਖਣਾ ਚਾਹੁੰਦੇ ਹਨ। ਗੁਣ ਨੂੰ ਕੋਈ ਨਹੀਂ ਦੇਖਦਾ, ਕੋਈ ਵਿਰਲਾ ਭਾਵੇਂ ਗੁਣ ਦਾ ਗਾਹਕ ਹੋਵੇ, ਬਾਹਲੀ ਦੁਨੀਆਂ ਵਿਖਾਵੇ ਚਿਲਮਨ ਤੇ ਉਪਰਲੇ ਪਰਦੇ ਦੀ ਹੀ ਗਾਹਕ ਹੈ।

ਏਸੇ ਕਰਕੇ ਕਿਸੇ ਅੰਗਰੇਜ਼ੀ ਲਿਖਾਰੀ ਨੇ ਦੋ ਭਾਂਤ ਦੇ ਮਨੁੱਖ ਦੱਸੇ ਹਨ,ਇਕ ਸ਼ਰੀਫ ਗੁਣਾਂ ਵਾਲੇ ਮਨੁਖ ਜਿਨ੍ਹਾਂ ਨੂੰ ਉਹ ਅਸਲੀ ਮਨੁਖ ਦਸਦਾ ਹੈ ਤੇ ਦੂਜੇ (tailor-made) ਦਰਜ਼ੀ ਦੇ ਬਣਾਏ ਜੈਂਟਲਮੈਨ। ਜਿੰਨੀ ਕੁ ਦਰਜ਼ੀ ਦੀ ਉਹ ਪ੍ਰਸੰਨਤਾ ਕਰਦੇ ਹਨ ਉਸੇ ਤਰ੍ਹਾਂ ਦਰਜ਼ੀ ਉਨ੍ਹਾਂ ਨੂੰ ਕਪੜੇ ਸੀਤ੍ਹੇਂ ਕੇ ਪੁਆ ਦੇਂਦਾ ਹੈ। ਉਹ

ਦਰਜ਼ੀ ਦੇ ਏਨੇ ਮੁਰੀਦ ਹੁੰਦੇ ਹਨ ਕਿ ਪਤਲੂਣ ਦੀ ਕਰੀਜ਼ ਭੰਨਣ ਤੋਂ ਡਰਦੇ ਭਾਵੇਂ ਸਾਰਾ ਦਿਨ ਖਲੋ ਕੇ ਬੇ ਸੁਰਤ ਹੋ ਕੇ ਡਿਗ ਪੈਣ ਵਾਹ ਲਗਦੀ ਕੁਰਸੀ ਉਤੇ ਨਹੀਂ ਬੈਠਦੇ, ਤੇ ਗਰਦਨ ਨੂੰ ਕਾਠ ਦੇ ਖਿਡੌਣੇ ਵਾਂਗ ਕਾਲਰ ਦੇ ਖੜੇ ਰਹਿਣ ਦੇ ਹਿਸਾਬ ਨਾਲ ਐਂਦ ਖੜੀ ਇਕੋ ਥਾਂ ਰਖਦੇ ਹਨ ਜਿਵੇਂ ਬੈਲਟ ਨਾਲ ਕਸੀ ਹੋਈ ਹੁੰਦੀ ਹੈ। ਅਸਲੀ ਗੁਣ ਤੇ ਨਕਲੀ ਗੁਣ ਦੀ ਪਛਾਣ ਨਾ ਕਰਨਾ ਇਕ ਬੜੀ ਬੀਮਾਰੀ ਹੈ। ਕੋਟ ਪਤਲੂਨ ਵਾਲਾ ਭਾਵੇਂ ਉਤੋਂ ਦੀ ਬੂਟਾਂ ਸਣੇ ਲੰਘ ਜਾਵੇ ਤੇ ਦਿਲ ਦੇ ਗ਼ਰੀਬ ਆਜਜ਼ ਆਦਮੀ ਨੂੰ ਅਸੀਂ ਆਪਣੇ ਕੋਲ ਬੈਂਚ ਉਤੇ ਬਿਠਾ ਕੇ ਵੀ ਖ਼ੁਸ਼ ਨਹੀਂ।

ਕੁਦਰਤੋਂ ਇਹ ਬਿਮਾਰੀ ਯੁਵਕਾਂ ਵਿਚ ਵਧੇਰੇ ਹੈ, ਬੜੀ ਉਮਰ ਦਿਆਂ ਵਿਚ ਦੁਨੀਆਂ ਦੇ ਠੇਡੇ ਖਾ ਕੇ ਬਹੁਤ ਹੱਦ ਤੀਕ ਨਿਕੱਲ ਜਾਂਦੀ ਹੈ। ਕਾਲਜੇਟ ਮੁੰਡਿਆਂ ਨੂੰ ਵਧੇਰੇ ਹੁੰਦੀ ਹੈ ਕਿਉਂਕਿ ਮਾਪਿਆਂ ਦੀ ਕਮਾਈ ਨਾਲ ਉਨ੍ਹਾਂ ਨੂੰ ਬਚਪਨ ਤੋਂ ਹੀ ਗੁਦੈਲਿਆਂ ਵਿਚ ਤੇ ਦੁਨੀਆਂ ਦੀਆਂ ਹਵਾਵਾਂ ਤੋਂ ਓਹਲੇ ਰਖਕੇ ਪਾਲਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਕੋਈ ਸੁਰਤ ਨਹੀਂ ਹੁੰਦੀ ਕਿ ਅਗੋਂ ਕਿਹੋ ਜੇਹੀ ਦੁਨੀਆਂ ਨਾਲ ਵਾਹ ਪੈਣਾ ਹੈ। ਘੰਟਾ ਘੰਟਾ ਬੈਠੇ ਸ਼ੀਸ਼ੇ ਦੇ ਸਾਹਮਣੇ ਪੱਗਾਂ ਬੰਨ੍ਹਦੇ ਰਹਿੰਦੇ ਹਨ ਤੇ ਆਪਣੇ ਚੇਹਰੇ ਨੂੰ ਵੇਖ ਵੇਖ ਕੇ ਪ੍ਰਸੰਨ ਹੁੰਦੇ ਰਹਿੰਦੇ ਹਨ। ਭਾਵੇਂ ਬਾਹਰ ਘਿਓ ਦੇ ਘੜੇ ਰੁੜ੍ਹ ਜਾਣ ਉਨ੍ਹਾਂ ਨੂੰ ਆਪਣੀ (Get up) ਸਜਾਵਟ ਨਾਲ ਮਤਲਬ ਹੈ। ਉਨ੍ਹਾਂ ਨੂੰ ਉਕਾ ਇਸ ਗਲ ਨਾਲ ਕੋਈ ਮਤਲਬ ਨਹੀਂ ਹੁੰਦਾ ਕਿ ਸੂਟਾਂ ਦੀ ਸਿਲਾਈ ਦੇ ਵੀਹ ਵੀਹ ਰੁਪਏ ਜੋ ਉਹ ਦੇਂਦੇ ਹਨ ਕੇਡੀ ਮੇਹਨਤ ਤੇ ਕੇਡੇ ਪਾਪਾਂ ਨਾਲ ਔਖੇ ਹੋ ਹੋ ਕੇ ਕਿਸ ਨੇ ਕਮਾਏ ਹਨ। ਉਨ੍ਹਾਂ ਨੂੰ ਬਸ ਇਕੋ ਧੁਨ ਹੁੰਦੀ ਹੈ ਕਿਵੇਂ ਨਾ ਕਿਵੇਂ ਦੂਜੇ ਨਾਲੋਂ ਨਿਰਾਲੇ ਤੇ ਫੈਸ਼ਨੇਬਲ ਬਣ ਕੇ ਵਿਖਾਣ। ਤੇ ਜਿਸ ਵੇਲੇ ਉਹ ਪੰਜਾਂ ਸਤਾਂ ਦੀ ਜੁੰਡਲੀ ਬਾਜ਼ਾਰ ਵਿਚੋਂ ਲੰਘਦੀ ਹੈ, ਮਲਕ ਮਲਕ, ਇਕ ਦੂਜੇ ਵਲ ਵੇਖਦੇ, ਹਰ ਕਦਮ ਉਤੇ ਅਪਣੇ ਸੱਜੇ ਖੱਬੇ ਹੇਠ ਉਤੇ ਨਜ਼ਰਾਂ ਮਾਰਦੇ ਹਨ ਕਿ ਪਾਏ ਹੋਏ ਬੁਸ਼-ਸ਼ਰਟਾਂ ਤੇ ਪਤਲੂਨਾਂ ਥਾਂ ਸਿਰ ਹੀ ਹਨ। ਤੁਰਦੇ ਹਨ ਪਾਲ ਬੰਨ੍ਹ ਕੇ ਸਾਰੀ ਸੜਕ ਰੋਕ ਕੇ, ਹੋਰ ਚੁਰਾਸੀ ਲਾਂਭਾ ਦੀ ਲੰਘੇ ਨਾ ਲੰਘੇ ਮੋਟਰਾਂ ਵਾਲੇ ਐਵੇਂ ਢਾ ਢੀਂ ਕਰੀ ਜਾਣ। ਉਸ ਵੇਲੇ ਉਨ੍ਹਾਂ ਦੇ ਤਨ ਮਨ ਤੇ ਧਨ ਦਾ ਸਾਰਾ ਨਿਸ਼ਾਨਾ ਬਸ ਇਕ ਆਪਣਾ ਆਪ ਹੁੰਦਾ ਹੈ, ਤੇ ਜਾਂ ਵਡੀ

ਤੋਂ ਵਡੀ ਚੀਜ਼ ਜੋ ਉਨ੍ਹਾਂ ਦੀਆਂ ਨਜ਼ਰਾਂ ਨੂੰ ਪੁੱਟ ਕੇ ਆਪਣੇ ਵਲ ਲਾ ਸਕਦੀ ਹੈ ਉਹ ਹੈਨ ਕੁੜੀਆਂ ਜੋ ਉਸ ਵੇਲੇ ਲੰਘ ਰਹੀਆਂ ਹੋਣ। ਹੋਰ ਭਾਵੇਂ ਕੋਲ ਦੀ ਰੱਬ ਵੀ ਲੰਘ ਜਾਵੇ ਉਨ੍ਹਾਂ ਭਾਣੇ ਟਿੱਚ ਹੁੰਦਾ ਹੈ। ਕਸੂਰ ਉਨ੍ਹਾਂ ਦਾ ਵੀ ਨਹੀਂ, ਜੁਆਨੀ ਹੁੰਦੀ ਹੀ ਦੀਵਾਨੀ ਹੈ ਖ਼ਾਸ ਕਰ ਉਨ੍ਹਾਂ ਦੀ ਜਿਨ੍ਹਾਂ ਨੂੰ ਕਮਾਈ ਕਰਨ ਤੇ ਲੂਣ ਤੇਲ ਲਕੜੀ ਦਾ ਫ਼ਿਕਰ ਨਹੀਂ।

ਅਜਬ ਗੱਲ ਏਹ ਹੈ ਕਿ ਜਿਸ ਗਰੀਬ ਪੰਚਭੂਤਕ ਸਰੀਰ ਨੂੰ ਉਪਰੋਂ ਖ਼ੂਬਸੂਰਤ ਵਿਲੈਤੀ ਸਾਬੂਣਾ ਨਾਲ ਧੋ ਕੇ ਕੋਤਲ ਘੋੜੇ ਵਾਂਗ ਸਜਾਇਆ ਜਾਂਦਾ ਹੈ ਉਸ ਦੀ ਅੰਦਰਲੀ ਸਾਂਭ ਤੇ ਪਾਲਣਾ ਵਲ ਉੱਕਾ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਕਈ ਜਣ ਪਏ ਆਖੀ ਜਾਣ 'ਮੁਖੜਾ ਕਿਆ ਦੇਖੇ ਦਰਪਨ ਮੇਂ' ਤੇਰੇ ਦਯਾ ਧਰਮ ਨਹੀਂ ਮਨ ਮੇਂ। ਦਯਾ ਧਰਮ ਨੂੰ ਤਾਂ ਮਾਰੋ ਕਾਠ ਮਮੂਲੀ ਦਾਲ ਰੋਟੀ ਭੀ ਸਰੀਰ ਗਰੀਬ ਨੂੰ ਨਹੀਂ ਮਿਲਦੀ ਜਿਸ ਨਾਲ ਕੁਝ ਕੁਦਰਤੀ ਰੂਪ ਆ ਜਾਵੇ ਸਰੀਰ ਵਿਚ ਰਤੀ ਰੱਤ ਪੈਦਾ ਹੋਵੇ। ਰੋਟੀ ਜੇਹੋ ਜੇਹੀ ਬਣੀ ਅੰਦਰ ਕੀਤੀ ਤੇ ਬਸ ਸਰੀਰ ਦੀ ਸੇਵਾ ਹੋ ਗਈ। ਖੁਲ੍ਹੀ ਹਵਾ ਵਿਚ ਸੈਰ ਕਰਨਾ ਗਹੁ ਨਾਲ ਵੇਖਣਾ ਤੇ ਪੜਤਾਲ ਕਰਨੀ ਕਿ ਸਰੀਰ ਅਰੋਗ ਤਕੜਾ ਤੇ ਕੰਮ ਜੋਗਾ ਕਿਵੇਂ ਹੋ ਸਕਦਾ ਹੈ। ਏਨ੍ਹਾਂ ਗੱਲਾਂ ਉਤੇ ਕਿਹੜਾ ਸਿਰ ਖਪਾਵੇ ਤੇ ਵਕਤ ਦੇਵੇ। ਜਦ ਸੂਟਾਂ ਨਾਲ ਸਭ ਪਰਦੇ ਕੱਜੇ ਜਾ ਸਕਦੇ ਹਨ ਕੀ ਲੋੜ ਹੈ ਹੋਰ ਖੇਚਲ ਕਰਨ ਦੀ। ਜਦ ਚੰਗਿਆਈ ਸੁਨੱਖਾਪਨ ਜੰਟਲਮੈਨੀ ਪੈਸਿਆਂ ਨਾਲ ਖਰੀਦੇ ਜਾ ਸਕਦੇ ਹਨ ਕੀ ਲੋੜ ਹੈ ਹੋਰ ਕਜ਼ੀਏ ਕਰਨ ਦੀ। ਦਰਜ਼ੀਆਂ ਵਿਚ ਸਿਫ਼ਤ ਹੈ ਕਿ ਭਾਵੇਂ ਸਰੀਰ ਕੋਝਾ ਭੱਦਾ ਤੇ ਬੇਰੌਣਕ ਹੋਵੇ, ਕੱਦ ਪਿਆ ਪਿੱਦੇ ਜੇਡਾ ਯਾ ਬੋਤੇ ਵਾਂਗ ਲੰਬੀ ਕੁਬੀ ਗਰਦਨ ਵਾਲਾ, ਢਿਡ ਨਿਕਲਿਆ, ਲਕ ਵਡਾ ਤੇ ਛਾਤੀ ਸੌੜੀ ਹੋਵੇ, ਸਭ ਨੂੰ ਸ਼ਿੰਗਾਰ ਦੇਂਦੇ ਹਨ। ਪਤਾ ਨਹੀਂ ਦਰਜ਼ੀਆਂ ਦੀ ਬੰਦ ਕੋਠੜੀਆਂ ਵਿਚ ਰੱਖੇ ਸ਼ੀਸ਼ਿਆਂ ਵਿਚ ਕੀ ਜਾਦੂ ਹੈ ਜੋ ਉਥੇ ਥਾਣ ਜਾ ਆਏ ਕੁੱਤੇ ਵਾਂਗ ਆਉਂਦਾ ਹੈ ਦਿਲੋਂ ਪ੍ਰਸੰਨ ਹੋ ਕੇ ਨਿਕਲਦਾ ਹੈ।

ਜੇਕਰ ਏਨ੍ਹਾਂ ਦਰਜ਼ੀ ਦੇ ਰਚੇ ਜੰਟਲਮੈਨਾਂ ਦੇ ਆਮ ਰੋਜ਼ਾਨਾ ਮਿਲਣ ਗਿਲਣ ਗਲ ਬਾਤ ਕਰਨ, ਸਫ਼ਰ ਕਰਨ ਦੇ ਲਛਣ ਵੇਖੋ ਤਾਂ ਰੋਣਾ ਆਉਂਦਾ ਹੈ। ਕਦੇ ਕਿਸੇ ਏਨ੍ਹਾਂ ਦੇ ਚੇਹਰਿਆਂ ਉਤੇ ਅਸਲੀ ਅੰਦਰਲੀ ਮੁਸਕਰਾਹਟ ਨਹੀਂ ਦੇਖੀ।

ਮੁਸਕਰਾ ਉਹ ਸਕਦਾ ਹੈ ਜੋ ਆਪਾ ਭੁਲ ਕੇ ਦੂਜੇ ਨੂੰ ਪਿਆਰ ਤੇ ਸਤਕਾਰ ਨਾਲ ਮਿਲਣਾ ਚਾਹੇ । ਏਨ੍ਹਾਂ ਦੇ ਕੋਲ ਦੀ ਭਾਵੇਂ ਲੰਘ ਜਾਵੇ ਏਨ੍ਹਾਂ ਨੂੰ ਆਪਣੇ ਮਨਘੜਤ ਜਿਹੇ ਖ਼ਿਆਲੀ ਚੁਬਾਰੇ ਵਿਚੋਂ ਉਤਰ ਕੇ ਪੈਰੀਂ ਨਿਗਰ ਧਰਤੀ ਉਤੇ ਖਲੋ ਕੇ ਆਪਣੇ ਬਾਪੂ ਨਾਲ ਭੀ ਹੱਸ ਕੇ ਮਿਲਦਾ ਨਹੀਂ ਆਉਂਦਾ। ਏਨ੍ਹਾਂ ਦੇ ਸਾਫੇ ਦੇ ਮਾਵੇ ਤੇ ਗੁਲੀਆਂ ਨੇ, ਕੋਟ ਪਤਲੂਨ ਦੀਆਂ ਆਕੜੀਆਂ ਤੈਹਾਂ ਨੇ, ਬੂਟ ਦੀ ਕਦੇ ਨਾ ਮੁੜਨ ਵਾਲੀ ਸੋਧ ਨੇ ਮਨਾਂ ਨੂੰ ਭੀ ਮਾਹਾਂ ਦੇ ਆਟੇ ਵਾਂਗ ਅਜੇਹਾ ਅਕੜਾ ਰਖਿਆ ਹੈ ਕਿ ਉਸ ਅਕੜੇਵੇਂ ਵਿਚੋਂ ਏਨ੍ਹਾਂ ਨੂੰ ਕੇਵਲ ਐਸਪਰੀਨ ਦੀਆਂ ਗੋਲੀਆਂ ਯਾ ਸਮੇਂ ਦੇ ਧੱਕੇ ਕੁਲਾਸ ਅਤੇ ਕੁਦਰਤੀ ਢੀਲ ਦੇ ਸਕਦੇ ਹਨ। ਜਦ ਏਹ ਤੁਰਦੇ ਹਨ ਬਾਕੀ ਦੁਨਿਆਂ ਨੂੰ ਮਿੱਧੀ ਚਲੇ ਜਾਂਦੇ ਹਨ, ਗੱਡੀ ਵਿਚ ਯਾ ਲਾਰੀ ਵਿਚ ਬੈਠਣ ਤਾਂ ਏਨ੍ਹਾਂ ਨੂੰ ਆਪਣੇ ਸੂਟ ਤੇ ਸੂਟਾਂ ਦੀ ਰੰਗਤ ਤੇ ਸਿਧਿਆਈ ਬੁੱਢੇ ਬੱਚੇ ਤੇ ਇਸਤ੍ਰੀਆਂ ਹਕ-ਬਣਦੇ ਤੇਹੁ ਨਾਲੋਂ ਬਹੁਤ ਜ਼ਿਆਦਾ ਪਿਆਰੇ ਹੁੰਦੇ ਹਨ। ਤਾਂਗੇ ਵਿਚ ਬੈਠਣ ਲੱਗਨ ਤਾਂ ਇਨ੍ਹਾਂ ਦਾ ਪਹਿਲਾਂ ਸ਼ੁਭ ਕਰਮ ਇਹ ਹੁੰਦਾ ਹੈ ਕਿ ਜੇਬ ਵਿਚੋਂ ਰੁਮਾਲ ਕੱਢਿਆ, ਉਸ ਦੀਆਂ ਤੈਹਾਂ ਖੋਲੀਆਂ ਤੇ ਗੱਦੀਆਂ ਉਤੇ ਪਈ ਗਰਦ ਨੂੰ ਝਾੜ ਕੇ ਦੂਜਿਆਂ ਉਤੇ ਪਾ ਦੇਣਾ, ਫੇਰ ਆਪ ਬੈਠਣਾ ! ਤੇ ਦੂਜਾ ਸ਼ੁਭ ਕਰਮ ਇਹ ਹੁੰਦਾ ਹੈ ਕਿ ਮੱਥੇ ਉਤੇ ਸੌ ਕੁ ਵੱਟ ਪਾਕੇ ਮੂੰਹ ਨੂੰ ਨੂਠੀ ਵਾਂਗ ਬਣਾਕੇ ਦੂਜੀਆਂ ਸਵਾਰੀਆਂ ਵੱਲ ਅਜੇਹਾ ਝਾਕਣਾ ਜਿਵੇਂ ਆਪ ਸਤਵੇਂ ਆਸਮਾਨ ਤੋਂ ਉਤਰੇ ਹੁੰਦੇ ਹਨ ਤੇ ਉਹ ਨਰਕ ਦੀ ਮਲੀਨਤਾ ਨਾਲ ਲਿਬੜੇ ਹੁੰਦੇ ਹਨ।

ਆਮ ਪੰਜਾਬੀ ਕਹਾਵਤ ਹੈ ਖਾਈਏ ਮਨ ਭਾਉਂਦਾ ਪਹਿਨੀਏ ਜੱਗ ਭਾਉਂਦਾ। ਡੂੰਘਾ ਅਰਥ ਏਸ ਕਹਾਵਤ ਦਾ ਏਹ ਹੈ ਕਿ ਘਰ ਵਿਚ ਜੋ ਮਰਜ਼ੀ ਹੈ ਕਰੋ ਪਰ ਜਦ ਬਾਹਰ ਨਿਕਲੋ ਤਾਂ ਐਸ ਤਰ੍ਹਾਂ ਵਿਚਰੋ, ਅਜੇਹੀ ਹਲ ਚਲ ਕਰੋ ਜੋ ਹੋਰਨਾਂ ਨੂੰ ਭਾਵੇ, ਅਜੇਹੀ ਗੱਲ ਬਾਤ ਕਰੋ ਅਜੇਹੀ ਪੁਸ਼ਾਕ ਧਾਰਨ ਕਰੋ ਜਿਸ ਨਾਲ ਦੂਜਿਆਂ ਨੂੰ ਖ਼ੁਸ਼ੀ ਹੋਵੇ। ਖਾਣਾ ਪੀਣਾ ਆਪਣੇ ਸਰੀਰ ਤੇ ਮਨ ਦੀ ਲੋੜ ਅਨੁ-ਸਾਰ ਹੋਣਾ ਚਾਹੀਦਾ ਹੈ ਤੇ ਸਰੀਰ ਢਕਣਾ, ਨਾ ਕੇਵਲ ਸਰੀਰ ਦੀ ਲੋੜ ਅਨੁਸਾਰ ਪਰ ਬਾਹਲੀ ਮਿਲਣ ਮੱਥੇ ਲਗਣ ਵਾਲੀ ਦੁਨੀਆਂ ਦੇ ਸੁਭਾਵ, ਆਚਾਰ ਪਸਿੰਦ ਦੇ ਅਨੁਕੂਲ ਹੋਣਾ ਚਾਹੀਦਾ ਹੈ। ਹਥ ਹਥ ਟੌਰੇ ਸਾਫਿਆ ਦੇ ਰੱਖ ਲੈਣ ਯਾ

ਕਾਲੀ ਤੇਲ ਨਾਲ ਗੱਚ ਹੋਈ ਟੋਪੀ ਪਾਕੇ ਬਾਹਰ ਤੁਰ ਪੈਣਾ ਐਵੇਂ ਲੋਕਾਂ ਨੂੰ ਚੁਭਣ ਵਾਂਗ ਹੀ ਹੈ। ਅੰਗਰੇਜ਼ ਮਹਾਂ ਨਾਟਕ-ਕਾਰ ਸ਼ੇਕਸਪੀਅਰ ਨੇ ਕੋਰੀਓਲੇਨਸ ਦੇ ਮੂੰਹ ਵਿਚ ਆਪ ਪੁਤ੍ਰ ਨੂੰ ਸਿਖਿਆ ਦੇਂਦਿਆਂ ਏਹ ਸ਼ਬਦ ਪਾਏ ਹਨ।

Costly thy habit as thy purse can buy
rich not gaudy.

ਤੇਰੀ ਪੁਸ਼ਾਕ ਤੇਰੀ ਵਿੱਤ ਅਨੁਸਾਰ ਹੋਣੀ ਚਾਹੀਦੀ ਹੈ, ਕੀਮਤੀ ਨਿਸੰਗ, ਪਰ ਭੜਕੀਲੀ ਨਹੀਂ......" ਅੱਜ ਕੱਲ ਆਮ ਚਲਨ ਏਸ ਤੋਂ ਉੱਕਾ ਉਲਟ ਹੈ, ਭੜਕੀਲੀ ਜ਼ਰੂਰ ਪਰ ਕੀਮਤੀ ਨਹੀਂ, ਕਮ ਖਰਚ ਬਾਲਾ ਨਸ਼ੀਨ, ਜੇਹੜੀ ਕਿ ਕਦੇ ਨਾ ਹੋਣ ਵਾਲੀ ਗੱਲ ਹੈ।

ਸਾਰੀ ਗੱਲ ਆਦਮੀ ਦੇ ਅੰਦਰਲੇ ਆਚਰਣ ਦੀ ਹੈ। ਅਸਲੀ ਜੰਟਲਮੈਨ ਉਹ ਆਖਿਆ ਗਿਆ ਹੈ ਜੋ ਪਹਿਲੋਂ ਦੂਜਿਆਂ ਦਾ ਖ਼ਿਆਲ ਕਰੇ ਪਿਛੋਂ ਆਪਣਾ। ਖ਼ੁਦਗਰਜ਼ੀ ਮਨੁੱਖੀ ਖ਼ਾਸਾ ਹੈ, ਘੱਟ ਵਧ ਹਰ ਤੀਵੀਂ ਪੁਰਸ਼ ਕਿਸੇ ਹਦ ਤੀਕ ਸੁਆਰਥੀ ਹੈ। ਸੁਆਰਥ ਤੋਂ ਖ਼ਾਲੀ ਕੋਈ ਨਹੀਂ ਪਰ ਇਕ ਉਹ ਹਨ ਜੋ ਕਿਸੇ ਨਾ ਕਿਸੇ ਵੇਲੇ, ਕਿਸੇ ਨਾ ਕਿਸੇ ਮੌਕੇ, ਸੁਆਰਥ ਭੁਲ ਜਾਂਦੇ ਹਨ, ਤਜ ਦੇਂਦੇ ਹਨ ਆਪਣੇ ਲਈ ਕੁਝ ਕਸਰ ਖਾ ਲੈਂਦੇ ਹਨ ਤੇ ਦੂਜੇ ਹਨ ਜਿਨ੍ਹਾਂ ਕਦੇ ਕਸਰ ਖਾਣੀ ਹੀ ਨਾ ਹੋਈ। ਪਹਿਲਿਆਂ ਨੂੰ ਦੂਜਿਆਂ ਦਾ ਖ਼ਿਆਲ ਆਉਂਦਾ ਰਹਿੰਦਾ ਹੈ, ਗੱਡੀ ਚੜ੍ਹਨ ਲੱਗੇ ਨਾਲ ਦੇ ਬੁੱਢੇ ਯਾ ਇਸਤ੍ਰੀ ਨੂੰ ਪਹਿਲੋਂ ਥਾਂ ਦੇਂਦੇ ਹਨ। ਦੂਜਿਆਂ ਨੂੰ ਕਦੀ ਅਨੁਭਵ ਹੀ ਨਹੀਂ ਹੋਇਆ ਕਿ ਸਾਡੇ ਵਰਗੇ ਹੋਰ ਭੀ ਹਨ। ਜਿਸ ਬੰਦੇ ਨੂੰ ਘੱਟ ਵਧ ਚੇਤੇ ਰਹਿੰਦਾ ਹੈ ਕਿ ਸੜਕ ਉਤੇ ਹੋਰਨਾਂ ਨੇ ਭੀ ਚੱਲਣਾ ਹੈ ਉਸਦੇ ਲੱਛਣ ਚੰਗੇ ਰਹਿਣਗੇ, ਉਸ ਨੂੰ ਇਹ ਭੀ ਯਾਦ ਰਹੇਗਾ ਕਿ ਬਹੁਤ ਲੋਕ ਮੇਰੇ ਵਰਗੇ ਹਨ ਬਲਕਿ ਚੰਗੇ ਹਨ। ਏਨ੍ਹਾਂ ਖ਼ਿਆਲਾਂ ਨਾਲ ਉਸਦਾ ਮਨ ਨੀਵਾਂ ਹੋਵੇਗਾ, ਦਿਲ ਵਿਚ ਅਧੀਨਤਾ ਤੇ ਦੂਜਿਆਂ ਲਈ ਸਤਿਕਾਰ ਆਵੇਗਾ, ਉਹ ਨਿਰੇ ਵਿਖਾਵੇ ਨਾਲ ਦੂਜਿਆਂ ਤੋਂ ਚੰਗਾ ਤੇ ਉੱਚਾ ਹੋਣ ਦੇ ਜਤਨ ਨਹੀਂ ਕਰੇਗਾ। ਜਿਸ ਦਾ ਮਨ ਤੰਗ ਹੈ, ਛਛੋਹਰਾ ਹੈ, ਉਹ ਨਿਰੇ ਸਾਫ਼ੇ ਬੰਨ੍ਹ ਕੇ ਯਾ ਸਿਰ ਨੂੰ ਫੈਸ਼ਨ ਵਾਲੇ ਨਾਈ ਤੋਂ ਬਣਵਾ ਕੇ ਦੂਜਿਆਂ ਤੋਂ ਭਿੰਨ ਤੇ ਉੱਚਾ ਹੋਣ ਦਾ ਜਤਨ ਕਰੇਗਾ। ਸਾਰੀ ਗੱਲ ਆਪਣੇ ਆਪ ਨੂੰ ਆਪਣੀਆਂ ਅੱਖਾਂ ਨਾਲ ਵੇਖਣ ਦੀ ਯਾ ਆਪਣੇ

ਆਪ ਨੂੰ ਦੂਜਿਆਂ ਦੀਆਂ ਅੱਖਾਂ ਨਾਲ ਵੇਖਣ ਦੀ ਹੈ। ਉਹ ਜਿਸ ਨੂੰ ਬਾਹਰਲੀ ਦੁਨੀਆਂ ਦਿਸਦੀ ਹੈ, ਉਸਨੂੰ ਦੁਨੀਆਂ ਦੀਆਂ ਨਜ਼ਰਾਂ ਦਾ ਭੀ ਪਾਸ ਹੋਵੇਗਾ, ਜਿਸ ਨੂੰ ਬਾਹਰਲੀ ਦੁਨੀਆਂ ਦਿਸਦੀ ਹੀ ਨਹੀਂ ਉਹ ਸਮਝ ਕਿ ਬਿਨਾਂ ਅੱਖਾਂ ਤੋਂ ਹੈ।

ਦਰਜ਼ੀ-ਰਚੇ ਜੰਟਲਮੈਨ ਤੇ ਦਿਲ ਦੇ ਜੰਟਲਮੈਨ ਦੋਵੇਂ ਲੋਕਾਂ ਦੀਆਂ ਨਜ਼ਰਾਂ ਵਿਚ ਚੰਗੇ ਬਣਨਾ ਚਾਹੁੰਦੇ ਹਨ ਫ਼ਰਕ ਏਹ ਹੈ ਕਿ ਪਹਿਲੇ ਧੋਖੇ ਤੇ ਵਿਖਾਵੇ ਨਾਲ ਚੰਗੇ ਅਖਵਾਉਣਾ ਚਾਹੁੰਦੇ ਹਨ ਦੂਜੇ ਹਕ ਹਲਾਲ ਦੀ ਕੁਰਬਾਨੀ ਨਾਲ। ਦਰਜ਼ੀ-ਰਚੇ ਜੰਟਲਮੈਨ ਓੜਕ ਨੂੰ ਆਪ ਭੀ ਧੋਖਾ ਖਾਂਦੇ ਹਨ ਦੁਨੀਆਂ ਨੂੰ ਤਾਂ ਧੋਖਾ ਦੇ ਹੀ ਰਹੇ ਹੁੰਦੇ ਹਨ, ਦੂਜੇ ਵਧਦੇ ਵਧਦੇ ਦੁਨੀਆਂ ਦੇ ਦਾਨੇ ਤੇ ਲੀਡਰ ਬਣ ਜਾਂਦੇ ਹਨ।

ਆਚਰਣ ਤੇ ਉੱਚਤਾ ਦੀ ਨਿਸ਼ਾਨੀ ਏਹ ਹੈ ਕਿ ਉੱਚਾ ਹੁੰਦਾ ਹੋਇਆ ਆਪਣੇ ਆਪ ਨੂੰ ਨਾ ਜਣਾਵੇ। ਉਹ ਆਦਮੀ ਜੋ ਨਿਗਰ ਚੰਗਿਆਈ ਲੋਚਦਾ ਹੈ ਵਿਖਾਵਾ ਨਹੀਂ ਚਾਹੁੰਦਾ, ਸਗੋਂ ਚੰਗਿਆਈ ਲੁਕਾਂਦਾ ਹੈ, "ਜਿਨਾਂ ਪੱਟ ਅੰਦਰ ਗੁੱਦੜ ਬਾਹਰ" ਉਹ ਬੜੇ ਚੰਗੇ ਸੁਆਦਲੇ ਮਿੱਠੇ ਰਸ ਭਰੇ ਆਦਮੀ ਹੁੰਦੇ ਹਨ। ਸੁਭਾਵ ਦੀ ਨਿੱਗਰ ਸ਼ਰਾਫ਼ਤ ਵਾਲਾ ਆਦਮੀ ਕਪੜਾ ਪਾਊ ਰੇਸ਼ਮੀ ਪਰ ਉਹ ਰੇਸ਼ਮੀ ਵੇਖਣ ਨੂੰ ਖੱਦਰ ਜਾਪੂ। ਵਿਖਾਵੇ ਤੋਂ ਉਸ ਨੂੰ ਘ੍ਰਿਣਾ ਹੈ ਅਸਲੀਅਤ ਨਾਲ ਉਸ ਨੂੰ ਪਿਆਰ ਹੈ। ਉਹ ਨਹੀਂ ਚਾਹੁੰਦਾ ਕਿ ਲੋਕ ਮੇਰੇ ਵਲ ਵੇਖਣ, ਤੇ ਮੇਰਾ ਤਮਾਸ਼ਾ ਬਣ ਜਾਵੇ, ਉਹ ਦੁਨੀਆਂ ਦਾ ਤਮਾਸ਼ਾ ਵੇਖਣਾ ਚਾਹੁੰਦਾ ਹੈ। ਦਰਜ਼ੀ ਰਚਿਆ ਜੰਟਲਮੈਨ ਆਪਣੇ ਆਪ ਨੂੰ ਧੋਖਾ ਦੇਂਦਾ ਹੈ ਤੇ ਦੁਨੀਆਂ ਦਾ ਤਮਾਸ਼ਾ ਬਣਦਾ ਹੈ, ਪਹਿਲੋਂ ਜਦ ਬੇ-ਸਮਝੀ ਵਿਚ ਸੂਟਾਂ ਨਾਲ ਬਣਨਾ ਚਾਹੁੰਦਾ ਉਦੋਂ ਤੇ ਪਿਛੋਂ ਜਦ ਸੋਝੀ ਆਉਂਦੀ ਹੈ ਤੇ ਆਪਣੇ ਆਪ ਨੂੰ ਧ੍ਰਿਕਾਰਦਾ ਹੈ ਉਦੋਂ।

ਢੋਲ ਢਮੱਕਾ

ਦੁਨੀਆਂ ਵਿਚ ਹਰ ਇਕ ਆਪਣੀ ਪਹੁੰਚ ਅਨੁਸਾਰ ਰੌਲਾ ਪਾਉਣ ਦਾ ਜਤਨ ਕਰ ਰਿਹਾ ਹੈ। ਅਜੇਹੇ ਲੋਕ ਥੋੜੇ ਹਨ—ਬਹੁਤ ਥੋੜੇ--ਜੋ ਦਿਲੋਂ ਦੁਨੀਆਂ ਦੀਆਂ ਕਮਲੀਆਂ ਰਮਲੀਆਂ ਭੀੜਾਂ ਨੂੰ ਸੁਖੀ ਤੇ ਸ਼ਾਂਤ ਦੇਖਣਾ ਚਾਹੁੰਦੇ ਹਨ, ਕੋਈ ਗੌਤਮ ਬੁਧ ਯਾ ਈਸਾ ਮਸੀਹ। ਬਾਕੀ ਸਭ ਅਲਗਰਜ਼ ਹਨ। ਉਹਨਾਂ ਦਾ ਨਿਸ਼ਾਨਾ ਏਹ ਹੁੰਦਾ ਹੈ ਕਿ ਲੋਕਾਂ ਨੂੰ ਆਪਣੇ ਮਗਰ ਲਾਕੇ ਆਪਣਾ ਮਤਲਬ ਕੱਢਣਾ। ਕੋਈ ਪ੍ਰੇਜ਼ੀਡੈਂਟ ਬਣਨਾ ਚਾਹੁੰਦਾ ਹੈ, ਕੋਈ ਐਮ. ਐਲ. ਏ; ਕੋਈ ਕੇਵਲ ਆਪਣਾ ਸਾਮਾਨ ਵੇਚਣਾ ਚਾਹੁੰਦਾ ਹੈ। ਸਾਰਿਆਂ ਦਾ ਯਤਨ ਏਹ ਹੈ ਕਿ ਭੜਥੂ ਪਾਉਣੀ, ਅਗਲੇ ਨੂੰ ਉਸ ਦੇ ਆਪਣੇ ਖ਼ਿਆਲ ਵੱਲੋਂ ਖਿੱਚ ਕੇ ਆਪਣੇ ਮਤਲਬ ਦੇ ਪਾਸੇ ਪਾਉਣਾ, ਯਾ ਇਉਂ ਕਹੋ ਕਿ ਅਗਲੇ ਨੂੰ ਉਲੂ ਬਣਾਉਣਾ। ਜੇਹੜਾ ਏਸ ਖੇਡ ਵਿਚ ਸਫਲ ਹੋ ਜਾਂਦਾ ਹੈ ਉਸ ਨੂੰ ਦੁਨੀਆਂ ਮੋਢਿਆਂ ਉੱਤੇ ਚੁੱਕ ਲੈਂਦੀ ਹੈ ਜਿਵੇਂ ਜਿੱਤੇ ਹੋਏ ਮੱਲ ਨੂੰ ਉਸ ਦੇ ਪਿੱਠੂ ਚੁਕ ਲੈਂਦੇ ਹਨ, ਜਿਹੜਾ ਅਸਫਲ ਰਹੇ ਉਸ ਨੂੰ ਦੁਨੀਆਂ ਪੈਰਾਂ ਹੇਠ ਲਤਾੜ ਕੇ ਲੰਘ ਜਾਂਦੀ ਹੈ।

ਪਿਛਲੀ ਜੰਗ ਦੀ ਗੱਲ ਹੈ ਕਿ ਜਦ ਜਰਮਨਾਂ ਨੇ ਪਹਿਲੇ ਹੱਲੇ ਹੀ ਫ਼ਰਾਂਸ ਤੇ ਬਿਲਜੀਅਮ ਉਲਟਾ ਮਾਰੇ ਉਨ੍ਹਾਂ ਨੂੰ ਲੋੜ ਪਈ ਕਿ ਨੇੜੇ ਦੇ ਸਮੁੰਦਰੀ ਦੇਸਾਂ ਨੂੰ ਭੀ ਕਾਬੂ ਕਰ ਲੈਣ ਤਾਂ ਜੋ ਬਰਤਾਨੀਆ ਦਾ ਜਹਾਜ਼ੀ ਬੇੜਾ ਓਹਨਾਂ ਵਿਰੁਧ ਕੋਈ ਛੇੜਖ਼ਾਨੀ ਨਾ ਕਰ ਸਕੇ। ਥੋੜੇ ਦਿਨਾਂ ਵਿਚ ਹੀ ਓਨ੍ਹਾਂ ਨੇ ਡੈਨਮਾਰਕ ਹਾਲੈਂਡ

ਨਾਰਵੇ ਆਦਿ ਦੇ ਸਾਰੇ ਕੰਢੇ ਮੱਲ ਲਏ। ਨਾਰਵੇ ਦੇ ਇਕ ਸ਼ਹਿਰ ਓਸਲੋ ਨੂੰ ਓਨ੍ਹਾਂ ਇਕ ਅਜਬ ਉਸਤਾਦੀ ਨਾਲ ਮੱਲਿਆ। ਜਹਾਜ਼ ਕਿਨਾਰੇ ਲਾਕੇ ਅੱਗੇ ਅੱਗੇ ਬੈਂਡ ਬਾਜਾ ਬਜਾਉਣ ਵਾਲੇ ਪੰਝੀ ਤੀਹ ਆਦਮੀ ਲਗ ਗਏ ਤੇ ਪਿੱਛੇ ਜਰਮਨ ਸਿਪਾਹੀ ਪਰੇਟ ਵਾਂਗ ਮਾਰਚ ਕਰਦੇ ਓਸਲੋ ਦੇ ਬੰਦਰਗਾਹ ਵਿਚ ਤੁਰ ਪਏ। ਬਾਜਾ ਸੁਣਕੇ ਲੋਕੀਂ ਘਰਾਂ ਵਿਚੋਂ ਨਿਕਲ ਕੇ ਤਮਾਸ਼ਾ ਵੇਖਣ ਤੇ ਬਾਜੇ ਦੀਆਂ ਸੁਰਾਂ ਸੁਣਨ ਲੱਗ ਪਏ। ਏਹ ਖਿਆਲ ਕਿਸੇ ਨੂੰ ਆ ਸਕਦਾ ਸੀ ਕਿ ਜਰਮਨ ਫੌਜ ਐਸ ਤਰ੍ਹਾਂ ਬੈਂਡ ਬਾਜਾ ਬਜਾ ਕੇ ਜਾਞੀਆਂ ਵਾਂਗ ਇਕ ਨਿਰਪੱਖ ਰਹਿਣ ਵਾਲੇ ਦੇਸ਼ ਦੇ ਵੱਡੇ ਸ਼ਹਿਰ ਵਿਚ ਵੜ ਆਵੇਗੀ। ਅਸਲੀ ਗਲ ਦਾ ਓਹਨਾਂ ਨੂੰ ਪਤਾ ਲਗਾ ਪਰ ਓਦੋਂ ਲੱਗਾ ਜਦ ਕੁਛ ਨਹੀਂ ਸੀ ਬਣ ਸਕਦਾ। ਬਾਜੇ ਦੇ ਮਸਤ ਕਰਨ ਵਾਲੇ ਰੌਲੇ ਨੇ ਓਸਲੋ ਵਾਸੀਆਂ ਨੂੰ ਮਦਾਰੀ ਦੇ ਡੁਗਡੁਗੀ ਵਾਂਗ ਯਾ ਆਖੋ ਸਪੇਰੇ ਦੇ ਬੀਨ ਬਜਾਉਣ ਵਾਂਗ ਮਸਤ ਕਰ ਦਿੱਤਾ ਤੇ ਜਰਮਨਾਂ ਦਾ ਸ਼ਹਿਰ ਉਤੇ ਬਿਨਾਂ ਇਕ ਗੋਲੀ ਚਲਾਏ ਤੋਂ ਕਬਜ਼ਾ ਹੋ ਗਿਆ।

ਸਾਰਾ ਝਗੜਾ ਅਗਲੇ ਨੂੰ ਡੁਗਡੁਗੀ ਫੇਰ ਕੇ ਕਮਲਿਆਂ ਕਰਨ ਦਾ ਹੈ। ਜਿੱਥੇ ਦੋ ਆਦਮੀ ਇਕ ਥਾਂ ਟੱਕਰਦੇ ਹਨ ਸਵਾਲ ਏਹੀ ਉੱਠਦਾ ਹੈ ਕਿ ਕੇਹੜਾ ਦੂਜੇ ਨੂੰ ਉੱਲੂ ਬਣਾ ਸਕਦਾ ਹੈ ਤੇ ਕਿਵੇਂ। ਮਤਲਬ ਇਤਹਾਸ ਦੇ ਮੁੱਢੋਂ ਏਹੀ ਰਿਹਾ ਹੈ ਕਿ ਅਗਲੇ ਨੂੰ ਚਿੱਤ ਕਰਨਾ ਭਾਵੇਂ ਕਿਵੇਂ ਕੀਤਾ ਜਾਵੇ।

ਝੋਟਿਆਂ ਦੇ ਸਿੰਗ ਸ਼ੇਰਾਂ ਦੇ ਨੌਂਹਦਰਾਂ ਗੈਂਡੇ ਦੇ ਇਕ ਸਿੰਗ ਬੱਕਰਿਆਂ ਦੇ ਤਿੱਖੇ ਨੋਕਦਾਰ ਸਿੰਗ ਏਸ ਅੰਦਰਲੀ ਪ੍ਰਿਥਮ ਚਾਹਨਾ ਕਰ ਕੇ ਉਗੇ ਤੇ ਬਣੇ ਹਨ ਕਿ ਉਹ ਵਿਰੋਧੀ ਨੂੰ ਢਾਹ ਨਾ ਸਕਣ ਤਾਂ ਘੱਟੋ ਘੱਟ ਨੇੜੇ ਨਾ ਆਵਣ ਦੇਣ। ਆਦਮੀ ਦੇ ਸਿੰਗ ਨਹੀਂ ਕਿਉਂਕਿ ਉਹ ਸਰੀਰਕ ਬਲ ਨਹੀਂ ਫਰੇਬ ਤੇ ਨੀਤੀ ਨਾਲ ਵਿਰੋਧੀਆਂ ਨੂੰ ਹੇਠ ਕਰਨਾ ਚਾਹੁੰਦਾ ਹੈ। ਇਕ ਤਰ੍ਹਾਂ ਪਸ਼ੂ ਨੇਕ ਖਰੇ ਈਮਾਨਦਾਰ ਵਿਰੋਧੀ ਹਨ ਕਿਉਂਕਿ ਓਹ ਆਪਣੇ ਸਿੰਗਾਂ ਨੂੰ ਤੇ ਹੋਰ ਹਥਿਆਰਾਂ ਨੂੰ ਲੁਕਾਂਦੇ ਨਹੀਂ ਤੇ ਆਦਮੀ ਖੋਟਾ ਤੇ ਚਲਾਕ ਵਿਰੋਧੀ ਹੈ ਜੋ ਵੈਰ ਵਿਰੁਧ ਨਾ ਦਿੱਸਣ ਵਾਲੇ ਹਥਿਆਰ ਵਰਤਦਾ ਹੈ ਜਿਵੇਂ ਕਿ ਸੁਰੀਲੀ ਆਵਾਜ਼, ਲੈਕਚਰ, ਉੱਚੀ ਬੋਲਣਾ ਇੱਤ ਆਦ। ਜੇਹੜਾ ਫਰੇਬ ਨਾਲ ਦੂਜੇ ਨੂੰ ਕਾਬੂ ਕਰੇ ਉਹ Civilized ਸਭਿਤ ਅਖਵਾਉਂਦਾ ਹੈ ਜੇਹੜਾ ਹੇਰ ਫੇਰ ਗੱਲਾਂ ਬਾਤਾਂ ਨਾ ਕਰੇ ਸਿੱਧੀ ਮਤਲਬ ਦੀ ਗੱਲ

ਕਰੇ ਉਹ Uncivilized ਪਸ਼ੂ ਬਿਰਤੀ ਵਾਲਾ ਅਖਵਾਉਂਦਾ ਹੈ। ਏਹੀ ਦੁਨੀਆਂ ਦਾ ਉਲਟਾ ਪਨ ਹੈ।

ਸਾਡਾ ਦੇਸ ਹਿੰਦੁਸਤਾਨ ਤਾਂ ਏਸ ਗਲੋਂ ਬਹੁਤਾ ਰੌਲੇ ਵਾਲਾ ਦੇਸ ਹੈ। ਸਾਡੇ ਦੇਸ ਵਿਚ ਦੂਜਿਆਂ ਨੂੰ ਕਮਲੇ ਕਰਨ ਦੇ ਵਿੰਗੇ ਟੇਢੇ ਉਸਤਾਦੀ ਦੇ ਰਾਹ ਘੱਟ ਵਰਤੇ ਜਾਂਦੇ ਹਨ। ਸਭ ਤੋਂ ਸਸਤੇ ਤੇ ਘੱਟ ਖੇਚਲ ਤੇ ਖ਼ਰਚ ਵਾਲੇ ਤਰੀਕੇ ਵਰਤੇ ਜਾਂਦੇ ਹਨ। ਜੇ ਸੰਘ ਪਾੜ ਕੇ ਲੋਕਾਂ ਨੂੰ ਆਪਣੇ ਵਲ ਸੁਰਤੀਵਾਨ ਕੀਤਾ ਜਾ ਸਕਦਾ ਹੈ ਤਾਂ ਹੋਰ ਸਾਮਾਨ ਚੁੱਕਣ ਦੀ ਕੀ ਲੋੜ ਹੈ। ਆਦਮੀ ਦਾ ਸੰਘ ਹੈ ਤਾਂ ਨਿੱਕੀ ਜਿਹੀ ਚੀਜ਼ ਪਰ ਬੜੀ ਕਲਾਕਾਰੀ ਦਾ ਸੰਦ ਹੈ। ਜੀ ਚਾਹੇ ਭੈਰਵੀਂ ਛੇੜ ਕੇ ਰਾਗ ਦੇ ਫੱਟਿਆਂ ਦੀ ਭੀੜ ਉਦਾਲੇ ਕਰ ਲੈ, ਤੇ ਯਾ ਮਿਰਜ਼ੇ ਦੀਆ ਦੋ ਕੁ ਸੁਰਾਂ ਲਾ ਕੇ ਸਾਰਾ ਪਿੰਡ ਉਧਾਲ ਲਓ, ਜੇ ਰਾਗ ਨਾਲ ਸੁਰ ਨਾ ਹੋਵੇ ਤਾਂ ਖ਼ਾਲੀ ਸੰਘ ਪਾੜ ਕੇ ਹਾਲ ਦੁਹਾਈ ਮਚਾਣ ਨਾਲ ਭੀ ਤਕੜੇ ਲੋਕ ਕੱਠੇ ਹੋ ਜਾਂਦੇ ਹਨ। ਜੇਹੜੀ ਚੀਜ਼ ਹੋਰ ਕੋਈ ਆਦਮੀ ਨਹੀਂ ਵੇਚ ਸਕਦਾ ਉਸ ਨੂੰ ਸੰਘ ਵਾਲਾ ਆਦਮੀ ਇਕ ਅੱਧੇ ਪਹਿਰ ਵਿਚ ਵੇਚ ਕੇ ਲਾਂਭੇ ਹੁੰਦਾ ਹੈ। ਲੋਕੀ ਆਪਣਾ ਮਾਲ ਵੇਚਣ ਲਈ ਸੌ ਅਡੰਬਰ ਰਚਦੇ ਹਨ ਕੋਈ ਅਜਬ ਤਸਵੀਰ ਵਿਖਾਂਦਾ ਹੈ, ਕੋਈ ਆਪਣਾ (ਟਰੇਡ ਮਾਰਕ) ਵਿਆਪਾਰੀ ਚਿੰਨ੍ਹ ਰਜਿਸਟਰ ਕਰਾਂਦਾ ਫਿਰਦਾ ਹੈ, ਪਰ ਸੰਘ ਦੇ ਹੁਨਰ ਵਾਲਾ ਆਦਮੀ ਆਪਣੇ ਸੰਘ ਦੀ ਆਵਾਜ਼ ਵਿਚੋਂ ਹੀ ਆਪਣਾ ਟਰੇਡ ਮਾਰਕ ਰਚ ਲੈਂਦਾ ਹੈ। ਕੀ ਮਜਾਲ ਕਿ ਉਸ ਦੀ ਆਵਾਜ਼ ਤੇ ਨਿਰਾਲੇ ਜੇਹੇ ਬੋਲ ਨੂੰ ਲੋਕੀਂ ਨਾ ਪਛਾਣਨ ਕਿ ਗੁਲਾਬੀ ਗੰਡੇਰੀਆਂ ਵਾਲਾ ਆ ਗਿਆ।

ਇਸ ਗੱਲੋਂ ਸਾਡਾ ਦੇਸ ਬੜਾ ਸਸਤੇ ਤੇ ਸੰਕੋਚੀ ਢੋਲ ਢਮੱਕੇ ਵਾਲਾ ਦੇਸ ਹੈ ਤੇ ਨਾਲ ਏਹ ਵੀ ਕਹਿਣਾ ਪੈਂਦਾ ਹੈ ਕਿ ਸੁਣਨ ਵਾਲੇ ਭੀ ਬੜੇ ਸ਼ਾਂਤ ਸੁਭਾ ਹਨ। ਭਾਵੇਂ ਕਿਸੇ ਕਿਸਮ ਦਾ ਅੜਾਟ ਪਾਈ ਜਾਓ ਸਾਡੇ ਪੰਜਾਬੀ ਐਡੇ ਮੇਲ ਸੁਭਾਵੀ ਹਨ ਕਿ ਸਭ ਨੂੰ ਮਲਹਾਰ ਹੀ ਸਮਝ ਛਡਦੇ ਹਨ। ਭਲਾ ਏਦੂੰ ਵਧ ਅਸ਼ਾਂਤ ਕਰਨ ਵਾਲੀ ਹੋਰ ਕੀ ਗੱਲ ਹੋ ਸਕਦੀ ਹੈ ਕਿ ਸਵੇਰੇ ਹੀ ਸਵੇਰੇ ਜਦ ਹਾਲਾਂ ਲੋਕਾਂ ਨੇ ਜਪੁ ਜੀ ਦਾ ਭੋਗ ਵੀ ਨਹੀਂ ਪਾਇਆ ਹੁੰਦਾ ਢੋਲ ਵਾਲਾ ਤੇ ਦੂਜਾ ਟੱਲ ਵਾਲਾ ਰਲ ਕੇ ਸਾਰੇ ਜ਼ੋਰ ਨਾਲ ਦੋਨੋਂ ਸਾਜ਼ਾਂ ਨੂੰ ਖੜਕਾਂਦੇ ਸਾਡੀ ਕਮਾਈ ਉਤੇ ਲੱਗੇ ਟੈਕਸਾਂ ਨਾਲ ਬਣੀਆਂ ਸੜਕਾਂ ਉਤੇ ਆ ਜਾਂਦੇ ਹਨ ਤੇ ਲੋਕਾਂ ਨੂੰ ਬੀੜੀਆਂ ਪੀਣ

ਦੀ ਪੂਰਨਾ ਕਰਦੇ ਹਨ। ਇਨ੍ਹਾਂ ਦਾ ਜਲੂਸ ਹਾਲਾਂ ਲੰਘਿਆ ਨਹੀਂ ਹੁੰਦਾ ਕਿ ਮਗਰ ਅਜਬ ਅਜਬ ਟੋਪੀਆਂ ਵਾਲੇ ਮੁੰਡੇ ਵੱਡੇ ਵੱਡੇ ਇਸ਼ਤਿਹਾਰ ਇਕ ਅਧਨੰਗੀ ਇਸਤ੍ਰੀ ਦੇ ਢਾਈ ਦੋ ਤਿੰਨ ਬੈਂਡ ਵਾਲਿਆਂ ਦੇ ਪਿੱਛੇ ਪਾਲ ਬੱਧੀ ਤੁਰੇ ਆ ਜਾਂਦੇ ਹਨ। ਕੋਈ ਆਖੇ ਏਸ ਦੇਸ ਵਾਲਿਆਂ ਨੂੰ ਬੀੜੀਆਂ ਪੀਣ ਤੇ ਸਿਨਮਾ ਦੇਖਣ ਤੋਂ ਛੁੱਟ ਹੋਰ ਕੋਈ ਕੰਮ ਹੀ ਨਹੀਂ। ਸਿਨਮਾਂ ਤਾਂ ਭਾਵੇਂ ਤੀਜੇ ਪਹਿਰ ਜਾਕੇ ਹੋਣਾ ਹੈ ਪਰ ਸਵੇਰੇ ਸਾਰ ਲੋਕਾਂ ਨੂੰ ਆਪਣੇ ਕੰਮ ਧੰਦੇ ਦੀਆਂ ਵਿਚਾਰਾਂ ਸ਼ਾਂਤੀ ਨਾਲ ਆਪਣੇ ਮਨਾਂ ਵਿਚ ਫਰੋਲਣ ਦਾ ਭੀ ਅਵਸਰ ਨਹੀਂ ਲੱਭਦਾ। ਕੁਛ ਕਰੋ ਏਨ੍ਹਾਂ ਕੰਨ-ਪਾੜੂ ਅਲਗਰਜ਼ਾਂ ਦੇ ਹੱਥੋਂ ਜੋ ਆਪ ਤਾਂ ਸ਼ਾਇਦ ਆਪਣੇ ਘਰਾਂ ਵਿਚ ਪਏ ਅਜੇ ਰਾਤ ਦਾ ਉਨੀਂਦਾ ਹੀ ਲਾਹ ਰਹੇ ਹੁੰਦੇ ਹੋਣਗੇ ਅਸੀਂ ਬਚ ਨਹੀਂ ਸਕਦੇ। ਅਸਲੀ ਮਤਲਬ ਏਨ੍ਹਾਂ ਦਾ ਸਾਡੀਆਂ ਜੇਬਾਂ ਫਰੋਲਣ ਦਾ ਹੁੰਦਾ ਹੈ ਪਰ ਕਿੰਨੇ ਢੀਠ ਹਨ ਕਿ ਸਵੇਰੇ ਹੀ ਏਸ ਨੇਕ ਕੰਮ ਨੂੰ ਆਰੰਭ ਦੇਂਦੇ ਹਨ।

ਦਸ ਕੁ ਵਜੇ ਦਫ਼ਤਰ ਤੇ ਕਚਿਹਰੀਆਂ ਖੁੱਲ੍ਹ ਜਾਂਦੀਆਂ ਹਨ ਤੇ ਬਾਬੂਆਂ ਨੂੰ ਮੇਜ਼ਾਂ ਕੁਰਸੀਆਂ ਸਿੱਧੀਆਂ ਕਰਦਿਆਂ ਨੂੰ ਦੁਪਹਿਰ ਦੇ ਰੇਡੀਓ ਆਰੰਭ ਹੋ ਜਾਂਦੇ ਹਨ। ਹਰ ਇਕ ਦੁਕਾਨਦਾਰ ਗਵਾਂਢੀ ਨਾਲੋਂ ਉੱਚੀ ਵਜਾਉਣ ਦਾ ਜਤਨ ਕਰਦਾ ਹੈ। ਬਾਜ਼ਾਰ ਇਕ ਰਾਮਰੌਲੇ ਦੀ ਮੰਡੀ ਬਣ ਜਾਂਦਾ ਹੈ ਜਿਸ ਵਿਚ ਵਧ ਤੋਂ ਵਧ ਰੌਲਾ ਪਾਉਣਾ ਇਕ ਫ਼ਰਜ਼ ਸਮਝਿਆ ਜਾਂਦਾ ਹੈ। ਬਾਜ਼ਾਰ ਵਿਚ ਤੁਰੇ ਜਾਂਦਿਆਂ ਸਹਿਜ ਸੁਭਾਵਕ ਗੱਲ ਕਰਨਾ ਅਸੰਭਵ ਹੋ ਜਾਂਦਾ ਹੈ। ਦੋ ਢਾਈ ਵਜੇ ਤੋੜੀ ਇਹ ਹਾਲ ਰਹਿੰਦਾ ਹੈ। ਘੰਟਾ ਕੁ ਹੋਰ ਲੰਘਾ ਕੇ ਸ਼ਾਮ ਪੈ ਜਾਂਦੀ ਹੈ ਫੇਰ ਸਾਰੇ ਦਿਨ ਦੀ ਕਸਰ ਕੱਢਣ ਲਈ ਰਾਤ ਦੇ ਪਹਿਰ ਲੰਘਣ ਤੀਕ ਖ਼ੂਬ ਹਰ ਇਕ ਛਾਬੜੀ ਤੇ ਰੇੜ੍ਹੀ ਵਾਲਾ ਸੁਦਾਗਰ ਰਹਿੰਦ ਖੂੰਹਦ ਸੜੇ ਗਲੇ "ਫਲ ਫਰੂਟਾਂ" ਨੂੰ ਲਾ ਦੇਣ ਲਈ ਰੱਜਕੇ ਰੌਲਾ ਪਾਉਂਦਾ ਹੈ। ਰੌਲੇ ਗੋਲੇ ਅਤੇ ਸਮੇਂ ਦੇ ਸੁਰਤ ਮਾਰੂ ਪ੍ਰਭਾਵ ਨਾਲ ਲੋਕੀਂ ਏਨੇ ਬੇਹੋਸ਼ ਜੇਹੇ ਹੋ ਜਾਂਦੇ ਹਨ ਕਿ ਬੇਹੀ ਤੋਂ ਬੇਹੀ ਭਾਜੀ ਤੇ ਗੰਦੀਆਂ ਸੜੀਆਂ ਨਾਖਾਂ ਸੇਬ ਸਭ ਲਗ ਜਾਂਦੇ ਹਨ ਤੇ ਵੇਚਣ ਵਾਲਿਆਂ ਦੇ ਛਾਬੜੇ ਖ਼ਾਲੀ ਹੋ ਜਾਂਦੇ ਹਨ।

ਸਿਨਮਿਆਂ ਘਰਾਂ ਦੀ ਤਾਂ ਗੱਲ ਹੀ ਨਾ ਕਰੋ। ਜਿਵੇਂ ਬੱਤੀ ਉਤੇ ਭਮੱਕੜ ਪੈਂਦੇ ਹਨ ਇਉਂ ਸਾਡੇ ਨਵੇਂ ਜਵਾਨ ਪੈਂਦੇ ਹਨ ਜਿਵੇਂ ਅੱਧਿਆਂ ਦੀ ਵਿਦਿਆ

ਪ੍ਰਾਇਮਰੀ ਜਮਾਤਾਂ ਤੀਕ ਹੁੰਦੀ ਹੈ ਤੇ ਜਿਨ੍ਹਾਂ ਵਿਚੋਂ ਖੇਲ੍ਹ ਦਾ ਪੂਰਾ ਕਿੱਸਾ ਬਹੁਤ ਥੋੜਾ ਸਮਝਿਆ ਕਰਦੇ ਹਨ। ਸਮਝ ਕੀ ਤੇ ਰੌਲਾ ਕੀ, ਦੋਵੇਂ ਇਕ ਥਾਂ ਹੋ ਹੀ ਨਹੀਂ ਸਕਦੇ। ਜਦ ਤੋਂ ਆਜ਼ਾਦੀ ਆਈ ਹੈ ਜਾਪਦਾ ਹੈ ਕਿ ਰੌਲਾ ਪਾਉਣ ਦੀ ਪੂਰੀ ਆਜ਼ਾਦੀ ਹੋ ਗਈ। ਰੇਡੀਓ ਤੇ ਲਾਊਡਸਪੀਕਰਾਂ ਨਾਲ ਵਾਯੂਮੰਡਲ ਵਿਚ ਤਾਂ ਪਤਾ ਨਹੀਂ ਕਿ ਕੀ ਹੁੰਦਾ ਹੋਵੇਗਾ ਪਰ ਸਾਡੇ ਕੰਨ ਤੇ ਦਿਮਾਗ਼ ਤਾਂ ਵਿੰਨ੍ਹੇ ਪਏ ਹਨ। ਰੇਡੀਓ ਦਾ ਹਰ ਮਾਲਕ ਏਹੀ ਸਮਝਦਾ ਹੈ ਕਿ ਮੇਰਾ ਰੇਡੀਓ ਸਾਰਿਆਂ ਨੂੰ ਸੁਣਨਾ ਚਾਹੀਦਾ ਹੈ, ਐਵੇਂ ਕੀ ਪਤਾ ਲਗੇਗਾ ਰੇਡੀਓ ਦਾ। ਜਿਸ ਦੇਸ ਨੂੰ ਬਿਰਛਾਂ ਹੇਠ ਬੈਠੇ ਮੁਨੀਆਂ ਤੇ ਤਪੱਸੀਆਂ ਦੇ ਸ਼ਾਂਤ ਚਿਤ ਘਟ ਬੋਲਣ ਵਾਲੇ ਬਣ-ਬਾਸੀਆਂ ਦਾ ਦੇਸ ਆਖਿਆ ਜਾਂਦਾ ਹੈ ਉਥੇ ਪਤਾ ਹੀ ਨਹੀਂ ਲਗਦਾ ਕਿ ਚੁੱਪ ਤੇ ਸ਼ਾਂਤੀ ਕੇਹੋ ਜੇਹੀ ਹੁੰਦੀ ਹੈ। ਕਿਵੇਂ ਹੋ ਸਕਦਾ ਹੈ ਕਿ ਸਾਡੇ ਸ਼ਹਿਰ ਵਾਸੀ ਨਾਗਰਿਕਾਂ ਦੀ ਸਿਹਤ ਏਹਨਾਂ ਅੱਠ ਪਹਿਰ ਪੈਣ ਵਾਲੀਆਂ ਚੋਟਾਂ ਨੂੰ ਝੱਲ ਕੇ ਸਾਬਤ ਰਹੇ।

ਏਨਾ ਰੌਲਾ ਤਾਂ ਜਿੰਨਾ ਕਿ ਸਾਡੇ ਬਜ਼ਾਰਾਂ ਵਿਚ ਪੈਂਦਾ ਹੈ ਰਾਤ ਪਈ ਤੋਂ ਗਿੱਦੜ ਵੀ ਨਹੀਂ ਪਾਉਂਦੇ। ਚਿੜੀਆ ਘਰਾਂ ਵਿਚ ਜਿਥੇ ਭਾਂਤ ਭਾਂਤ ਦੇ ਜਾਨਵਰ ਹਨ ਬਹੁਤ ਘਟ ਆਵਾਜ਼ਾਂ ਸੁਣੀਦੀਆਂ ਹਨ ਕਾਂ ਭੀ ਕਿਸੇ ਮਾਰੂ ਬਿੱਲੇ ਕੁੱਤੇ ਤੋਂ ਡਰ ਕੇ ਐਨੀ ਕਾਏਂ ਕਾਏਂ ਕਰਦੇ ਹਨ। ਕੋਈ ਅਜਬ ਗੱਲ ਨਹੀਂ ਕਿ ਅਸੀਂ ਸੁਭਾਵਕ ਹੀ ਉੱਚੀ ਬੋਲਣ ਵਾਲੇ ਬਣਦੇ ਜਾ ਰਹੇ ਹਾਂ। ਰੌਲੇ ਵਿਚ ਬਿਨਾਂ ਉੱਚੀ ਬੋਲਣ ਤੋਂ ਸਰਦਾ ਨਹੀਂ। ਜਿਵੇਂ ਆਖਿਆ ਕਰਦੇ ਹਨ ਹੌਲੀ ਬੋਲ ਗੱਲ ਕਰਦਾ ਏਂ ਕਿ ਲੜਦਾ ਏਂ।' ਅਸੀਂ ਆਪਣੇ ਗਲਿਆਂ ਦੀ ਉਹ ਸੁਰੀਲੀ ਮੱਧਮ ਖਿੱਚ-ਭਰੀ ਤਾਲ ਨੂੰ ਭੁਲਾ ਰਹੇ ਹਾਂ ਕਿਉਂਕਿ ਸਾਨੂੰ ਰੌਲਾ ਪਾਉਣ ਵਾਲਿਆਂ ਨੂੰ ਰੋਕਣ ਤੇ ਉਹਨਾਂ ਦੇ ਕੰਨ ਖਿੱਚਣ ਦਾ ਹੌਸਲਾ ਨਹੀਂ। ਜਿਨ੍ਹਾਂ ਨੇ ਆਪਣੀਆਂ ਚੀਜ਼ਾਂ ਵੇਚਣੀਆਂ ਹਨ ਯਾ ਕੋਈ ਮੈਂਬਰੀ ਲੈਣੀ ਹੈ ਉਨ੍ਹਾਂ ਤਾਂ ਸਾਨੂੰ ਰੌਲਾ ਪਾ ਪਾ ਆਪਣੇ ਵਲ ਖਿੱਚਣਾ ਹੋਇਆ। ਅਸੀਂ ਕਿਉਂ ਚੁਪ ਚੁਪਾਤੇ ਉਹਨਾਂ ਦੇ ਸ਼ਿਕਾਰ ਬਣੀਏ।

ਜੇਕਰ ਏਹੀ ਹਾਲਤ ਰਹੀ ਜੋ ਹੁਣ ਹੈ ਸਾਡੀ ਸੁਣਨ ਸ਼ਕਤੀ ਦੀ ਸੂਖਮਤਾ ਚਲੀ ਜਾਵੇਗੀ। ਪਸ਼ੂਆਂ ਵਿਚ ਸੁੰਘਣ ਸੁਣਨ ਤੇ ਵੇਖਣ ਦੀ ਬਾਰੀਕੀ ਏਨੀ ਕਿਉਂ

ਹੁੰਦੀ ਹੈ ? ਜੰਗਲ ਦਾ ਜਾਨਵਰ ਨੰਗੇ ਪੈਰ ਦੀ ਆਹਟ ਕਿਉਂ ਦੂਰੋਂ ਸੁਣ ਲੈਂਦਾ ਹੈ ? ਕਿਉਂਕਿ ਉਹ ਕੁਦਰਤ ਦੀ ਚੁੱਪ ਸ਼ਾਂਤੀ ਤੇ ਏਕਾਂਤ ਵਿਚ ਵੱਸਦਾ ਹੈ। ਆਦਮੀ ਇਕ ਤਰ੍ਹਾਂ ਜਿਸ ਨੂੰ ਸਾਰੇ ਸੂਖਮ ਭਾਵਾਂ ਦਾ ਜੋੜ ਆਖਿਆ ਜਾਂਦਾ ਹੈ ਢੋਲ ਢਮਾਕੇ ਤੇ ਰੌਲੇ ਵਿਚ ਰਹਿ ਕੇ ਪਸੂਆਂ ਨਾਲੋਂ ਖਹੂਰਾ ਤੇ ਡੋਡ ਪਾਊ ਬਣ ਰਿਹਾ ਹੈ।

ਓਲ੍ਹਾ

(੧)

ਤ੍ਰਕਾਲਾਂ ਵੇਲੇ ਟੱਬਰ ਦੇ ਬੱਚੇ ਲੁਕਣ ਮੀਚੀ ਖੇਲ੍ਹਣ ਲੱਗ ਜਾਂਦੇ ਹਨ । ਕੇਡਾ ਤਮਾਸ਼ਾ ਤੇ ਹਾਸਾ ਤੇ ਸੁਆਦ ਹੁੰਦਾ ਹੈ ਉਨ੍ਹਾਂ ਨੂੰ ਆਪੋ ਵਿਚ ਲੁਕਣ ਦਾ ਲੱਭਣ ਦਾ । ਸ਼ਕਲਾਂ ਉਨ੍ਹਾਂ ਨੂੰ ਇਕ ਦੂਜੇ ਦੀਆਂ ਭੁੱਲੀਆਂ ਨਹੀਂ ਹੁੰਦੀਆਂ ਪਰ ਸਾਰੀ ਗੱਲ ਸਾਰਿਆਂ ਦੇ ਲੁਕਣ ਦੀ ਤੇ ਇਕ ਦੇ ਲੱਭਣ ਦੀ ਹੁੰਦੀ ਹੈ । ਸੁਆਦ ਉਸ ਭਾਲ ਵਿਚ, ਪਰਦੇ ਨੂੰ ਕਰਕੇ ਫੇਰ ਲਾਹ ਕੇ ਵੇਖ ਲੈਣ ਵਿਚ, ਓਲ੍ਹੇ ਹਰਕੇ ਪਰਦੇ ਨੂੰ ਦੂਰ ਕਰਨ ਤੇ ਆਮ੍ਹੋ ਸਾਮ੍ਹਣੇ ਹੋਣ ਵਿਚ ਹੁੰਦਾ ਹੈ ।

ਏਸੇ ਲਈ ਰੱਬ ਨੂੰ ਵੱਡਾ ਕੌਤਕੀ ਆਖਿਆ ਜਾਂਦਾ ਹੈ । ਉਸ ਦੇ ਕੌਤਕਾਂ ਦਾ ਅੰਤ ਪਾਉਣ ਲਈ ਕਈ ਹਜ਼ਾਰਾਂ ਸਾਲਾਂ ਤੋਂ ਲੋਕੀਂ ਲੱਗੇ ਹੋਏ ਹਨ, ਪਰ ਜਿਉਂ ਜਿਉਂ ਨਵੇਂ ਭੇਤ ਲੱਭਦੇ ਹਨ ਉਦੂੰ ਅੱਗੇ ਪਰੇ ਹੋਰ ਵਧੇਰੇ ਚਮਤਕਾਰੀ ਵਧੇਰੇ ਡੂੰਘੇ ਵਧੇਰੇ ਵਲਾਂ ਵਾਲੇ ਹੋਰ ਮੇਚ ਪਏ ਸਾਹਮਣੇ ਦਿੱਸਣ ਲੱਗ ਪੈਂਦੇ ਹਨ ਤੇ ਆਦਮੀ ਆਪਣੀ ਵਿਆਕੁਲਤਾ ਤੇ ਮਾਂਦਗੀ ਨੂੰ ਤੱਜ ਕੇ ਨਵੇਂ ਸਿਰਿਉਂ ਉਨ੍ਹਾਂ ਦੀਆਂ ਗੁੰਝਲਾਂ ਖੋਲ੍ਹਣ ਨੂੰ ਫੇਰ ਲੱਗ ਪੈਂਦਾ ਹੈ । ਜੇ ਰੱਬ ਬੰਦਿਆਂ ਨੂੰ ਅਵਤਾਰਾਂ ਤੇ ਪੈਗੰਬਰਾਂ ਵਾਂਗ ਪੂਰੇਂ ਹਰ ਚੀਜ਼ ਸਿਖਾ ਕੇ ਘੱਲਦਾ ਆਦਮੀ ਏਨ੍ਹਾਂ ਗੱਲਾਂ ਉਤੇ ਧਰਮ ਵਾਂਗ ਆਪੋ ਵਿਚ ਲੜਨ ਹੀ ਲੱਗ ਪੈਂਦੇ ਜਿਵੇਂ ਹੁਣ ਆਪਣੇ ਮਨ-ਭਾਉਂਦੇ ਮਤਾਂਤਰਾਂ ਉੱਤੇ ਲੜ-ਭਿੜ ਕੇ ਖ਼ੂਨ ਖਰਾਬੇ ਕਰ ਦੇਂਦੇ ਹਨ। ਤੇ ਜੋ ਭਲਾ ਆਦਮੀ ਸਭ ਕੁਝ ਸਿੱਖ ਪੜ੍ਹ ਕੇ ਆਉਂਦਾ, ਉਸ ਨੂੰ ਕੋਈ ਸੁਆਦਲੀ ਭਾਲ ਨਾ ਰਹਿੰਦੀ ਤੇ

ਉਸ ਨੇ ਇਕ ਦੂਜੇ ਵਿਰੁਧ ਹੀ ਸਾਰੀ ਸਿੱਖਿਆ ਵਰਤਣ ਲੱਗ ਪੈਣਾ ਸੀ ਜਿਵੇਂ ਅਮਰੀਕਨਾਂ ਨੇ ਐਟਮ ਬੰਬ ਸੁੱਟ ਕੇ ਦੋ ਸ਼ਹਿਰ ਜਾਪਾਨ ਦੇ ਤਬਾਹ ਕਰ ਦਿੱਤੇ।

ਅਸਲ ਵਿਚ ਸੁਆਦ ਹੀ ਭਾਲ ਵਿਚ ਹੈ, ਲੁਕਣ ਮੀਚੇ ਵਿਚ ਹੈ। ਜੇ ਲੁਕਣ ਮੀਚੀ ਖੇਲ੍ਹਣ ਲੱਗਿਆਂ ਇਕ ਬਾਹਲਾ ਖੁਸ਼ਕ ਤੇ ਮਿਰਚੈਂਡ ਜੇਹਾ ਮੁੰਡਾ ਆਖੇ ਮੈਂ ਨਹੀਂ ਵਾਰੀ ਲਾਹੁਣੀ ਮੈਂ ਸਾਰਿਆਂ ਨੂੰ ਜਾਣਦਾ ਹਾਂ ਭਾਲਣ ਦੀ ਕੀ ਲੋੜ ਹੈ ਕੇਡੀ ਫਿਕਲੀ ਤੇ ਕੱਚੀ ਜੇਹੀ ਗੱਲ ਹੈ ਜੋ ਸਾਰੇ ਸੁਆਦ ਨੂੰ ਇਵੇਂ ਨਸ਼ਟ ਕਰ ਦੇਂਦੀ ਹੈ ਜਿਵੇਂ ਕੋਈ ਪਰੋਸੀਆਂ ਜਲੇਬੀਆਂ ਉੱਤੇ ਸੁਆਹ ਭੁੱਕ ਦੇਵੇ। ਰੱਬ ਨੇ ਮੁਢਲੀ ਗੱਲ ਏਹ ਰੱਖੀ ਹੈ ਓਹਲਾ, ਪਰਦਾ, ਭੇਤ, ਰੱਬ ਵੱਡਾ ਅਕਲੀਆ ਹੈ। ਉਸ ਨੂੰ ਪਤਾ ਸੀ ਕਿ ਜੇ ਮੈਂ ਏਸ ਮਛੰਦਰ ਮਨੁਖ ਮੂਹਰੇ ਇਕ ਰੂਪ ਧਾਰ ਕੇ ਬਹਿ ਗਿਆ ਜਿਵੇਂ ਮੰਦਰਾਂ ਵਿਚ ਸੋਨੇ ਚਾਂਦੀ ਦੀਆਂ ਮੂਰਤੀਆਂ ਹੁੰਦੀਆਂ ਹਨ ਏਸ ਨੇ ਦਿਨਾਂ ਵਿਚ ਅੱਕ ਕੇ ਮੈਨੂੰ ਭੰਨ ਤੋੜ ਸੁੱਟਣਾ ਹੈ, ਫੇਰ ਹਰ ਰੂਪ ਧਾਰਨਾ ਪਊ, ਏਸੇ ਤਰ੍ਹਾਂ ਫੇਰ ਹੋਊ। ਬਿੱਲੀ ਨੇ ਸ਼ੇਰ ਨੂੰ ਸਭ ਕੁਝ ਸਿਖਾ ਦਿੱਤਾ ਪਰ ਇਕ ਗੱਲ ਦਾ ਓਹਲਾ ਉਸ ਤੋਂ ਰਖ ਛੱਡਿਆ। ਤਾਂ ਤੇ ਰਬ ਨੇ ਆਖਿਆ ਕਿ ਸਿਆਣਪ ਭੀ ਤੇ ਮੇਰਾ ਅਪਣਾ ਬਚਾਉ ਭੀ ਏਸ ਵਿਚ ਹੈ-ਏਸ ਮੇਰੇ ਆਪਣੇ ਰਚਿਤ ਮਨੁਖ ਭੂਤਨੇ ਤੋਂ-ਕਿ ਮੈਂ ਓਹਲੇ ਹੀ ਰਹਾਂ। ਕਿਤੇ ਹਿਮਾਲਾ ਬਣ ਕੇ ਵਿਚੋਂ ਗੰਗਾ ਵਗਾ ਦਿੱਤੀ, ਕਿਤੇ ਸਮੁੰਦਰ ਸਾਗਰ ਬਣ ਗਿਆ। ਕਿਤੇ ਸੁੰਦਰ ਇਸਤਰੀ ਦਾ ਰੂਪ ਧਾਰ ਲਿਆ ਕਿਤੇ ਅਗਨੀ ਬਣ ਕੇ ਪਹਾੜਾਂ ਨੂੰ ਫੂਕ ਦਿੱਤਾ, ਕਿਤੇ ਸਾਇੰਸ ਬਣ ਕੇ ਏਸ ਮਾਹਣੂ ਨੂੰ ਸਦਾ ਲਈ ਕਾਰੇ ਲਾ ਦਿੱਤਾ। ਤੀਵੀਂ ਪੁਰਸ਼ ਵਿਚ ਅਜੇਹੀ ਅੱਗ ਰੱਖ ਦਿੱਤੀ ਜਿਸ ਨਾਲ ਆਪ ਹੀ ਦਾਹ ਹੋ ਕੇ ਮੁੱਕੀ ਭੀ ਜਾਣ ਪਰ ਖੇਲ ਭੀ ਬੰਦ ਨਾ ਹੋਵੇ। ਸਭ ਓਹਲਾ ਧਰ ਦਿੱਤਾ। ਰਬ ਐਡਾ ਕੌਤਕੀ ਹੈ ਪਹਿਲਾ ਤਾਂ ਆਦਮੀ ਨੂੰ ਸੁਆਂਗ ਧਰ ਕੇ ਆਪਣੇ ਮਗਰ ਲਾ ਲੈਂਦਾ ਹੈ ਫੇਰ ਲੁਕ ਜਾਂਦਾ ਹੈ, ਜਿਵੇਂ ਬਚਾ ਸਮੁੰਦਰ ਦੇ ਕਿਨਾਰੇ ਖੇਲਦਾ ਸਿੱਪੀ ਨੂੰ ਚੁੱਕ ਕੇ ਖੁਸ਼ ਹੁੰਦਾ ਹੈ ਫੇਰ ਸਿੱਪੀਆਂ ਲੱਭਣ ਦੇ ਚਸਕੇ ਵਿਚ ਸਮੁੰਦਰ ਵਿਚ ਵੜ ਜਾਂਦਾ ਹੈ ਤੇ ਆਪਣਾ ਆਪ ਗੁਆ ਲੈਂਦਾ ਹੈ।

ਦੋ ਆਦਮੀ ਕੋਲ ਕੋਲ ਬੈਠੇ ਵੇਖਕੇ ਆਖੀਦਾ ਹੈ ਦੋਸਤ ਹਨ ਦਿਲ ਰਲੇ ਹੋਏ ਹਨ, ਮੌਜ ਕਰਦੇ ਹਨ। ਜੇ ਉਨ੍ਹਾਂ ਦੇ ਦਿਲਾਂ ਨੂੰ ਫੋਲ ਕੇ ਵੇਖੀਏ ਦੋਹਾਂ ਦੇ ਵਖ ਵਖ ਸੁਆਦ ਹਨ, ਵਖ ਵਖ ਫ਼ਿਕਰ, ਵਖ ਵਖ ਨਦਰਾਂ ਕੌਣ ਦਿਲਾਂ ਦੀਆਂ ਜਾਣੇ।

ਤੀਵੀਂ ਪੁਰਖ ਸਾਰੀ ਉਮਰ ਇਕੱਠੇ ਹੀ ਰਹਿਕੇ, ਇਕੱਠੇ ਖਾਕੇ ਇਕੱਠੇ ਸੌਂ ਕੇ ਐਵੇਂ ਰੋਟੀ ਦਾਲ ਉਤੇ ਲੜ ਪੈਂਦੇ ਹਨ। ਦੋ ਦਿਲਾਂ ਦਾ ਇਕ ਰੰਗ ਇਕ ਸਮਾਨ ਹੋਣਾ ਓਨਾ ਹੀ ਅਸੰਭਵ ਹੈ ਜਿਵੇਂ ਦੋ ਸ਼ਕਲਾਂ ਦਾ ਇਕਸੇ ਤਰ੍ਹਾਂ ਦਾ ਹੋਣਾ, ਸਰੀਰ ਜ਼ਰੂਰ ਗਲਵਕੜੀ ਪਾਈ ਬੈਠੇ ਹਨ ਪਰ ਦਿਲਾਂ ਵਿਚ ਕੋਹਾਂ ਦੀ ਵਿਥ ਹੈ। ਇਕ ਦੂਜੇ ਨੂੰ ਸੁਆਦ ਹੀ ਦੂਜੇ ਦੇ ਫਰਕ ਦਾ ਹੈ। ਦਿਲਾਂ ਨੂੰ ਇਕ ਤਾਂ ਰੱਬ ਜੀ ਆਪ ਨਹੀਂ ਕਰ ਸਕੇ ਬੰਦਾ ਕੀ ਵਿਚਾਰਾ ਹੈ। ਦੋਹਾਂ ਸੱਜਣਾਂ ਅੱਗੇ ਫੁੱਲਾਂ ਦਾ ਢੇਰ ਲਾ ਦਿਉ ਤੇ ਪੁੱਛੋ ਕਿਹੜਾ ਸੋਹਣਾ ਤੇ ਪਸੰਦ ਹੈ, ਦੋਵੇਂ ਅੱਡ ਅੱਡਰੇ ਫੁੱਲ ਚੁਕਣਗੇ, ਦੋਹਾਂ ਅੱਗੇ ਇਕ ਇਸਤ੍ਰੀ ਕਰ ਦਿਉ ਪਲ ਵਿਚ ਦੋਸਤੀ ਦੁਸ਼ਮਨੀ ਬਣ ਜਾਵੇਗੀ। ਦਿਲ ਕੀ ਤੇ ਇਕ ਹੋ ਜਾਣ ਕੀ, ਧੋਖਾ ਭਾਵੇਂ ਖਾਈ ਰਖੋ ਕਿ ਦਿਲ ਮਿਲੇ ਹੋਏ ਹਨ। ਜਿਵੇਂ ਦੋ ਆਦਮੀ ਸ਼ਤਰੰਜ ਖੇਲ੍ਹਦੇ ਹਨ, ਵੱਖ ਵੱਖ ਚਾਲਾਂ ਦਾ ਪਿਛਾ ਕਰ ਰਹੇ ਹਨ, ਇਕ ਦੂਜੇ ਨੂੰ ਮਾਤ ਕਰਨ ਲਈ ਆਪਣੇ ਆਪਣੇ ਢੰਗ ਵਰਤ ਰਹੇ ਹੁੰਦੇ ਹਨ, ਏਸ ਤਰ੍ਹਾਂ ਹਰ ਇਕ ਆਦਮੀ ਅਪਣੇ ਆਪ ਵਿਚ ਇਕ ਵੱਖਰੀ ਦੁਨੀਆਂ ਹੈ ਜਿਸ ਦਾ ਭੇਤ ਛੋਟ ਉਸ ਦੇ ਆਪਣੇ ਆਪ ਤੋਂ ਕਿਸੇ ਨੂੰ ਨਹੀਂ। ਜਿੰਨਾਂ ਚਿਰ ਇਕ ਦੂਜੇ ਤੋਂ ਓਹਲਾ ਹੈ, ਭੁਲ ਹੈ ਟਟੋਲ ਹੈ ਇਕ ਦੂਜੇ ਦੇ ਦਿਲੀ ਉਤਾਂ ਨੂੰ ਮਿਨਣ ਦੀ, ਓਨਾਂ ਚਿਰ ਮੇਲ ਹੈ, ਸੁਆਦ ਹੈ ਜਦ ਪਰਦਾ ਚੁਕਿਆ ਗਿਆ ਸਭ ਭੇਦ ਖੁਲ੍ਹ ਗਿਆ, ਜਾਦੂ ਮੁਕ ਗਿਆ ਭੁਲ ਮੁਕ ਗਈ, ਸੁਆਦ ਨੂੰ ਫੁੱਲ ਸਟਾਪ ਆ ਗਿਆ। ਮਦਾਰੀ ਨੂੰ ਬਾਜ਼ਾਰ ਵਿਚ ਤਮਾਸ਼ਬੀਨ ਇਕੱਠੇ ਕਰਦੇ ਵੇਖੋ। ਡੌਰੂ ਦੀ ਆਵਾਜ਼ ਨਾਲ ਲੋਕ ਆ ਜਾਂਦੇ ਹਨ। ਜਿੰਨਾਂ ਚਿਰ ਉਹ ਗੱਲਾਂ ਕਰਦਾ ਰਹਿੰਦਾ ਹੈ ਲੋਕ ਜੰਮੇ ਖਲੋਤੇ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਇਸ ਨੇ ਕੀ ਤਮਾਸ਼ਾ ਕਰਨਾ ਹੈ। ਜਦ ਉਸਨੇ ਆਪਣੇ ਦੋ ਕੁ ਕਰਤਬ ਵਿਖਾ ਦਿਤੇ ਲੋਕ ਖਿੰਡਣ ਲੱਗ ਪੈਂਦੇ ਹਨ ਪਰਦਾ ਉਠਿਆ ਤੇ ਸਭ ਭੇਤ ਖੁਲ੍ਹ ਗਿਆ।

ਸਾਡੀਆਂ ਇਸਤਰੀਆਂ ਦੇ ਘੁੰਡ ਕੱਢਣ ਵਿਚ ਬੜਾ ਭੇਦ ਸੀ ਪਰ ਬਾਹਲੇ ਪੜ੍ਹਾਕੂਆਂ ਤੇ ਸ੍ਰਿਸ਼ਟੀ ਸੁਧਾਰ ਦੇ ਠੇਕੇਦਾਰਾਂ ਨੇ ਪਿਛਲੇ ਦਸ ਵੀਹ ਸਾਲਾਂ ਤੋਂ ਪਰਦੇ ਵਿਰੁਧ ਜਹਾਦ ਖੜਾ ਕਰਕੇ ਇਸਤਰੀ ਨੂੰ ਅਧੀ ਕੁ ਨੰਗੀ ਕਰ ਦਿੱਤਾ ਹੈ ਅਗੋਂ ਵੇਖੋ ਚੱਲੋਂ ਕੀ ਬਣਾਂਦੇ ਹਨ। ਸਾਡੀ ਸਮਾਜ ਦਾ ਬੜਾ ਸੋਹਣਾ ਰਵਾਜ ਸੀ। ਜਿੰਨਾ ਚਿਰ ਧੀ ਭੈਣ ਕੁਆਰੀ ਸੀ ਕੰਨਿਆਂ ਸੀ ਕੋਈ ਪੜਾ ਪਰਦਾ ਨਹੀਂ ਸੀ। ਉਮਰ ਦੀ

ਖੇਲ੍ਹਣ ਮਲ੍ਹਣ ਦੀ ਸੀ, ਅਪਣੀ ਵਰ-ਸੰਭਾਵਨਾ ਨੂੰ ਵਿਖਾਉਣ ਦੀ ਉੱਘਾ ਕਰਨ ਦੀ। ਘੁੰਡ ਦਾ ਨਾ ਹੋਣਾ ਹੀ ਇਸ ਗੱਲ ਦਾ ਪ੍ਰਗਟਾਉ ਸੀ ਕਿ ਕੁੜੀ ਕੁਆਰੀ ਹੈ ਤੇ ਆਪਣੇ ਪੇਕਿਆਂ ਦੇ ਘਰ ਆਈ ਹੋਈ ਹੈ ਸੁਚੱਜੇ ਪਿੰਡਾਂ ਵਿਚ ਓਪਰੇ ਆਦਮੀ ਨੂੰ ਸਾਫ਼ ਪਤਾ ਲਗ ਜਾਂਦਾ ਸੀ ਕਿਹੜੀ ਕੁੜੀ ਕੁਆਰੀ ਹੈ ਕਿਹੜੀ ਵਿਆਹੀ, ਕਿਹੜੀ ਇਸ ਪਿੰਡ ਦੀ। ਪਰ ਜਦ ਕੁੜੀ ਨੇ ਮਹਿੰਦੀ ਲਾਈ ਤੇ ਪਰਾਂਦਾ ਕੀਤਾ ਉਸ ਦਾ ਦੂਜਾ ਜੀਵਨ ਆਰੰਭ ਹੋ ਗਿਆ ਤੇ ਇਸ ਦੂਜੇ ਜੀਵਨ ਦੇ ਆਉਣ ਦੀ ਪਹਿਲੀ ਨਿਸ਼ਾਨੀ ਹੁੰਦੀ ਹੈ ਘੁੰਡ। ਜਦ ਕਿਸੇ ਦੀ ਨਹੀਂ ਸੀ ਕੇਵਲ ਮਾਪਿਆਂ ਦੀ ਸੀ, ਪਰਦੇ ਦੀ ਲੋੜ ਨਹੀਂ ਸੀ, ਜਦ ਕਿਸੇ ਦੀ ਹੋਣ ਲੱਗੀ ਤਾਂ ਪਰਦਾ ਜ਼ਰੂਰੀ ਹੋ ਗਿਆ। ਮੂੰਹ ਨੰਗੇ ਹੋਣਾ ਭੇਤ ਖੋਲ੍ਹਣਾ ਹੈ, ਸਸਤੇ ਹੋਣਾ, ਅਗਲੇ ਨੂੰ ਖਿਚ ਪੈਂਦੀ ਹੀ ਤਦ ਹੈ ਜਦ ਉਸ ਨੂੰ ਅਚੰਭਾ ਹੋਵੇ, ਓਹਲਾ ਹੋਵੇ, ਕੁਛ ਕਰਕੇ ਪ੍ਰਾਪਤ ਕਰਨ ਦੀ ਗੱਲ ਹੋਵੇ।

ਬੁਰਾ ਹੋਵੇ ਇਸ ਭੁੱਖ ਨੰਗ ਦੇ ਜ਼ਮਾਨੇ ਦਾ ਤੇ ਅਕਲਾਂ ਦੇ ਦਿਵਾਲੇ ਦਾ ਅੱਜ ਕੱਲ ਤਾਂ ਧੀ ਵਿਚਾਰੀ ਨੂੰ ਗਲੋਂ ਲਾਹੁਣ ਦੀ ਕਰਦੇ ਹਨ। ਜਿੰਨੀ ਛੇਤੀ ਲਾਹ ਸਕਣ ਵਿਚਾਰੀ ਨੂੰ ਪਰਾਹੁਣੀ ਬਣਾਉਣ ਦੀ ਕਰਦੇ ਹਨ। ਸਵੇਰੇ ਰੋਟੀ ਖੁਆ ਕੇ ਸ਼ਾਮ ਨੂੰ ਹੱਥ ਫੜਾਕੇ ਗੱਡੀ ਚੜ੍ਹਾਉਣ ਨੂੰ ਸੁਧਾਰ ਆਖਦੇ ਹਨ। ਗੱਲ ਕੀ ਕੰਜੂਸਪੁਣਾ ਸਭ ਸੁਧਾਰ ਹੈ ਤੇ ਖ਼ਰਚ ਕਰਨਾ ਬਿਗਾੜ। ਤੇ ਲੜਕੀ ਨੂੰ ਤੋਰ ਕੇ ਫੇਰ ਉਸ ਦਾ ਨਾਉਂ ਨਹੀਂ ਲੈਂਦੇ। ਕੋਈ ਨਹੀਂ ਸੋਚਦਾ ਕਿ ਦੋ ਬਲਦ ਭੀ ਜੋ ਗਿੱਝੇ ਹੋਏ ਨਾ ਹੋਣ ਇਕੱਠੇ ਨਹੀਂ ਜੁਪ ਸਕਦੇ, ਉਨ੍ਹਾਂ ਨੂੰ ਇਕ ਦੂਜੇ ਨਾਲ ਰਸਿਦਿਆਂ ਇਕ ਦੂਜੇ ਦੀ ਚਾਲ ਸਮਝਦਿਆਂ ਕੁੱਝ ਸਮਾਂ ਲਗਦਾ ਹੈ।

ਪਿਛਲਾ ਰਵਾਜ ਸੀ, ਧੀ ਨੂੰ ਘਰੋਂ ਪਹਿਲੀ ਵਾਰ ਤੋਰਨਾ ਨਾਲ ਸੋਝੀ ਵਾਲੀ ਨੈਣ ਤੋਰਨੀ। ਸਹੁਰੇ ਘਰ ਇਕ ਯਾ ਦੋ ਦਿਨ ਹੀ ਰਹਿਣ ਦਾ ਰਵਾਜ ਸੀ। ਓਨਾਂ ਦੋ ਦਿਨਾਂ ਵਿਚ ਨੱਢੇ ਨੱਢੀ ਦਾ ਜੋੜ ਕੇਵਲ ਇਕ ਦੋ ਰਸਮਾਂ ਲਈ ਹੋਣ ਦੀ ਆਗਿਆ ਸੀ। ਕੰਗਣਾ ਖੇਡਣ ਲਈ ਦੋਵੇਂ ਆ ਬੈਠਦੇ ਸਨ, ਉਦਾਲੇ ਦਰਜਨਾਂ ਕੁੜੀਆਂ ਆ ਖਲੋਂਦੀਆਂ ਸਨ। ਪਹਿਲਾਂ introduction ਭੇਟ ਮਾਨੋ ਹਥਾਂ ਦਾ ਹੀ ਹੋਇਆ ਕਰਦਾ ਸੀ। ਨੱਢੀ ਘੁੰਡ ਕੱਢੀ ਰਖਦੀ ਸੀ। ਦੋਵੇਂ ਇਕ ਦੂਜੇ ਦੇ ਹੱਥਾਂ ਉੱਤੇ ਬੱਧੇ ਗਾਨੇ ਖੋਲਦੇ ਸਨ। ਵਿਚਕਾਰ ਪਰਾਤ ਵਿਚ ਕੁਛ ਪਾਣੀ

ਪੈਂਦਾ ਸੀ ਉਪਰੋਂ ਨੈਣ ਪਰਾਤ ਵਿਚ ਕੁਛ ਟਕੇ ਤੇ ਇਕ ਰੁਪਿਆ ਸੁੱਟਦੀ ਸੀ, ਦੋਵੇਂ ਹੱਲੇ ਨਾਲ ਰੁਪਿਆ ਚੁੱਕਣ ਦੀ ਕਰਦੇ ਤੇ ਏਸ ਮੁੱਠ-ਭੇੜ ਵਿਚ ਇਕ ਦੂਜੇ ਦੇ ਹੱਥ-ਬਲ ਦਾ ਵੀ, ਚੁਸਤੀ ਦਾ ਵੀ ਇਕ ਦੂਜੇ ਨੂੰ ਅੰਦਾਜ਼ਾ ਲੱਗ ਜਾਂਦਾ ਸੀ। ਇਸ ਛੋਟੀ ਜੇਹੀ ਖੇਡ ਵਿਚ ਪਰਾਹੁਣੀ ਦੀ ਉਦਾਸੀ ਜ਼ਰਾ ਕੁ ਭੁਲ ਜਾਂਦੀ, ਨਵੇਂ ਘਰ ਵਿਚ ਆਗਮਨ ਦੀ ਨਿਸ਼ਾਨੀ ਹੋ ਜਾਂਦੀ ਤੇ ਕੁਛ ਸੰਗ ਲਹਿ ਜਾਂਦੀ। ਰੁਪਿਆ ਪੰਜ ਵਾਰ ਯਾ ਸਤ ਵਾਰ ਸੁੱਟਿਆ ਜਾਂਦਾ ਤੇ ਦੋਵੇਂ ਜਿੱਤ ਹਾਰ ਦੀ ਪਹਿਲੀ ਬਾਜ਼ੀ ਵਿਚ ਲਾਏ ਜਾਂਦੇ ਸਨ। ਉੱਜਡ ਬਾਹੂਬਲ ਨੂੰ ਵਿਸ਼ੇਸ਼ਣ ਦੇਣ ਵਾਲੇ ਮੁੰਡੇ ਹਰ ਵਾਰ ਹੱਥ ਉਂਗਲੀਆਂ ਮਰੋੜ ਕੇ ਰੁਪਿਆ ਖੋਹ ਲੈਂਦੇ ਸਨ ਜਿਸ ਕੁੜੀ ਨੂੰ ਵਿਆਂਧੜ ਦੇ ਸੁਭਾ ਦਾ ਕੁਛ ਪਤਾ ਲੱਗ ਜਾਂਦਾ ਸੀ, ਸਲੀਕੇ ਵਾਲਾ ਸੁਸ਼ੀਲ ਵਿਆਂਧੜ ਇਕ ਦੋ ਵਾਰ ਆਪ ਰੁਪਿਆ ਖੋਹ ਲੈਂਦਾ ਦੋ ਤਿੰਨ ਵਾਰ ਵਿਚਾਰੀ ਨਵੀਂ ਵਿਆਹੀ ਨੂੰ ਚੁੱਕ ਲੈ ਜਾਣ ਦੇਂਦਾ। ਦੋਹਾਂ ਦੇ ਮੂੰਹ ਮਿੱਠੇ ਕਰਾਏ ਜਾਂਦੇ ਸਨ ਤੇ ਫੇਰ ਘੁੰਡ ਚੁਕਾਉਣ ਦੀ ਰਸਮ ਕੀਤੀ ਜਾਂਦੀ।

ਘੁੰਡ ਚੁਕਾਣਾ ਆਪੋ ਆਪਣੀ ਹਿੰਮਤ ਉੱਤੇ ਸੀ। ਏਥੇ ਆ ਕੇ ਲਾੜੀ ਦੇ ਜੋਹ ਦੀ ਪਰੀਖਿਆ ਹੋ ਜਾਂਦੀ ਸੀ ਕਿ ਨਿਰਾ ਜ਼ਿੱਦ ਤੇ ਹਠ ਹੈ ਯਾ ਵਿਚ ਰਸ ਦੀ ਭੀ ਲੇਸ ਹੈ। ਮੂਲੋਂ ਡਰੀ ਹੋਈ ਤੇ ਦਹਿਕੀ ਹੋਈ ਕੁੜੀ ਯਾ ਨਿਪਟ ਹਠ ਕਰਨ ਵਾਲੀ ਕੁੜੀ ਘੁੰਡ ਚੁੱਕਣੋਂ ਉੱਕਾ ਨਾਂਹ ਕਰ ਦੇਂਦੀ ਸੀ। ਸਿਆਣੀ ਦਿਲ ਰੱਖਣ ਵਾਲੀ ਘੁੰਡ ਚੁੱਕ ਦੇਂਦੀ ਸੀ ਪਰ ਕੁਛ ਕੀਮਤ ਲੈ ਕੇ। ਮਮੂਲੀ ਘਰ ਹੋਇਆ ਦੋ ਚਾਰ ਰੁਪਏ ਲਗਦੇ ਸਨ, ਅੱਛੇ ਗੁਜ਼ਾਰੇ ਵਾਲੇ ਘਰਾਂ ਵਿਚ ਪੰਜਾਂ ਯਾ ਦਸਾਂ ਦਾ ਨੋਟ, ਯਾ ਅਮੀਰ ਘਰ ਹੋਇਆ ਤਾਂ ਇਕ ਪੌਂਡ ਨਾਲ ਘੁੰਡ ਚੁਕ ਲੀਤਾ ਜਾਂਦਾ ਸੀ ਤੇ ਕੁੜੀ ਅੱਖਾਂ ਨੀਵੀਆਂ ਕਰ ਕੇ ਮੁੰਡੇ ਨੂੰ ਪਹਿਲੀ ਝਾਕੀ ਦੇ ਦੇਂਦੀ ਸੀ। ਕੁਝ ਉੱਚੇ ਘਰਾਂ ਵਿਚ ਸੋਨੇ ਦੀ ਕੰਠੀ ਯਾ ਹਮੇਲ ਦਾ ਇਕਰਾਰ ਲੈ ਕੇ ਘੁੰਡ ਚੁੱਕਿਆ ਜਾਂਦਾ ਸੀ। ਬਸ ਏਨੀ ਕੁ ਜਾਣ ਪਛਾਣ ਕਰ ਕੇ ਕੁੜੀ ਆਪਣੇ ਘਰ ਤੇ ਲੜਕਾ ਆਪਣੇ ਘਰ।

ਕੁਛ ਚਿਰ ਪਿਛੋਂ ਮੁਕਲਾਵੇ ਦੀ ਗੱਲ ਬਾਤ ਆਰੰਭ ਹੋ ਜਾਂਦੀ। ਦੋਵੇਂ ਧਿਰਾਂ ਇਕ ਦੂਜੇ ਦਾ ਸੁਖਾਲ ਵੇਖਦੀਆਂ ਤੇ ਲੈਣ ਦੇਣ ਦੀ ਤਿਆਰੀ ਕਰਕੇ ਧੀ ਵਾਲੇ ਮੁਕਲਾਵਾ ਤੋਰਦੇ ਸਨ। ਮੁਕਲਾਵੇ ਵਿਚ ਲੜਕਾ ਆਪ ਇਕੱਲਾ ਹੀ

ਆਉਂਦਾ ਸੀ ਪਰ ਨਾਲ ਸਵਾਰੀ ਤੇ ਗੱਡਾ ਲੈ ਆਉਂਦਾ ਸੀ, ਸਵਾਰੀ ਆਪਣੇ ਲਈ ਗੱਡਾ ਨਵੇਂ ਬੱਝੇ ਘਰ ਦੇ ਸਾਮਾਨ ਸੰਦੂਕ ਮੰਜੇ ਪੀਹੜੀ ਲਈ। ਲੜਕੀ ਤੋਰਨ ਤੋਂ ਪਹਿਲਾਂ ਇਕਰਾਰ ਹੋ ਜਾਂਦਾ ਸੀ ਤਿਥ ਵਾਰ ਵਿਚਾਰੇ ਜਾਂਦੇ ਸਨ ਕਿ ਲੜਕੀ ਕਿੰਨੇ ਦਿਨ ਸਾਹੁਰੇ ਘਰ ਰਹੇਗੀ ਤੇ ਕੇਹੜੇ ਦਿਨ ਵਾਪਸ ਕੀਤੀ ਜਾਵੇਗੀ। ਮੁਕਲਾਵੇ ਭੀ ਟੱਕ ਸਾਲਾਂ ਪਿਛੋਂ ਦਿੱਤੇ ਜਾਂਦੇ ਸਨ ਤੇ ਮੁਕਲਾਵੇ ਜਾ ਕੇ ਲੜਕੀ ਕਿੰਨਾ ਕਿੰਨਾ ਚਿਰ ਫੇਰ ਆਪਣੇ ਪੇਕਿਆਂ ਦੇ ਘਰ ਰਹਿਆ ਕਰਦੀ ਸੀ। ਲੜਕੀ ਨੂੰ ਸਹੁਰੇ ਘਰ ਭੇਜਣ ਵਿਚ ਕਈ ਕਈ ਮਹੀਨੇ ਲਗ ਜਾਇਆ ਕਰਦੇ ਸਨ। ਪਿੰਡ ਵਿਚ ਗਲਾਂ ਕਰਦਿਆਂ ਆਮ ਗਿਣਤੀ ਹੋਇਆ ਕਰਦੀ ਸੀ। ਫ਼ਲਾਣੀ ਮੁਕਲਾਵੇ ਜਾ ਆਈ ਹੈ, ਫ਼ਲਾਣੀ ਮੁਕਲਾਵੇ ਪਿੱਛੋਂ ਭੀ ਇਕ ਵਾਰ ਜਾ ਆਈ ਹੈ, ਅਮਕੀ ਮੁਕਲਾਵੇ ਗਈ ਨੂੰ ਅੱਠ ਮਹੀਨੇ ਹੋ ਗਏ ਹਨ ਅਜੇ ਪਹਿਲੀ ਵਾਰ ਨਹੀਂ ਗਈ।

ਏਸ ਸਾਰੀ ਰਹੁ ਰੀਤ ਦੀ ਸਾਇੰਸ ਏਹ ਸੀ ਕਿ ਹੌਲੀ ਹੌਲੀ, ਸਹਿਜ ਨਾਲ ਇਕ ਦੂਜੇ ਦੇ ਸੁਭਾਵਾਂ ਨੂੰ ਟੋਂਹਦਿਆਂ ਕਰਦਿਆਂ ਨੇੜੇ ਹੋਇਆ ਜਾਵੇ। ਮਾਮੂਲੀ ਗੱਲ ਹੈ ਕਿ ਬੰਦਿਆਂ ਨੂੰ ਇਕ ਦੂਜੇ ਨਾਲ ਢੁਕਦਿਆਂ ਕਰਦਿਆਂ ਤਕੜਾ ਚਿਰ ਲਗਦਾ ਹੈ। ਨਵੇਂ ਵਿਆਹੇ ਆਖਰ ਅਲ੍ਹੜ ਮੁੰਡੇ ਕੁੜੀਆਂ ਹੀ ਹੁੰਦੇ ਹਨ ਨਾ ਓਹਨਾਂ ਨੂੰ ਸਿਆਣਪ ਹੁੰਦੀ ਹੈ ਨਾ ਤਜਰਬਾ। ਜੇਕਰ ਇਕ ਦੂਜੇ ਦੇ ਅਨੁਕੂਲ ਹੋਣ ਤਾਂ ਚੰਗੇ ਭਾਗ, ਕੁੜੀ ਸੁਨੱਖੀ ਹੋਈ ਘਰ ਦਾ ਕੰਮ ਕਾਜ ਸਮਝਦੀ ਹੋਈ ਤੇ ਲੜਕਾ ਕਮਾਊ ਤੇ ਘਰ ਦਾ ਪਿਆਰਾ, ਤਦ ਤਾਂ ਵਾਹ ਵਾਹ। ਅਜੇਹੀ ਜੋੜੀ ਨੂੰ ਤਾਂ ਭਾਵੇਂ ਹਫ਼ਤੇ ਵਿਚ ਜੋੜ ਦਿਉ, ਨਿਭ ਜਾਵੇਗੀ। ਪਰ ਬਹੁਤ ਸਾਰੀਆਂ ਜੋੜੀਆਂ ਅਜੇਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਸੁਭਾਵਾਂ ਰਹਿਣੀ ਬੋਲ ਚਾਲ ਤੇ ਚਲਨ ਵਿਚ ਤਕੜਾ ਫ਼ਰਕ ਹੁੰਦਾ ਹੈ। ਅਜੇਹੀ ਜੋੜੀਆਂ ਨੂੰ ਜੇ ਹੌਲੀ ਹੌਲੀ ਇਕ ਦੂਜੇ ਨਾਲ ਸੂਤਰ ਹੋਣ ਲਈ ਸਮਾਂ ਦਿਤਾ ਜਾਵੇ ਤਾਂ ਚੰਗਾ ਹੈ। ਜੇ ਇਹਨਾਂ ਨੂੰ ਇਕੋ ਸਾਹ ਵਿਚ ਕੱਠਿਆਂ ਕਰ ਦਿਤਾ ਜਾਵੇ ਇਕ ਦੂਜੇ ਉਤੇ ਉਸੇ ਤਰ੍ਹਾਂ ਬਾਕ ਹੋਣ ਦਾ ਡਰ ਹੈ ਜਿਵੇਂ ਕਿਸੇ ਨੂੰ ਅਚਨਚੇਤ ਫ਼ੌਜਦਾਰੀ ਮੁਕੱਦਮਾ ਬਣ ਜਾਵੇ। ਤੇ ਬਹੁਤ ਵਾਰ ਏਸ ਪਹਿਲੇ ਸ਼ਾਕ ਤੋਂ ਨਿਕਲਣਾ ਬੜੇ ਉਪਾਵਾਂ ਨਾਲ ਹੁੰਦਾ ਹੈ, ਸਹਿਜੇ ਨਹੀਂ ਹੁੰਦਾ।

ਏਸ ਸਹਜ ਪਕੇ ਦੀ ਖੇਡ ਵਿਚ ਕੁਝ ਹੋਰ ਭੀ ਹੋ ਜਾਂਦਾ ਹੈ। ਜਿਸ ਧੀ ਵਾਲੇ ਨੂੰ ਲਾਲਚ ਹੁੰਦਾ ਹੈ ਉਸ ਨੂੰ ਆਪਣਾ ਲਾਲਚ ਪੂਰਾ ਕਰਨ ਲਈ ਖੁਲ੍ਹਾ ਸਮਾਂ ਮਿਲ ਜਾਂਦਾ ਹੈ ਤੇ ਮੁੰਡੇ ਵਾਲਿਆਂ ਨੂੰ ਜ਼ਰਾ ਕੁ ਕਦਰ ਕਰਨ ਦਾ ਵੱਲ ਆ ਜਾਂਦਾ ਹੈ। ਸੁਖਾਲੀ ਪ੍ਰਾਪਤ ਹੋਈ ਚੀਜ਼ ਦੀ ਕਦਰ ਓਨੀ ਨਹੀਂ ਹੁੰਦੀ ਜਿੰਨੀ ਓਸ ਦੀ ਜੋ ਉਡੀਕ ਉਡੀਕ ਕੇ ਮੁਸ਼ਕਲਾਂ ਨਾਲ ਪ੍ਰਾਪਤ ਹੋਈ ਹੋਵੇ। ਲਾਲਚੀ ਦੀ ਏਹ ਨੀਤ ਚੰਗੀ ਨਹੀਂ ਪਰ ਇਨਸਾਨੀ ਖਾਸੇ ਨੂੰ ਭੁਲਾਇਆ ਨਹੀਂ ਜਾ ਸਕਦਾ ਤੇ ਨਾ ਰਾਤੋ ਰਾਤ ਬਦਲਿਆ ਜਾ ਸਕਦਾ ਹੈ। ਰਵਾਜਾਂ ਦੀਆਂ ਪਰਖਾਂ ਵਿਚੋਂ ਇਕ ਪਰਖ ਇਹ ਭੀ ਹੈ ਕਿ ਉਹ ਸਾਡੀ ਸੁਸਾਇਟੀ ਦੇ ਸਾਰੇ ਪੱਖਾਂ ਨੂੰ ਢੁਕਦੇ ਹੋਣ।

ਤਾਤਪਰਜ ਏਸ ਪੁਰਾਣੀ ਵਿਆਹ ਰੀਤ ਨੂੰ ਜ਼ਰਾ ਵਿਸਥਾਰ ਨਾਲ ਦੱਸਣ ਦਾ ਏਹ ਕਿ ਜਿਸ ਬੁਨਿਆਦ ਉੱਤੇ ਸਾਡੀ ਸਮਾਜ ਦੇ ਢਾਂਚੇ ਨੇ ਉਸਰਨਾ ਹੈ ਉਸ ਨੂੰ ਸਹਿਜ ਨਾਲ, ਪਰਦਾ ਰੱਖ ਕੇ, ਜਿੰਨੇ ਓਹਲੇ ਦੀ ਲੋੜ ਹੈ ਓਨਾਂ ਓਹਲਾ ਰੱਖ ਕੇ ਧਰਨਾ ਚਾਹੀਦਾ ਹੈ। ਜਿੰਨਾਂ ਕੁ ਪਰਦਾ ਆਪੋ ਵਿਚ ਦੇ ਮੇਲ ਮਿਲਾਪ ਲਈ ਜ਼ਰੂਰੀ ਹੈ ਤੇ ਮਤਲਬ ਵੰਦ ਹੈ ਓਨਾਂ ਜ਼ਰੂਰ ਰਖਣਾ ਚਾਹੀਦਾ ਹੈ ਤੇ ਜੇ ਚੁਕਣਾ ਹੋਵੇ ਹੌਲੇ ਹੌਲੇ ਢੁਕਵੇਂ ਤਰੀਕੇ ਨਾਲ ਚੁਕਣਾ ਚਾਹੀਦਾ ਹੈ।

ਜੇ ਵੇਖਿਆ ਜਾਵੇ ਇਸਤ੍ਰੀ ਜਗਤ ਬੇ-ਪਰਦ ਜੇਹਾ ਕਰ ਦੇਣਾ ਕੋਈ ਚੰਗੀ ਗੱਲ ਨਹੀਂ। ਜਿਉਂ ਜਿਉਂ ਮੂੰਹ ਨੰਗੇ ਕਰਨ ਦਾ ਰਵਾਜ ਵਧ ਰਿਹਾ ਹੈ ਬਨਾਵਟੀ ਆਚਰਨ ਵਧ ਰਿਹਾ ਹੈ, ਪੌਡਰ ਤੇ ਲਿਪਸਟਿਕ ਵਾਲਿਆਂ ਦੀ ਚਾਂਦੀ ਹੋ ਰਹੀ ਹੈ, ਅਸਲੀ ਸੋਹਣਾ ਪਣ ਤੇ ਨਕਲੀ ਬਣ-ਠਣ ਵਿਚ ਫਰਕ ਮਿਟਦਾ ਜਾ ਰਿਹਾ ਹੈ। ਜਿਉਂ ਜਿਉਂ ਬਨਾਵਟੀ ਰੂਪ ਅਸਲੀ ਰੂਪ ਦੀ ਰੀਸ ਕਰਨ ਦੇ ਕਾਬਲ ਹੋ ਰਿਹਾ ਹੈ ਸਰੀਰਕ ਆਰੋਗਤਾ ਤੇ ਬੁਨਿਆਦੀ ਰੂਪ ਵੱਲੋਂ ਸੁਰਤੀਆਂ ਫਿਰ ਰਹੀਆਂ ਹਨ। ਮੂੰਹ ਨੰਗ ਕਰਨ ਉੱਤੇ ਹੁਣ ਬਸ ਨਹੀਂ ਹੁੰਦੀ, ਸਾੜ੍ਹੀਆਂ ਅਤੇ ਅੰਗੀਆਂ ਦੇ ਵਿਚਕਾਰ ਕਸੌਟੀ ਉੱਤੇ ਮਾਰੀ ਹੋਈ ਲੀਕ ਵਾਂਗ, ਨਾਭ ਦੀ ਝਾਕੀ ਵਿਖਾਣ ਦਾ ਵੀ ਰਵਾਜ ਚੱਲ ਪਿਆ ਹੈ। ਬਨਾਵਟੀ ਸਜ ਧਜ ਇਕ ਵਾਰ ਤੁਰ ਪਵੇ ਏਸ ਨੂੰ ਠਲ੍ਹਣ ਦੀ ਕਿਤੇ ਹੱਦ ਨਹੀਂ। ਇਸਤ੍ਰੀਆਂ ਨੂੰ ਕੰਮ ਕਾਜ ਵਿਚ ਬਾਹਰ ਤੁਰਨ ਫਿਰਨ ਵਿਚ, ਆਦਮੀਆਂ ਵਾਲੇ ਬਹੁਤ ਸਾਰੇ ਕੰਮ ਕਰਨ ਵਿਚ ਅਉਕੜ ਨਾ

ਹੋਵੇ । ਪਰ ਪਰਦਾ ਹਟਾਣ ਦਾ ਨਤੀਜਾ ਏਹ ਨਿਕਲ ਰਿਹਾ ਹੈ ਕਿ ਸੰਗ, ਲਾਜ, ਕੁਦਰਤੀ ਹਯਾ ਜੋ ਕਿ ਇਸਤ੍ਰੀ ਦੇ ਅਸਲੀ ਭੂਸ਼ਣ ਸਮਝੇ ਜਾਂਦੇ ਹਨ ਸਭ ਤਜੇ ਜਾ ਰਹੇ ਹਨ ।

ਸਿਆਣੇ ਬੰਦੇ ਤਾਂ ਕਈ ਏਸ ਹੱਕ ਵਿਚ ਹਨ ਕਿ ਸੋਹਣੀਆਂ ਕੁਸੋਹਣੀਆਂ ਸਾਰੀਆਂ ਨੂੰ ਪਰਦਾ ਰਖਣਾ ਚਾਹੀਦਾ ਹੈ । ਦੋਹਾਂ ਸ਼ਰੇਣੀਆਂ ਤੋਂ ਬਚਾਉ ਦੀ ਲੋੜ ਹੈ ਵਖ ਵਖ ਕਾਰਨਾਂ ਕਰਕੇ ਤੇ ਬਚਾਓ ਏਸ ਤਰ੍ਹਾਂ ਹੀ ਹੋ ਸਕਦਾ ਹੈ ਕਿ ਆਦਮੀ ਨੂੰ ਚੈਨ ਨਾਲ ਆਪਣੀ ਕਾਰ ਕਰਨ ਦਿੱਤੀ ਜਾਵੇ, ਅੱਗੇ ਉਸ ਲਈ ਘੱਟ ਔਖ ਨਹੀਂ ਏਸ ਦੁਨੀਆਂ ਵਿਚ । ਦੂਜੇ ਪਾਸੇ ਏਹ ਭੀ ਆਖਿਆ ਜਾ ਸਕਦਾ ਹੈ ਕਿ ਸੁਰੂਪ ਵਰਤਾਉਣ ਦਾ ਹੱਕ ਸੋਹਣਿਆਂ ਨੂੰ ਚਾਹੀਦਾ ਹੈ । ਜੇ ਏਹ ਗੱਲ ਹੈ ਤਾਂ ਕੁਸੋਹਣੇ ਕੀ ਕਰਨ । ਬੜਾ ਨਾਜ਼ਕ ਜੇਹਾ ਮਸਲਾ ਹੈ । ਹਰ ਹਾਲਤ ਵਿਚ ਏਸ ਗੱਲੋਂ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਬਣਦਾ ਜੇਹਾ ਪਰਦਾ ਹਰ ਇਸਤ੍ਰੀ ਨੂੰ ਕਰਨਾ ਚਾਹੀਦਾ ਹੈ ਜਿਸ ਨਾਲ ਦੁਨੀਆਂ ਵਿਚ ਸੁੰਦਰਤਾ ਭੀ ਪਰਵੇਸ਼ ਕਰਦੀ ਰਹੇ ਤੇ ਆਚਾਰ ਭੀ ਸਾਡੇ ਸੁਧ ਰਹਿਣ ।

ਦੂਜੇ ਪਾਸੇ ਘੁੰਡ ਚੁਕਾ ਦੇਣ ਵਾਲੇ ਆਖਦੇ ਹਨ ਕਿ ਘੁੰਡ ਸਗੋਂ ਬੜਾ ਖ਼ੂਨੀ ਹੁੰਦਾ ਹੈ ਬਾਜ਼ਾਂ ਨੂੰ ਸਿਧਾਣ ਵਾਲੇ ਬਾਜ਼ਾਂ ਦੀਆਂ ਅੱਖਾਂ ਉਤੇ ਟੋਪੀਆਂ ਦੇ ਕ ਰਾਤਾਂ ਨੂੰ ਜਾਗਰਤ ਕਰਨ ਲਈ ਹੱਥਾਂ ਉਤੇ ਬਹਾਲ ਕੇ ਢੋਲ ਬਜਾਂਦੇ ਹਨ । ਜਦ ਟੋਪੀ ਲਾਂਹਦੇ ਹਨ ਤਾਂ ਬਾਜ਼ ਸਾਮ੍ਹਣੇ ਮੁਰਗੇ ਨੂੰ ਹੱਲਾ ਕਰ ਕੇ ਪੈਂਦਾ ਹੈ । ਉਹ ਕਹਿੰਦੇ ਹਨ ਕਿ ਨੰਗੇ ਹੁਸਨ ਦੀ ਮਾਰ ਮੱਠੀ ਪੈ ਜਾਂਦੀ ਹੈ ਘੁੰਡ ਵਾਲੇ ਹੁਸਨ ਤੋਂ ਬਚਣਾ ਕਿਸੇ ਸਿਰੜੀ ਦਾ ਹੀ ਕੰਮ ਹੁੰਦਾ ਹੈ । ਏਸ ਕਰ ਕੇ ਹੋ ਜਾਣ ਦੇਉ ਮੂੰਹਾਂ ਨੂੰ ਬੇ ਨਕਾਬ ਤਾਂ ਕਿ ਜੋ ਦੁਨੀਆਂ ਉੱਤੇ ਵਰਤਣਾ ਹੈ ਇਕ ਵਾਰ ਹੋ ਜਾਵੇ ਫੇਰ ਸੁਖਾਲ ਹੋ ਜਾਊ । ਉਪਰੋਂ ਘੁੰਡ ਚੁੱਕੇ ਜਾਣ ਨਾਲ ਕਵੀਆਂ ਨੂੰ ਔਖ ਹੋ ਜਾਵੇਗਾ । ਇਕ ਵਿਸ਼ਾ-ਨਕਾਬ-ਤਾਂ ਉੱਕਾ ਹੀ ਨਹੀਂ ਰਹੇਗਾ ਤੇ ਚੇਹਰਿਆਂ ਉੱਤੇ ਕੁਛ ਰਚਿਆ ਨਹੀਂ ਜਾ ਸਕਣਾ । ਜਿਹੜੀ ਚੀਜ਼ ਸਾਹਮਣੇ ਸਪਸ਼ਟ ਹੋ ਜਾਵੇਗੀ । ਅੰਨ੍ਹਿਆਂ ਨੂੰ ਭੀ ਦਿੱਸਣ ਲਗ ਜਾਵੇਗੀ ਉਸ ਬਾਰੇ ਖੋਜ ਤੇ ਕਿਆਸ ਤੇ ਭਰਮ ਤੇ ਲੰਮੀ ਚੌੜੀ ਟੋਹਾ ਟਾਹੀ ਦੀ ਅਲਖ ਹੀ ਮੁੱਕ ਜਾਵੇਗੀ, ਕਵੀਆਂ ਦੀਆਂ ਕਲਮਾਂ ਮਣੋ ਧਰੀਆਂ

ਘਰਾਣੀਆਂ ਰਹਿ ਜਾਣਗੀਆਂ । ਪਰ ਖ਼ਾਸਾ ਗਿਣਤੀ ਉਹਨਾਂ ਦੀ ਹੈ ਜਿਨ੍ਹਾਂ ਦੇ ਘੁੰਡ ਕੀਤਿਆਂ ਤੇ ਲਾਹਿਆਂ ਆਦਮੀਆਂ ਨੂੰ ਦੋਨੋਂ ਤਰ੍ਹਾਂ ਵਡੀ ਕਸਰ ਲਗਦੀ ਹੈ, ਜੇ ਘੁੰਡ ਹੋਵੇ ਤਾਂ ਬੇ-ਬੁਨਿਆਦ ਜਿਹਾ ਮਲੋ-ਮੱਲੀ ਦਾ ਭਰਮ ਤੇ ਜੇ ਨਾ ਹੋਵੇ ਤਾਂ ਅਖੀਂਦਾ ਹੈ ਪਰਦਾ ਰੱਖਣਾ ਹੀ ਚੰਗਾ ਸੀ । ਜਿਵੇਂ ਭਗਤੂ ਐਡੀਟਰ ਆਖਿਆ ਕਰਦੇ ਹਨ ਸਵਾਲ ਕੰਡਿਆਂ ਨਾਲ ਭਰਿਆ ਪਿਆ ਹੈ ।

ਓਲ੍ਹਾ

(੨)

ਘੁਰੇ ਉੱਤੇ ਚਿਕ ਲਾ ਦੇਣ ਨਾਲ ਕੇਡਾ ਤਮਾਸ਼ਾ ਬਣ ਜਾਂਦਾ ਹੈ, ਆਪ ਅੰਦਰੋਂ ਸਭ ਕੁਛ ਵੇਖ ਸਕਦੇ ਹਾਂ, ਬਾਹਰੋਂ ਸਾਨੂੰ ਕੋਈ ਨਹੀਂ ਵੇਖ ਸਕਦਾ। ਇਹ ਸੁਲੇਮਾਨੀ ਟੋਪੀ ਪਾ ਲੈਣ ਦੇ ਬਰਾਬਰ ਹੈ। ਸਿਆਣਾ ਆਦਮੀ ਸਦਾ ਅਜੇਹੇ ਢੰਗ ਵਰਤਦੇ ਹਨ ਕਿ ਆਪ ਓਲ੍ਹੇ ਰਹਿਣਾ ਪਰ ਦੂਜਿਆਂ ਨੂੰ ਨਜ਼ਰਾਂ ਹੇਠ ਰੱਖਣਾ। ਸਿਆਣੇ ਅਫ਼ਸਰਾਂ ਦਾ ਏਹੋ ਵਤੀਰਾ ਹੁੰਦਾ ਹੈ, ਆਪਣੇ ਹੇਠਲਿਆਂ ਤੋਂ ਦੂਰ ਰਹਿਣਾ, ਓਲ੍ਹੇ ਰਹਿਣਾ, ਜ਼ਿਆਦਾ ਨਹੀਂ ਮਿਲਣਾ। ਲੋਕਾਂ ਉੱਤੇ ਤੁਹਾਡਾ ਡਰ ਤੇ ਦਾਬਾ ਉਦੋਂ ਤੀਕ ਰਹਿੰਦਾ ਹੈ ਜਦ ਤੀਕ ਤੁਸੀਂ ਇਕ ਪਰਦੇ ਜੇਹੇ ਵਿਚ ਉਹਨਾਂ ਤੋਂ ਦੂਰ ਤੇ ਲੁਕੇ ਜੇਹੇ ਰਹੋ। ਜਦ ਤੁਸੀਂ ਉਹਨਾਂ ਨਾਲ ਰਲ ਮਿਲ ਗਏ ਤਾਂ ਸਮਝੋ ਪਰਦਾ ਚੁੱਕਿਆ ਗਿਆ ਤੇ ਤੁਸੀਂ ਉਹਨਾਂ ਅੱਗੇ ਬੇ-ਪਰਦ ਨੰਗੇ ਹੋ ਗਏ।

ਅੰਗਰੇਜ਼ੀ ਰਾਜ ਵਿਚ ਅੰਗਰੇਜ਼ਾਂ ਦਾ ਦਾਬਾ ਕਿਉਂ ਐਨਾ ਸੀ ? ਉਹ ਹਿੰਦੁਸਤਾਨੀਆਂ ਨੂੰ ਬਹੁਤ ਨੇੜੇ ਨਹੀਂ ਸਨ ਆਉਣ ਦੇਂਦੇ ਤੇ ਉਹਨਾਂ ਤੋਂ ਬਹੁਤ ਸਾਰਾ ਓਲ੍ਹਾ ਰਖਦੇ ਸਨ।

ਉਦਾਲੇ ਨਜ਼ਰ ਮਾਰ ਕੇ ਵੇਖੋ ਤੇ ਉੱਚੇ ਉਠੇ ਮਨੁੱਖਾਂ ਦਾ ਪਿੱਛਾ ਵਾਚੋ। ਨਿਊਟਨ ਜਿਸ ਨੇ ਧਰਤੀ ਦੀ ਖਿੱਚ ਦੇ ਪਕ-ਨਿਯਮ ਦਾ ਮੁੱਢ ਬੰਨ੍ਹਿਆ ਸਕੂਲ ਵਿਚ ਬੁੱਧੂ ਵਿਦਿਆਰਥੀਆਂ ਵਿਚੋਂ ਸੀ। ਵਰਤਮਾਨ ਸਮੇਂ ਦਾ ਮਹਾਂ ਸਾਇੰਸਦਾਨ ਆਇਨ-ਸਟਾਇਨ ਆਪਣੀ ਚੰਗੀ ਕਿਰਤ ਮਸਾਂ ਹੀ ਜਾਣਦਾ ਸੀ। ਗਾਂਧੀ ਜਿਸ

ਨੂੰ ਭਾਰਤ ਵਾਲੇ ਬਾਪੂ ਆਖਦੇ ਹਨ ਅਫਰੀਕਾ ਵਿਚ ਵਕਾਲਤ ਕਰਕੇ ਚੰਗੂ ਗੁਜ਼ਾਰਾ ਨਹੀਂ ਸੀ ਕਰ ਸਕਿਆ। ਮਾਸਟਰ ਤਾਰਾ ਸਿੰਘ ਇਕ ਬੀ. ਏ. ਬੀ. ਟੀ. ਉਸਤਾਦ ਸੀ। ਨਹਿਰੂ ਅਮੀਰ ਘਰ ਦਾ ਪਲਿਆ ਚਾਟੜਾ ਜਮਾਂਦਰੂ ਦੇਸ ਭਗਤ ਨਹੀਂ ਸੀ, ਕਲਕੱਤੇ ਦਾ ਕਰੋੜਪਤੀ ਕਰਮ ਚੰਦ ਥਾਪਰ ਲੁਧਿਆਣੇ ਦੇ ਮਮੂਲੀ ਘਰ ਦਾ ਮਮੂਲੀ ਮੁੰਡਾ ਸੀ। ਬਿਰਲੇ ਤੇ ਡਾਲਮੀਏ ਆਪੇ ਬਣੇ ਆਪੇ ਉਠੇ ਮਮੂਲੀ ਨਿੱਗਰ ਬੁੱਧੀ ਦੀ ਵਰਤੋਂ ਨਾਲ ਭਾਰਤ ਦੇ ਮਹਾਂ ਪੁਰਸ਼ ਬਣੇ ਹਨ। ਦੁਨੀਆਵੀ ਸਫਲਤਾ ਵਿਚ ਕਰਮਾਂ ਤੇ ਭਾਗਾਂ ਤੇ ਪਾਲਪਲੋਸਣ, ਵਿਦਵੱਤਾ ਦੇ ਹੱਥ ਭੀ ਹੋਣੇ ਹਨ ਪਰ ਏਨ੍ਹਾਂ ਸਾਰੀਆਂ ਚੀਜ਼ਾਂ ਤੋਂ ਛੁਟ ਇਕ ਹੋਰ ਵੱਡੀ ਗੱਲ ਭੀ ਜਾਪਦੀ ਹੈ ਜਿਸ ਨੂੰ ਆਮ ਨਿਗੱਰ ਘੋੜੇ-ਬੁਧ ਆਖਣਾ ਚਾਹੀਦਾ ਹੈ। ਇਸ ਦਾ ਨਿਯਮ ਕੁਛ ਜਰੂਰ ਹੋਵੇਗਾ ਕਿ ਕਿਥੋਂ ਤੇ ਕਿਵੇਂ ਪ੍ਰਾਪਤ ਹੁੰਦੀ ਹੈ ਪਰ ਹਾਲਾਂ ਤੀਕ ਏਸ ਨਿਯਮ ਨੂੰ ਕੋਈ ਲੱਭ ਨਹੀਂ ਸਕਿਆ। ਜਿਸ ਤਰ੍ਹਾਂ ਮਨੁੱਖਾਂ ਵਿਚ ਵਿਸ਼ੇਸ਼ਨ ਹਨ, ਕਿਸੇ ਵਿਚ ਸਰੀਰਕ ਬਲ, ਕਿਸੇ ਵਿਚ ਉੱਚ ਵਿਦਿਆ, ਕਿਸੇ ਵਿਚ ਨਿਰਾ ਹਠ ਤੇ ਦਮ, ਕਿਸੇ ਵਿਚ ਸੂਖਮ ਭਾਵ ਤੇ ਕਿਸੇ ਵਿਚ ਨਿੱਗਰ ਮੂਰਖਤਾ ਏਸ ਤਰ੍ਹਾਂ ਏਹ ਸੋਝੀ ਕਿਸੇ ਵਿਚ ਵਧ ਕਿਸੇ ਵਿਚ ਘਟ ਹੁੰਦੀ ਹੈ। ਬਹੁਤ ਸਾਰੇ ਲੋਕ ਹੋਰਨਾਂ ਗੁਣਾਂ ਤੋਂ ਵਿਹੂਣ ਹੁੰਦੇ ਹੋਏ ਨਿਰੇ ਮੋਟੀ ਨਿੱਗਰ ਬੁਧ ਦੇ ਸਹਾਰੇ ਵੱਡੇ ਹੋ ਜਾਂਦੇ ਹਨ।

ਸਾਡੇ ਸਕੂਲ ਤੇ ਕਾਲਜ ਨਿਰੇ ਫੋਕਟ ਵਿਦਿਆ ਸਥਾਨ ਹਨ। ਏਨ੍ਹਾਂ ਪੰਜਾਂ ਸੱਤਾਂ ਸਾਲਾਂ ਵਿਚ ਤਾਂ ਸਾਡੀ ਵਿਦਿਆ ਵਿਦਿਆਸਥਾਨਾਂ ਤੇ ਵਿਦਿਆਰਥੀਆਂ ਦਾ ਬਹੁਤ ਭੈੜਾ ਹਾਲ ਹੋ ਗਿਆ ਹੈ। ਨਾ ਸਾਡੇ ਅਧਿਆਪਕ ਸੰਤੁਸ਼ਟ ਹਨ। ਜਿਸ ਦੇਸ ਦੇ ਅਧਿਆਪਕ ਪ੍ਰਸੰਨ ਨਹੀਂ ਉਸਦੇ ਬੱਚੇ ਕਦੇ ਅਸਲੀ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ। ਉਰਦੂ ਅੰਗਰੇਜ਼ੀ ਦੀਆਂ ਪੁਸਤਕਾਂ ਪੜ੍ਹ ਲੈਣੀਆਂ ਇਮਤਿਹਾਨ ਪਾਸ ਕਰ ਲੈਣੇ ਹੋਰ ਗੱਲ ਹੈ। ਬੱਚਿਆਂ ਵਿਚ ਵਿਦਯਾ ਤੇ ਆਮ ਵਾਕਫ਼ੀ ਲਈ ਭੁੱਖ ਉਤਪਨ ਕਰਨੀ ਉਨ੍ਹਾਂ ਨੂੰ ਹੱਥੀਂ ਕੰਮ ਕਰਨ ਤੇ ਅਕਲ ਨਾਲ ਉਨ੍ਹਾਂ ਦੇ ਅੰਦਰੋਂ ਸੋਝੀ ਦਾ ਵਿਕਾਸ ਕਰਨ ਦਾ ਵਲ ਸਿਖਾਉਣਾ, ਅਸਲੀ ਵਿਦਿਆ ਏਹ ਹੁੰਦੀ ਹੈ। ਪਰ ਕੌਣ ਕਰਦਾ ਹੈ ਜਿਵੇਂ ਆਖਦੇ ਹਨ ਘਰੋਂ ਖਾਕੇ ਮੱਤ ਕੇਹੜਾ ਦੇਵੇ। ਪੜ੍ਹਾਕੂਆਂ ਦੀਆਂ ਹੇੜਾਂ ਦੀਆਂ ਹੇੜਾਂ ਫਿਰਦੀਆਂ ਹਨ, ਕਾਲਜਾਂ ਦੀਆਂ

ਵੱਡੀਆਂ ਜਮਾਤਾਂ ਵਿਚ ਭੀ ਮੁੰਡਿਆਂ ਦੀ ਏਨੀਂ ਭੀੜ ਹੈ ਕਿ ਪਰੋਫੈਸਰਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਕਿਹੜਾ ਮੁੰਡਾ ਕਿਹੜਾ ਹੈ। ਅਧਿਆਪਕ ਤੇ ਅਧਿਐਨ ਦਾ ਸੰਬੰਧ ਹੁੰਦਾ ਹੈ। ਜਦ ਤੱਕ ਪਰੋਫੈਸਰ ਤੇ ਸ਼ਾਗਿਰਦ ਇਕ ਥਾਂ ਬੈਠ ਕੇ ਦਿਲਾਂ ਨੂੰ ਜੋੜ ਨਹੀਂ ਸਕਦੇ ਸ਼ਾਗਿਰਦ ਦੇ ਦਿਲ ਵਿਚ ਵਿਦਿਆ ਦੀ ਭੁੱਖ ਦਾ ਜਾਗ ਲਗਣਾ ਨਹੀਂ ਹੋ ਸਕਦਾ।

ਪੁਰਾਣੇ ਜ਼ਮਾਨਿਆਂ ਵਿਚ ਵਿਦਿਆ ਨੂੰ ਏਨੀਂ ਸਸਤੀ ਨਹੀਂ ਸੀ ਸਮਝਦੇ। ਗੁਰੂ ਦੇ ਥੋੜੇ ਜੇਹੇ ਚੇਲੇ ਹੁੰਦੇ ਸਨ ਤੇ ਉਨ੍ਹਾਂ ਦਾ ਸੰਬੰਧ ਕੇਵਲ ਫੀਸਾਂ ਤੇ ਟਯੂਸ਼ਨਾਂ ਨਾਲੋਂ ਬਹੁਤ ਡੂੰਘਾ ਹੋਇਆ ਕਰਦਾ ਸੀ, ਗੁਰੂ ਆਪਣੇ ਆਪ ਨੂੰ ਸਫਲ ਤੇ ਧਰਮੀ ਨਹੀਂ ਸੀ ਸਮਝਦਾ ਜੇ ਚੇਲਿਆਂ ਵਿਚੋਂ ਘੱਟੋ ਘੱਟ ਇਕ ਅੱਧੇ ਨੂੰ ਆਪਣੇ ਨਾਲੋਂ ਵਧ ਨਹੀਂ ਸੀ ਬਣਾ ਦੇਂਦਾ। ਅੱਜ ਕੱਲ ਆਮ ਰਵਾਜ ਜੇਹਾ ਚੱਲ ਪਿਆ ਹੈ ਸਾਰਿਆਂ ਮੁੰਡਿਆਂ ਕੁੜੀਆਂ ਨੂੰ ਪਹਿਲਾਂ ਸਕੂਲੇ ਭੇਜਣਾ ਫੇਰ ਕਾਲਜ, ਸ਼ੱਕ ਹੈ ਕਿ ਇਹ ਠੀਕ ਨਾ ਹੋਵੇ। ਏਨ੍ਹਾਂ ਵਿਚੋਂ ਬਹੁਤ ਯੁਵਕ ਏਸ ਵਿਦਿਆ ਨੂੰ ਗ੍ਰਹਿਣ ਕਰਕੇ ਏਸ ਤੋਂ ਲਾਭ ਉਠਾਉਣ ਦੇ ਯੋਗ ਨਹੀਂ ਹੁੰਦੇ, ਕਈ ਪੜ੍ਹਦੇ ਹਨ ਇਤਿਹਾਸ ਤੇ ਅਸਲੀ ਰੁਚੀ ਉਨ੍ਹਾਂ ਦੀ ਹੱਥੀਂ ਕਾਰ ਕਰਨ ਦੀ ਹੁੰਦੀ ਹੈ, ਇਮਤਿਹਾਨ ਦੇਂਦੇ ਹਨ ਬੀ. ਏ ਐਮ. ਏ. ਦੇ ਪਰ ਧਿਆਨ ਉਨ੍ਹਾਂ ਦਾ ਵਿਉਪਾਰ ਤੇ ਸੌਦਿਆਂ ਵਿਚ ਹੁੰਦਾ ਹੈ। ਏਸ ਕਰਕੇ ਏਹ ਆਸ ਰੱਖਣੀ ਕਿ ਸਾਡੇ ਗਭਰੂ ਸਕੂਲਾਂ ਕਾਲਜਾਂ ਵਿਚ ਜਾ ਕੇ ਕੁਛ ਬਣ ਜਾਣਗੇ ਨਿਰਮੂਲ ਜੇਹੀ ਹੈ। ਅਜਬ ਨਹੀਂ ਕਿ ਏਹ ਸਕੂਲ ਤੇ ਕਾਲਜ ਸਾਡੇ ਬਹੁਤ ਸਾਰੇ ਮੁੰਡਿਆਂ ਕੁੜੀਆਂ ਨੂੰ ਸਗੋਂ ਉਨ੍ਹਾਂ ਦੇ ਅਸਲੀ ਟੀਚੇ ਤੋਂ ਖੁੰਝਾ ਦੇਂਦੇ ਹੋਣ।

ਵਿਦਿਆ ਵਿਚ ਸਭ ਤੋਂ ਪਿੱਛੇ ਰਹੂ ਮਾਰਵਾੜੀ ਤੇ ਮੱਧ ਹਿੰਦ ਦੇ ਲੋਕ ਹਨ ਪਰ ਅਜ ਅਜਬ ਗੱਲ ਹੈ ਏਹ ਕਿ ਜਿੰਨੇ ਮਾਰਵਾੜ ਦੇ ਸੇਠ ਵਿਉਪਾਰ ਵਿਚ ਵਧੇ ਹੋਏ ਹਨ ਹੋਰ ਕੋਈ ਨਹੀਂ। ਆਖ਼ਰ ਕੋਈ ਗੁਣ ਹੈ ਏਨ੍ਹਾਂ ਲੋਕਾਂ ਵਿਚ ਤੇ ਹੋਰ ਏਨ੍ਹਾਂ ਵਰਗਿਆਂ ਵਿਚ ਜਿਸ ਨਾਲ ਇਹ ਸਾਰੀਆਂ ਪੜ੍ਹਤਾਂ ਆਦਿ ਪਿੱਛੇ ਸੁਟ ਕੇ ਅੱਗੇ ਹੋ ਜਾਂਦੇ ਹਨ। ਰਣਜੀਤ ਸਿੰਘ ਆਪਣਾ ਨਾਮ ਭੀ ਲਿਖਣ ਨਹੀਂ ਸੀ ਜਾਣਦਾ, ਸਰੀਰ ਦਾ ਤਕੜਾ ਸੀ, ਹਿੰਮਤੀ ਸੀ, ਸਾਰੀਆਂ ਸਿੱਖ ਮਿਸਲਾਂ ਨੂੰ ਇਕ ਕਰਕੇ ਪੰਜਾਬ ਦਾ ਮਹਾਰਾਜਾ ਬਣ ਗਿਆ। ਕਿਵੇਂ ਇਨਕਾਰ ਕਰ ਸਕਦੇ ਹਾਂ ਏਸ ਗੱਲੋਂ ਕਿ ਉਸ

ਦੀ ਇਕ ਅੱਖ ਵਿਚ ਉਹ ਵੇਖਣ ਦੀ ਸਮਰਥਾ ਸੀ ਜੋ ਲੋਕਾਂ ਦੀਆਂ ਸੈਂਕੜੇ ਅੱਖਾਂ ਵਿਚ ਨਹੀਂ ਸੀ। ਉਸ ਦੀ ਨਿੱਗਰ ਬੁਧ ਨੇ ਹੀ ਉਸ ਨੂੰ ਏਸ ਪਾਏ ਉੱਤੇ ਪੁਚਾਇਆ ਹੋਵੇਗਾ । ਸਿੱਖਾਂ ਨੂੰ ਨਾ ਕੇਵਲ ਉਸ ਨੇ ਇਕ ਕਰ ਦਿਤਾ ਸਗੋਂ ਰਾਜ ਸੰਭਾਲ ਕੇ ਦੀਨਾਨਾਥ ਤੇ ਅਜ਼ੀਜ਼ ਉੱਦੀਨ ਵਰਗੇ ਅਣ-ਸਿੱਖ ਅਹਲਕਾਰ ਰੱਖੇ ਤੇ ਆਪਣੇ ਜਿਊਂਦੇ ਜੀ ਪਿਸ਼ਾਵਰ ਤੋਂ ਸਤਲੁਜ ਤੇ ਉਧਰ ਤਿੱਬਤ ਤੀਕ ਰੱਜ ਕੇ ਰਾਜ ਕਮਾ ਗਿਆ। ਹਿਟਲਰ ੧੯੧੪-੧੮ ਦੀ ਜੰਗ ਵਿਚ ਕੇਵਲ ਇਕ ਹੌਲਦਾਰ ਯਾ ਦਫੇਦਾਰ ਦੇ ਦਰਜੇ ਵਾਲਾ ਸੀ। ਜੰਗ ਮੁਕਣ ਤੋਂ ਦਸਾਂ ਬਾਰਾਂ ਸਾਲਾਂ ਦੇ ਅੰਦਰ ਜਰਮਨੀ ਦਾ ਡਿਕਟੇਟਰ ਬਣ ਗਿਆ। ਹਾਰ ਤਾਂ ਗਿਆ ਪਰ ਹਾਰਨ ਤੋਂ ਪਹਿਲੋਂ ਉਹ ਦੰਦ ਵਿਖਾ ਗਿਆ ਕਿ ਦੁਨੀਆਂ ਦੰਗ ਰਹਿ ਗਈ।

ਚੀਨ ਦੇ ਡਿਕਟੇਟਰ ਮਾਓਤਸੇਤੁੰਗ ਦੀ ਬਾਬਤ ਕੋਈ ਪੁਛੇ ਕਿ ਕੇਹੜੀ ਯੂਨੀਵਰਸਟੀ ਦਾ ਪੜ੍ਹਿਆ ਹੋਇਆ ਹੈ। ਪੜ੍ਹਾਈ ਕਰਨਾ ਤੇ ਕਿਤਾਬਾਂ ਘੋਖਣਾ ਹੋਰ ਚੀਜ਼ ਹੈ, ਆਪਣੀ ਬੁੱਧੀ ਨਾਲ ਆਪਣੇ ਲਈ ਨਵਾਂ ਰਾਹ ਕੱਢ ਲੈਣਾ, ਮੌਕੇ ਨੂੰ ਤਾੜ ਕੇ ਵੇਲੇ ਵਕਤ ਨੂੰ ਵਿਚਾਰ ਕੇ ਉਹ ਰਾਹ ਫੜਨਾ ਜੋ ਕਿਸੇ ਕਿਤਾਬ ਵਿਚ ਨਾ ਲਿਖਿਆ ਹੋਵੇ, ਏਹ ਹੈ ਢੰਗ ਉਨ੍ਹਾਂ ਦਾ ਜੋ ਪਹਾੜ ਚੀਰ ਕੇ ਆਪਣਾ ਅੱਡਰਾ ਰਾਹ ਬਣਾ ਲੈਂਦੇ ਹਨ। ਕੋਲੰਬਸ ਜਦ ਆਪਣੀ ਸਮੁੰਦਰ ਯਾਤ੍ਰਾ ਤੋਂ ਮੁੜ ਕੇ ਆਇਆ ਲੋਕ ਈਰਖਾ ਕਰਨ ਲੱਗ ਪਏ, ਕੀ ਹੋਇਆ ਪੱਛਮ ਵਿਚ ਨਵੀਂ ਧਰਤੀ ਲੱਭ ਪਈ, ਏਸ ਵਿਚ ਮੁਸ਼ਕਲ ਕੀ ਸੀ, ਜੋ ਜਹਾਜ਼ ਲੈ ਕੇ ਜਾਂਦਾ ਉਸ ਨੂੰ ਉਹ ਧਰਤੀ ਲੱਭ ਹੀ ਪੈਣੀ ਸੀ, ਆਖ਼ਰ ਜਾਣਾ ਕਿੱਥੇ ਸੀ। ਬਾਦਸ਼ਾਹ ਦੇ ਭੀ ਕੰਨ ਲੋਕਾਂ ਭਰ ਦਿੱਤੇ ਕਿ ਕੋਲੰਬਸ ਵਿਚ ਕੋਈ ਖ਼ਾਸ ਗੁਣ ਨਹੀਂ, ਮਮੂਲੀ ਜਹਾਜ਼ ਵਾਹ ਹੈ। ਬਾਦਸ਼ਾਹ ਨੇ ਕੋਲੰਬਸ ਨੂੰ ਬੁਲਾਇਆ, ਦਰਬਾਰ ਵਿਚ ਉਸ ਦਾ ਮਾਣ ਹੋਣਾ ਸੀ ਸਗੋਂ ਲੋਕਾਂ ਨੇ ਅਮੀਰੜਿਆਂ ਈਰਖਾ ਵਾਦੀਆਂ ਉਸ ਦੇ ਕਰਤਵ ਨੂੰ ਛੋਟਾ ਕਰਕੇ ਵਿਖਾਇਆ। ਕੋਲੰਬਸ ਨੂੰ ਹੋਰ ਗੱਲ ਨਾ ਸੁੱਝੀ, ਜਹਾਜ਼-ਵਾਹ ਸੀ ਵਿਚਾਰਾ, ਵਕੀਲ ਤਾਂ ਨਹੀਂ ਸੀ। ਜੇਬ ਤੋਂ ਇਕ ਆਂਡਾ ਕੱਢ ਕੇ ਬਾਦਸ਼ਾਹ ਨੂੰ ਆਖਣ ਲੱਗਾ ਏਹ ਜੋ ਤੇਰੇ ਅਮੀਰ ਤੇ ਵਜ਼ੀਰ ਖਲੋਤੇ ਹਨ ਏਹਨਾਂ ਨੂੰ ਕਹੁ ਕਿ ਕੋਈ ਏਨ੍ਹਾਂ ਵਿਚੋਂ ਏਸ ਆਂਡੇ ਨੂੰ ਲੰਮੇਂ ਲੋਟ ਉੱਪਰ ਨੂੰ ਖੜ੍ਹਾ ਕਰ ਵਿਖਾਵੇ। ਸਾਰੇ

ਕੋਲੰਬਸ ਦੇ ਮੂੰਹ ਵੱਲ ਝਾਕਣ ਲਗ ਪਏ, ਭਲਾ ਅੰਡਾ ਕਿਵੇਂ ਸਿਧਾ ਖਲੋ ਸਕਦਾ ਹੈ। ਜਦ ਕੋਈ ਨਾ ਕਰ ਸਕਿਆ ਕੋਲੰਬਸ ਨੇ ਅੰਡੇ ਦੇ ਦੋ ਟੁਕੜੇ ਕਰਕੇ ਇਕ ਟੁਕੜ ਨੂੰ ਸਿਧਾ ਰਖ ਦਿਤਾ। ਸਾਰੇ ਆਖਣ ਲੱਗ ਪਏ, ਇਹ ਤਾਂ ਅਸੀਂ ਭੀ ਕਰ ਸਕਦੇ ਸੀ। ਕੋਲੰਬਸ ਆਖਣ ਲੱਗਾ ਕਿਸੇ ਕੰਮ ਦੇ ਸਿਰੇ ਚੜ੍ਹਨ ਪਿਛੋਂ ਹਰ ਜਣੇ ਖਣੇ ਨੂੰ ਏਹ ਕਹਿਣਾ ਸੁਖਾਲਾ ਹੁੰਦਾ ਹੈ ਕਿ ਏਹ ਤਾਂ ਮੈਂ ਭੀ ਕਰ ਸਕਦਾ ਸੀ।

ਜਿਨ੍ਹਾਂ ਨੂੰ ਅਸੀਂ ਸਫਲਤਾ ਦੀਆਂ ਟੀਸੀਆਂ ਉੱਤੇ ਚੜ੍ਹੇ ਬੈਠੇ ਵੇਖਦੇ ਹਾਂ, ਉਨ੍ਹਾਂ ਬਾਬਤ ਕਹਿਣ ਨੂੰ ਬਾਹਲਾ ਕੁਛ ਨਹੀਂ ਹੁੰਦਾ। ਸਾਡੇ ਵਰਗੇ ਹੀ ਹੱਥਾਂ ਪੈਰਾਂ ਦਿਮਾਗਾਂ ਵਾਲੇ ਬੰਦੇ ਹੁੰਦੇ ਹਨ ਪਰ ਇਹ ਕਹਿਣਾ ਗਲਤ ਹੈ ਕਿ ਉਨ੍ਹਾਂ ਵਿਚ ਖ਼ਾਸ ਗੁਣ ਨਹੀਂ ਹੁੰਦੇ। ਸਾਰੇ ਗੁਣ ਕਿਤੇ ਵੀ ਸਿਖਾਏ ਨਹੀਂ ਜਾਂਦੇ, ਨਾ ਸਿੱਖਿਆਂ ਸਿੱਖ ਹੁੰਦੇ ਹਨ। ਪਰ ਹਰ ਟਾਟਾ ਤੇ ਹਰ ਬਿਰਲੇ ਵਿਚ ਆਪਣੀ ਕਿਸਮ ਦਾ ਗੁਣ ਹੁੰਦਾ ਹੈ ਜਿਸ ਨੂੰ ਇਹ ਆਖਣਾ ਗਲਤ ਨਹੀਂ ਕਿ ਕੋਈ ਨਿਰਾਲੀ ਜੇਹੀ ਅਕਲ ਹੁੰਦੀ ਹੈ ਜੋ ਨਾ ਬਹੁਤੀ ਗੁਹਜ ਹੈ ਨਾ ਸੂਖਮ ਨਾ ਕਿਸੇ ਹੋਰਸ ਦੁਨੀਆਂ ਦੀ।

ਦੁਨੀਆਂ ਵਿਚ ਏਨਾ ਕੰਮ ਹੋ ਰਿਹਾ ਹੈ, ਕਿ ਸਾਰੀਆਂ ਨੂੰ ਨਹੀਂ ਤਾਂ ਬਹੁਤ ਸਾਰੀਆਂ ਨੂੰ ਸਮੇਂ ਸਮੇਂ, ਕਿਸੇ ਨਾ ਕਿਸੇ ਵੇਲੇ ਅਜੇਹੀ ਘੜੀ ਆਉਂਦੀ ਹੈ ਜਦ ਉਸ ਦੇ ਅਗੇ ਇਕ ਰਾਹ ਉਪਰ ਘਾਟੀ ਵਲ ਨੂੰ ਤੇ ਦੂਜਾ ਪਧਰ ਨਿਵੇਕਲਾ, ਸੁਖੱਲਾ, ਦੋਵੇਂ ਆਉਂਦੇ ਹਨ। ਜਿਸ ਆਦਮੀ ਦੀ ਨਿੱਗਰ ਬੁੱਧੀ ਨੇ ਉਹ ਵੇਲਾ ਪਛਾਣ ਕੇ ਹਿੰਮਤ ਕਰਕੇ, ਲੱਕ ਬੰਨ੍ਹ ਕੇ ਘਾਟੀ ਵਾਲਾ ਰਾਹ ਫੜ ਲਿਆ ਉਹ ਟੀਸੀ ਉੱਤੇ ਜਾ ਪਹੁੰਚਿਆ ਜਿਸ ਨੇ—ਬਹੁਤ ਸਾਰਿਆਂ ਵਾਂਗ—ਅਵੇਸਲੇ ਹੋ ਕੇ ਆਖਿਆ ਚਲੋ ਪੱਧਰ ਰਾਹ ਹੀ ਚੰਗਾ ਹੈ ਉਹ ਬਸ ਮਮੂਲੀ ਹੋਕੇ ਰਹਿ ਗਿਆ। ਵਜ਼ੀਰ ਰਖਿਆ ਸਰਦਾਰ ਬਲਦੇਵ ਸਿੰਘ ਦੇ ਪਿਤਾ ਸਰਦਾਰ ਬਹਾਦਰ ਸਰ ਇੰਦਰ ਸਿੰਘ ਜੀ ਵੇਖਣ ਨੂੰ ਬੜੇ ਸਾਦਾ ਤੇ ਬੜੇ ਮਮੂਲੀ। ਇਕ ਓਵਰਸੀਅਰ ਸਨ। ਫੇਰ ਟਾਟਾ ਨਗਰ ਜਾ ਠੇਕੇਦਾਰੀ ਕੀਤੀ। ਇਕ ਸਿਫ਼ਤ ਸੀ, ਪਾਸੇ ਦੇ ਸੋਨੇ ਵਾਂਗ ਖਰੇ, ਸਿਧੇ, ਸਾਫ਼, ਨਿਸ਼ਕਪਟ। ਪਰੇਗਾਂ ਬਨਾਉਣ ਦਾ ਇਕ ਨਾਕਾਮ ਹੋਇਆ ਕਾਰਖਾਨਾ ਖ਼ਰੀਦ ਲਿਆ। ਆਪਣੀ ਵਾਹ ਲਾਉਂਦੇ ਰਹੇ, ਮਸ਼ੀਨਾਂ ਤੇ ਆਦਮੀਆਂ ਦੀ ਭਾਲ ਕਰਦੇ ਰਹੇ ਪਰ ਬਾਹਰੋਂ

ਆਂਦੀਆਂ ਫਰੇਗਾਂ ਨਾਲ ਮੁਕਾਬਲਾ ਨਾ ਕਰ ਸਕੇ। ਹਿੰਮਤ ਨਹੀਂ ਹਾਰੀ, ਆਖ਼ਰ ਇਕ ਦਿਨ ਆਇਆ ਜਦ ਬਾਹਰ ਆਉਣ ਵਾਲੀਆਂ ਫਰੇਗਾਂ ਉਤੇ ਰੋਕ ਲਗ ਗਈ, ਦੂਜੇ ਦਿਨ ਸਰਦਾਰ ਬਹਾਦਰ ਜੀ ਕਈ ਲਖਪਤੀ ਬਣ ਗਏ।

ਏਸ ਨਿੱਗਰ ਅਕਲ ਦਾ ਨਾਉਂ ਤਾਂ ਇਕ ਹੀ ਹੈ ਪਰ ਏਹ ਨਹੀਂ ਕਿ ਏਹ ਇਕ ਨਿਰੀ ਦਮਾਗੀ ਪੈਦਾਵਾਰ ਹੈ। ਨਿਰੀ ਅਕਲ ਨਹੀਂ, ਏਸ ਦੇ ਨਾਲ ਹੋਰ ਸਿਫ਼ਤਾਂ ਹਨ। ਜਿਥੇ ਬਹਾਦਰੀ ਤੇ ਜਿਗਰ ਦੀ ਲੋੜ ਹੁੰਦੀ ਹੈ ਉਥੇ ਏਹ ਆਦਮੀ ਨੂੰ ਪਹਾੜਾਂ ਨਾਲ ਮੱਥਾ ਲਾਉਣ ਜੋਗ ਬਣਾ ਦੇਂਦੀ ਹੈ, ਜਿਥੇ ਸਬਰ ਧੀਰਜ ਦੀ ਲੋੜ ਹੁੰਦੀ ਓਥੇ ਆਦਮੀ ਨੂੰ ਪੱਥਰ ਬਣਾ ਕੇ ਸੜਕ ਵਿਚ ਰੋਲਣ ਜੋਗ ਬਣਾ ਦੇਂਦੀ ਹੈ। ਲਾਲਾ ਸਰ ਕਿਸ਼ਨ ਲਾਲ ਸਵਰਗਵਾਸੀ ਨੂੰ ਪੰਜਾਬ ਦਾ ਵਿਆਪਾਰੀ ਨੈਪੋਲੀਅਨ ਆਖਿਆ ਕਰਦੇ ਸਨ। ਅੰਗਰੇਜ਼ਾਂ ਨੂੰ ਉਸ ਨਾਲ ਸਦਾ ਖ਼ਾਰ ਰਹੀ। ਜਿੰਨੇ ਬੈਂਕ ਉਸਨੇ ਖੋਲ੍ਹੇ ਅੰਗਰੇਜ਼ਾਂ ਦੀ ਅੱਖ ਰਿਣ ਰਹੇ ਪਰ ਹਰ ਕਿਸ਼ਨ ਲਾਲ ਦਾ ਬੈਂਕ ਆਖ਼ਰ ਆਪਣਾ ਪੂਰਾ ਪੂਰਾ ਕਬਜ਼ਾ ਅਦਾ ਕਰਕੇ ਸੁਰਖ਼ਰੂ ਹੁੰਦਾ ਰਿਹਾ। ਲਾਲਾ ਹਰਕਿਸ਼ਨ ਲਾਲ ਹੱਠੀ ਸੀ, ਅਣਖੀ ਸੀ, ਉਸ ਦਾ ਸਭ ਕੁਛ ਵਿਕ ਗਿਆ ਪਰ ਉਸ ਨੇ ਅੰਗਰੇਜ਼ਾਂ ਅੱਗੇ ਹਥ ਤਡਣਾ ਠੀਕ ਨਹੀਂ ਸਮਝਿਆ। ਆਖ਼ਰ ਹਰਕਿਸ਼ਨ ਲਾਲ ਵੀ ਸਿਆਸੀ ਮੈਦਾਨ ਵਿਚ ਆਉਣ ਤੇ ਮਜਬੂਰ ਹੋ ਗਿਆ ਤੇ ਉਸ ਨੇ ਅੰਗਰੇਜ਼ਾਂ ਦੀ ਸਫ਼ਾ ਵਲੇਟਨ ਵਿਚ ਪਹਿਲਾ ਕਦਮ ਚੁੱਕਿਆ।

ਨਿੱਗਰ ਬੁਧ ਸਿਖਾਂਦੀ ਹੈ ਕਿ ਵੇਲੇ ਸਿਰ ਜੋ ਹਥਿਆਰ ਹਥ ਲਗੇ ਓਹੀ ਵਰਤ ਲੈਣਾ ਚੰਗਾ ਹੁੰਦਾ ਹੈ। ਨਿੱਗਰ ਬੁੱਧ ਦਾ ਅਤੇ ਨਿਯਮਾ ਦਾ ਕਾਇਦਿਆਂ ਕਾਨੂੰਨਾਂ ਦਾ ਸਿਰ ਵੱਢਵਾਂ ਵੈਰ ਹੈ। ਅਕਬਰ ਨੇ ਬੀਰਬਲ ਨੂੰ ਪੁਛਿਆ ਹਥਿਆਰ ਕਿਹੜਾ ਵਧੀਆ ਹੁੰਦਾ ਹੈ, ਜਵਾਬ ਮਿਲਿਆ ਆਦਮੀ ਦੇ ਆਪਣੇ ਹਵਾਸ ਸਭ ਤੋਂ ਵਧੀਆ ਹਥਿਆਰ ਹੈ। ਅਕਬਰ ਜਵਾਬ ਸੁਣ ਕੇ ਚਿੜ੍ਹ ਗਿਆ, ਹੁਕਮ ਦਿੱਤਾ ਲਿਆਓ ਮਸਤ ਹਾਥੀ, ਵੇਖੀਏ ਬੀਰਬਲ ਦੇ ਹਵਾਸ। ਹਾਥੀ ਆਇਆ ਸਿੱਧਾ ਬੀਰਬਲ ਵਲ ਨੂੰ, ਕੋਲ ਇਕ ਨਿੱਕਾ ਜਿਹਾ ਕਤੂਰਾ ਲੰਘ ਰਿਹਾ ਸੀ, ਬੀਰਬਲ ਨੇ ਕਤੂਰਾ ਚੁੱਕ ਕੇ ਹਾਥੀ ਦੇ ਸੰਧੂਰੇ ਹੋਏ ਮੱਥੇ ਵਿਚ ਮਾਰਿਆ। ਕਤੂਰੇ ਨੇ ਚਾਂਗ ਮਾਰੀ, ਹਾਥੀ ਨੂੰ ਕਦੇ ਅਜੇਹੀ ਚੀਜ਼ ਦਾ ਟਾਕਰਾ ਨਹੀਂ ਸੀ ਹੋਇਆ ਉਹ ਘਬਰਾ ਕੇ ਉੱਠ ਨੱਠਾ।

ਨੈਪੋਲੀਅਨ ਇਕ ਵੱਡੀ ਯੂਰਪੀ ਫੌਜ ਦਾ ਟਾਕਰਾ ਕਰ ਰਿਹਾ ਸੀ ਕਿ ਵੈਰੀ ਪਿਛੇ ਦਰਿਆ ਦੇ ਉਪਰ ਜਮੀ ਹੋਈ ਬਰਫ ਦਾ ਫਾਇਦਾ ਉਠਾ ਕੇ ਨੱਸ ਚਲੇ ਸਾਰੀ ਫੌਜ ਨੇ ਨੱਸ ਕੇ ਬਚ ਜਾਣਾ ਸੀ, ਤੇ ਮੈਦਾਨ ਖਾਲੀ ਕਰ ਜਾਣਾ ਸੀ ਤੇ ਨੈਪੋਲੀਅਨ ਨੂੰ ਹੋਰ ਮੈਦਾਨ ਲੱਭਣਾ ਪੈਣਾ ਸੀ, ਉਸ ਦੀ ਨਿੱਗਰ ਬੁੱਧੀ ਨੂੰ ਤੁਰਤ ਤਦਬੀਰ ਸੁੱਝੀ। ਹੁਕਮ ਦਿਤਾ ਕਿ ਤੋਪਾਂ ਦੇ ਫਾਇਰ ਉਧਰ ਨੂੰ ਕਰੋ ਤਾਂ ਜੋ ਗੋਲੇ ਡਿਗ ਕੇ ਬਰਫ ਉਤੇ ਪੈਣ। ਬਰਫ ਟੁੱਟ ਗਈ ਫ਼ੌਜ ਦਾ ਰਾਹ ਬੰਦ ਹੋ ਗਿਆ। ਨੈਪੋਲੀਅਨ ਨੇ ਸਾਰੇ ਕੈਦ ਕਰ ਲਏ, ਆਸਟਰੀਆ ਦੇਸ ਅਧੀਨ ਹੋ ਗਿਆ। ਮਹਾਤਮਾ ਗਾਂਧੀ ਨੂੰ ਸੋਚ ਸੋਚ ਕੇ ਬਾਰ ਬਾਰ ਏਹੀ ਗੱਲ ਸਾਹਮਣੇ ਆਉਂਦੀ ਸੀ ਕਿ ਅੰਗਰੇਜ਼ਾਂ ਨਾਲ ਹੱਥੋ ਪਾਈ ਅਸੰਭਵ ਹੀ ਨਹੀਂ ਸਗੋਂ ਹਾਨੀ ਕਾਰਕ ਹੈ ਤੇ ਦੇਸ਼-ਆਜ਼ਾਦੀ ਨੂੰ ਪਿੱਛੇ ਪਾਉਣ ਵਾਲੀ ਹੈ।

ਉਸ ਨੇ ਡਿੱਠਾ ਕਿ ਦੇਸ ਭੀ ਵੱਡਾ ਹੈ ਕਿਧਰੇ ਸਿਰ ਕਿਧਰੇ ਪੈਰ, ਅੱਧੇ ਵਿਚੋਂ ਜਾਣਦੇ ਭੀ ਨਹੀਂ ਕਿ ਆਜ਼ਾਦੀ ਕਿਹੜੇ ਜਾਨਵਰ ਦਾ ਨਾਉਂ ਹੈ। ਸਾਲਾਂ ਬੱਧੀ ਸੋਚਾਂ ਪਿਛੋਂ ਉਸ ਨੂੰ ਇਕ ਤਦਬੀਰ ਸੁੱਝੀ ਜਿਸ ਨਾਲ ਹਥਿਆਰ ਭੀ ਨਾ ਚੁਕਣੇ ਪੈਣ ਦੇਸ ਭੀ ਸਾਰਾ ਅੰਗਰੇਜ਼ ਵਿਰੁਧ ਹੋ ਜਾਵੇ, ਖੂੰਡੀ ਫੜਕੇ ਸਮੁੰਦਰ ਵੱਲ ਨੂੰ ਤੁਰ ਪਿਆ ਲੂਣ ਬਣਾਉਣ ਲਈ, ਗਰੀਬਾਂ ਲਈ ਲੂਣ। ਸਾਰਾ ਦੇਸ ਨਾਲ ਹੋ ਗਿਆ।

ਅੰਗਰੇਜ਼ ਮਹਾਂ ਨਾਟਕਕਾਰ ਸ਼ੇਕਸਪੀਅਰ ਨਾਂ ਸਕੂਲੇ ਗਿਆ ਨਾ ਕਾਲਜ। ਦੁਨੀਆਂ ਹੈਰਾਨ ਹੁੰਦੀ ਹੈ ਕੇਹੋ ਜੇਹਾ ਚੁਫੇਰੇ ਦੀਆਂ ਜਾਣਨ ਵਾਲਾ ਆਦਮੀ ਸੀ ਕਿ ਹਰ ਡਰਾਮੇ ਵਿਚ ਰੰਗ, ਫ਼ਿਲਾਸਫ਼ੀ ਰਾਜ ਨੀਤੀ ਲੋਕੀਂ ਰੱਜ ਰੱਜ ਪੜ੍ਹਦੇ ਹਨ ਤੇ ਨਿੱਤ ਨਵੇਂ ਸੁਆਦ ਨਿਕਲ ਰਹੇ ਹਨ। ਨਿਗਰ ਸਿਧੀ ਅਕਲ ਦਾ ਮਾਲਕ ਸੀ ਜਿਸ ਦੀ ਕਲਮ ਵਿਚੋਂ ਜਾਦੂ ਦਾ ਸਾਹਿਤ ਨਿਕਲ ਕੇ ਦੁਨੀਆਂ ਨੂੰ ਰੰਗ ਲਾ ਗਿਆ।

ਸੋਝੀ (Commonsense)

ਅੰਗਰੇਜ਼ੀ ਸ਼ਬਦ (Commonsense) ਦਾ ਅਰਥ ਇਕ ਸ਼ਬਦ ਵਿਚ ਨਹੀਂ ਹੋ ਸਕਦਾ। ਅੰਗਰੇਜ਼ੀ ਵਾਲੇ ਆਪ ਆਖਦੇ ਹਨ ਕਿ 'Commonsense is the most uncommon-sense." ਕਾਮਨਸੈਂਸ ਅਤਿਅੰਤ ਅਨਕਾਮਨਸੈਂਸ, ਅਰਥਾਤ ਕਹਿਣ ਨੂੰ ਭਾਵੇਂ ਇਸ ਨੂੰ ਆਮ ਸੋਝੀ ਕਹਿ ਲਓ ਪਰ ਅਸਲ ਵਿਚ ਆਮ ਉੱਕਾ ਨਹੀਂ ਹੁੰਦਾ ਏਸ ਸ਼ਬਦ ਦਾ ਅਰਥ ਅਕਲ, ਸੋਝੀ, ਨਿਗੱਰ ਬੁੱਧ, ਸਿੱਧੀ ਸਿਆਣਪ ਸਭਨਾਂ ਦਾ ਜੋੜ ਸਮਝਣਾ ਚਾਹੀਦਾ ਹੈ। ਤੇ ਸ਼ਬਦ ਘੜਨ ਵਾਲੇ ਦਾ ਆਸ਼ਾ ਉਸ ਅੰਦਰਲੀ ਡੂੰਘੀ ਅਕਲ ਤੋਂ ਹੈ ਜੋ ਸਿਖਾਇਆਂ ਆਉਂਦੀ ਨਹੀਂ, ਦਿਤਿਆਂ ਪ੍ਰਾਪਤ ਨਹੀਂ ਹੁੰਦੀ ਤੇ ਪੁਸਤਕਾਂ, ਫਲਸਫਿਆਂ ਕਾਲਜਾਂ ਸਕੂਲਾਂ ਤੋਂ ਪਰੇ ਹੈ। ਇਹ ਉਹ ਅੰਦਰ ਦਾ ਚਾਨਣ ਹੈ ਜੋ ਲਿਸ਼ਕੋਰਵਾਂਗ ਚਮਕ ਕੇ ਉਸ ਵੇਲੇ ਦੇ ਕੰਮ ਯਾ ਸਵਾਲ ਉਤੇ ਇਕ ਅਨੋਖਾ ਜੇਹਾ ਚਾਨਣਾ ਪਾ ਦੇਂਦਾ ਹੈ। ਆਦਮੀਆਂ ਵਿਚ ਪੰਜ ਸ਼ਕਤੀਆਂ-ਹਵਾਸ ਤਾਂ ਕੁਦਰਤੀ ਹੋਨ, ਏਨ੍ਹਾਂ ਤੋਂ ਉਪਰ ਦੀ ਜਿਵੇਂ ਛੇਵੀਂ ਸ਼ਕਤੀ ਹੁੰਦੀ ਹੈ ਓਸੇ ਤਰ੍ਹਾਂ ਏਹ ਇਕ ਦੂਜੀ ਅਕਲ ਯਾ ਸਮਝ ਹੈ। ਏਹ ਪੜ੍ਹਿਆਂ ਅਨ ਪੜਿਆਂ ਵਿਦੱਯਤਾਂ ਅਵਿਦੱਯਤਾਂ ਯੂਨੀਵਰਸਿਟੀ ਵਾਲਿਆਂ ਤੇ ਮਿਡਲਚੂਆਂ ਨੂੰ ਇਕੋ ਜੇਹੇ ਕਰਨ ਦੀ ਸਫਲਤਾ ਦਾ ਇਕ ਵੱਡਾ ਕਾਰਨ ਏਹ ਢੰਗ ਸੀ ਹਿੰਦੁਸਤਾਨੀਆਂ ਨਾਲ ਵਰਤਨ ਦਾ। ਕੁਦਰਤੀ ਗੱਲ ਹੈ ਜੇ ਅਸੀਂ ਕਿਸੇ ਵੱਡੇ ਆਦਮੀ ਨੂੰ ਰੋਟੀ ਖਾਂਦਿਆਂ ਵੇਖ ਲਈਏ ਤੇ ਡਕਾਰ ਮਾਰਦਿਆਂ ਸੁਣ ਲਈਏ ਸਾਨੂੰ ਝੱਟ ਖਿਆਲ ਆ ਜਾਂਦਾ ਹੈ ਕਿ ਏਹ ਤਾਂ ਸਾਡੇ ਵਰਗਾ ਹੀ ਆਦਮੀ ਹੈ। ਜਿਹੜੇ ਅਫਸਰ ਨੂੰ ਅਸੀਂ

ਸਦਾ ਅਦਾਲਤ ਦੀ ਕੁਰਸੀ ਉੱਤੇ ਬੈਠਾ, ਹੁਕਮ ਕਰਦਾ, ਦੰਡ ਤੇ ਮੁਆਫ਼ੀਆਂ ਦੇਂਦਾ ਵੇਖਦੇ ਹਾਂ ਸਾਨੂੰ ਕਦੇ ਨਹੀਂ ਫੁਰਦਾ ਕਿ ਇਹ ਸਾਡੇ ਵਾਂਗ ਅਧੜ-ਵੰਜੇ ਹੋ ਕੇ ਮੰਜੇ ਉੱਤੇ ਬੇਸੁਧ ਹੋ ਕੇ ਘੁਰਾੜੇ ਮਾਰਦਾ ਹੋਵੇਗਾ। ਸਾਨੂੰ ਉਹ ਸਦਾ ਅਫ਼ਸਰ ਹੀ ਭਾਸੇਗਾ ਕਿਉਂਕਿ ਉਸ ਨੇ ਕਦੇ ਸਾਡੇ ਨਾਲ ਹੇਠ ਉੱਤਰ ਕੇ ਨਿਕਟੀ ਗੱਲ ਨਹੀਂ ਕੀਤੀ। ਤਪ ਦੇ ਦਾਬੇ ਦਾ ਅੱਧਾ ਕਾਰਨ ਇਹ ਓਲ੍ਹਾ ਹੁੰਦਾ ਹੈ ਜੋ ਅਸੀਂ ਲੋਕਾਂ ਤੋਂ ਕਰਦੇ ਹਾਂ। ਤਾਂ ਤੇ ਜਿਹੜਾ ਆਦਮੀ ਕੁਛ ਨਾ ਕੁਛ ਓਲ੍ਹਾ ਰੱਖਣ ਨਹੀਂ ਜਾਣਦਾ ਉਹ ਕਦੇ ਲੋਕਾਂ ਉੱਤੇ ਆਪਣਾ ਦਾਬਾ ਨਹੀਂ ਪਾ ਸਕਦਾ।

ਬਰਾਹਮਣਾਂ ਨੇ ਅੱਡ ਲੁਕ ਕੇ ਖਾਣ ਪੀਣ ਨੂੰ ਧਰਮ ਬਣਾਇਆ ਹੋਇਆ ਸੀ। ਓਹਨਾਂ ਦੇ ਦਾਬੇ ਦਾ ਇਕ ਕਾਰਨ ਏਸ ਕਿਸਮ ਦੀ ਰਹਿਣੀ ਬਹਿਣੀ ਸੀ। ਜਿਹੜਾ ਆਦਮੀ ਬਾਜ਼ਾਰ ਵਿਚ ਖਲੋ ਕੇ ਖਾਣ ਲੱਗ ਪਵੇ ਉਹ ਲੋਕਾਂ ਦੀਆਂ ਨਜ਼ਰਾਂ ਵਿਚ ਉੱਚਾ ਨਹੀਂ ਮੰਨਿਆ ਜਾ ਸਕਦਾ। ਸੁਘੜ ਇਸਤ੍ਰੀ ਥੋੜ੍ਹੇ ਕੀਤਿਆਂ ਕਦੇ ਵੱਡਿਆਂ ਦੇ ਵੇਖਦਿਆਂ ਖਾਣ ਪੀਣ ਨਹੀਂ ਕਰੇਗੀ, ਉਹ ਏਸ ਤਰ੍ਹਾਂ ਬੇਪਰਦ ਖਾਣ ਨੂੰ ਆਪਣੇ ਤੇ ਦੂਜਿਆਂ ਦੇ ਸਤਕਾਰ ਦੇ ਉਲਟ ਸਮਝਦੀ ਹੈ। ਏਸੇ ਤਰ੍ਹਾਂ ਸਰੀਰ ਢੱਕਣ ਵਿਚ ਇਸ ਨੂੰ ਲੋਕਾਂ ਦੀਆਂ ਨਜ਼ਰਾਂ ਤੋਂ ਲੁਕਾਈ ਰੱਖਣ ਵਿਚ ਭੀ ਸਿਆਣਪ ਹੈ। ਕੋਈ ਗੱਲ ਜੋ ਆਮ ਆਦਮੀ/ਲੋਕਾਂ ਦੇ ਸਾਹਮਣੇ ਕਰਦੇ ਹਨ ਨਾ ਕਰਨ ਵਿਚ ਆਪੇ ਵਿਸ਼ੇਸ਼ਨ ਆ ਜਾਂਦਾ ਹੈ। ਮੁਸਲਮਾਨੀ ਰਾਜ ਵਿਚ ਮੁਸਲਮਾਨਾਂ ਨੇ ਹਿੰਦੂਆਂ ਉੱਤੇ ਦਾਬਾ ਪਾਈ ਰੱਖਣ ਦਾ ਇਕ ਏਹ ਢੰਗ ਵਰਤਿਆ ਸੀ, ਜੋ ਗੱਲ ਕਰਨੀ ਹਿੰਦੂਆਣੀ ਤਰੀਕੇ ਤੋਂ ਉਲਟ ਕਰਨੀ। ਹਿੰਦੂਆਂ ਨੂੰ ਗਊ ਦੀ ਸੁਗੰਧ ਸੀ ਮੁਸਲਮਾਨਾਂ ਜ਼ਰੂਰੀ ਗੋ ਮਾਸ ਖਾਣਾ, ਹਿੰਦੂਆਂ ਮੰਦਰ ਵਿਚ ਟੱਲ ਤੇ ਸੰਖ ਵਜਾਣੇ ਮੁਸਲਮਾਨਾਂ ਨੇ ਬਾਂਗ ਦੇਣੀ ਤੇ ਵਾਹ ਲਗਦੀ ਮਸਜਿਦ ਦੇ ਨੇੜੇ ਟੱਲ ਤੇ ਸੰਖ ਵੱਜਣ ਨਹੀਂ ਦੇਣੇ, ਹਿੰਦੂਆਂ ਹੱਥ ਧੋਣ ਲਗਿਆਂ ਪਾਣੀ ਨੂੰ ਕੂਹਣੀ ਤੋਂ ਹੱਥਾਂ ਵਲ ਨੂੰ ਵਗਾਣਾ, ਮੁਸਲਮਾਨਾਂ ਵੁਜ਼ੂ ਕਰਨ ਲੱਗਿਆਂ ਪਾਣੀ ਨੂੰ ਹੱਥਾਂ ਤੋਂ ਕੂਹਣੀ ਵਲ ਨੂੰ ਵਗਾਣਾ। ਰਹਿਣੀ ਬਹਿਣੀ ਦੇ ਢੰਗ ਦੇ ਓਲ੍ਹੇ ਨਾਲ ਦੂਜਿਆਂ ਉਤੇ ਆਪੇ ਹੀ ਪ੍ਰਭਾਵ ਜੇਹਾ ਪੈ ਜਾਂਦਾ ਹੈ।

ਓਲ੍ਹੇ ਦੀ ਵਰਤੋਂ ਸਭ ਤੋਂ ਜ਼ਿਆਦਾ ਕਾਰ ਵਿਹਾਰ ਵਿਚ ਕੀਤੀ ਜਾਂਦੀ ਹੈ। ਜਿਸ ਨੂੰ ਕਿਸੇ ਇਕ ਕਿਰਤ ਦੇ ਭੇਤ ਦੀ ਸੂਹ ਲਗ ਗਈ ਉਹ ਨਹੀਂ ਚਾਹੁੰਦਾ

ਕਿ ਦੂਜਾ ਉਸ ਭੇਤ ਨੂੰ ਪਾ ਕੇ ਉਸ ਦਾ ਮੁਕਾਬਲਾ ਕਰਨ ਲਗ ਪਵੇ। ਹਿੰਦੁਸਤਾਨੀਆਂ ਦੀ ਬਾਬਤ ਆਮ ਰਾਏ ਹੈ ਕਿ ਜੇ ਕਿਸੇ ਨੂੰ ਕੋਈ ਬੀਮਾਰੀ ਦਾ ਨੁਸਖ਼ਾ ਯਾ ਕੋਈ ਚੀਜ਼ ਬਣਾਉਣ ਦਾ ਢੰਗ ਆ ਗਿਆ ਉਹ ਉਸ ਭੇਤ ਨੂੰ ਵਾਹ ਲਗਦੀ ਤਾਂ ਆਪਣੇ ਨਾਲ ਹੀ ਲੈ ਕੇ ਮਰ ਜਾਊ ਨਹੀਂ ਤਾਂ ਆਪਣੇ ਪੁੱਤਾਂ ਨੂੰ ਦੱਸੇਗਾ ਹੋਰ ਕਿਸੇ ਨੂੰ ਨਹੀਂ। ਵਿਉਪਾਰ ਵਿਚ ਵਿਉਪਾਰੀ ਕਿਰਤੀਆਂ ਤੋਂ ਮਾਲ ਖ਼ਰੀਦਦੇ ਹਨ, ਉਸ ਖ਼ਰੀਦ ਵਿਚ ਵੀ ਕਈ ਓਲ੍ਹੇ ਹੁੰਦੇ ਹਨ। ਬੋਲੀ ਦੇਣ ਲਗਿਆਂ ਪੈਸਾ ਦੋ ਪੈਸੇ ਮਣ ਏਧਰ ਓਧਰ ਕਰ ਲੈਣਾ ਤੇ ਮਾਲ ਵਾਲੇ ਨੂੰ ਪਤਾ ਹੀ ਨਾ ਲਗੇ, ਫੇਰ ਮਾਲ ਇਕੱਠਾ ਕਰਕੇ ਉਸ ਨੂੰ ਜੁਗਤ ਨਾਲ ਸਾਫ਼ ਕਰ ਕੇ ਯਾ ਛਾਂਟ ਕਰ ਕੇ ਵਧੀਆ ਘਟੀਆ ਅਲਗ ਕਰ ਕੇ ਵੇਚਣਾ ਜਿਸ ਨਾਲ ਨਫ਼ਾ ਚੋਖਾ ਨਿਕਲ ਆਵੇ। ਕਿਰਤੀਆਂ ਤੋਂ ਛੋਟੇ ਦੁਕਾਨਦਾਰ ਖ਼ਰੀਦ ਕਰਦੇ ਹਨ, ਛੋਟਿਆਂ ਤੋਂ ਅੱਗੋਂ ਬੜੇ ਦੁਕਾਨਦਾਰ ਅੱਗੋਂ ਮਿੱਲਾਂ ਵਾਲਿਆਂ ਨੂੰ ਯਾ ਦਿਸਾਉਰ ਭੇਜਣ ਵਾਲੇ ਵੱਡੇ ਵਿਉਪਾਰੀਆਂ ਨੂੰ। ਹਰ ਇਕ ਸ਼ਰੇਣੀ ਦਾ ਵਿਉਪਾਰੀ ਆਪਣੇ ਨਿਰਾਲੇ ਢੰਗ ਵਰਤਦਾ ਹੈ ਮਾਲ ਦੀ ਕੀਮਤ ਚੜ੍ਹਾਉਣ ਦੇ ਜੋ ਉਨ੍ਹਾਂ ਨੂੰ ਹੀ ਆਉਂਦੇ ਹੁੰਦੇ ਹਨ, 'ਅੜ੍ਹੋਰ ਕਰੇ ਤੇ ਢੀਂਗਾ ਬਾਜੇ।'

ਵੇਖਿਆ ਹੋਵੇਗਾ ਜਦ ਦਲਾਲ ਵੇਚਣ ਤੇ ਖਰੀਦਣ ਵਾਲੇ ਦਾ ਸੌਦਾ ਕਰਾਂਦੇ ਹਨ ਕੀਮਤ ਦਾ ਫੈਸਲਾ ਯਾ ਕੀਮਤ ਦਾ ਨਿਰਣਾ ਉਂਗਲੀਆਂ ਨਾਲ ਚੁਪ ਚੁਪਾਤੇ ਉੱਤੇ ਪੱਲਾ ਪਾ ਕੇ ਕਰਦੇ ਹਨ। ਓਲ੍ਹਾ ਵਿਆਪਾਰ ਦੀ ਜਾਨ ਹੈ, ਓਲ੍ਹੇ ਬਿਨਾਂ ਖ਼ਰੀਦਣਾ ਵੇਚਣਾ ਨਿਰਾ ਝਗੜਿਆਂ ਦਾ ਕੰਮ ਬਣ ਜਾਵੇ। ਇਕ ਆਦਮੀ ਨੂੰ ਕਰਾਚੀ ਦੀ ਮਾਰਕੀਟ ਦੀ ਖ਼ਬਰ ਹੈ ਕਿ ਕਪਾਸ ਚੜ੍ਹ ਗਈ ਹੈ, ਜੇ ਉਹ ਦੂਜਿਆਂ ਨੂੰ ਦਸ ਦੇਵੇ ਸਾਰੇ ਵਧ ਕੇ ਖਰੀਦਣ ਲੱਗ ਪੈਣਗੇ ਤੇ ਸਗੋਂ ਦੱਸਣ ਵਾਲੇ ਦੇ ਮੁਕਾਬਲੇ ਵਿਚ ਖ਼ਰੀਦ ਕੇ ਨਫ਼ਾ ਖੱਟਣ ਦੀ ਕਰਨਗੇ। ਪਸ਼ੂਆਂ ਦੀਆਂ ਹੱਡੀਆਂ ਆਮ ਜੰਤਾ ਭਾਣੇ ਗੰਦੀ ਮੁਸ਼ਕ ਵਾਲੀ ਚੀਜ਼ ਹੈ। ਪਰ ਜਿਸ ਨੂੰ ਮਾਰਕੀਟ ਦਾ ਪਤਾ ਹੈ ਜਿੱਥੇ ਉਹ ਸੈਂਕੜੇ ਹਜ਼ਾਰਾਂ ਮਣਾਂ ਲਗਦੀਆਂ ਹਨ ਉਹ ਨਫ਼ਾ ਖੱਟ ਜਾਏਗਾ ਕੇਵਲ ਇਕ ਏਸ ਭੇਤ ਨਾਲ ਕਿ ਉਸ ਨੂੰ ਖ਼ਰੀਦਦਾਰਾਂ ਦਾ ਪਤਾ ਹੈ ਹੋਰਨਾਂ ਨੂੰ ਨਹੀਂ ਹੈ। ਜਿਸ ਨੂੰ ਇਕ ਮਾੜੀ ਜੇਹੀ ਗਲ ਦਾ ਪਤਾ ਲੱਗ ਗਿਆ ਉਹ ਉਸ ਨੂੰ ਬੁੱਕਲ ਵਿਚ ਲੁਕਾਈ ਫਿਰਦਾ ਹੈ, ਉਸ ਨੂੰ ਸਾਰਿਆਂ ਅੱਗੇ ਪ੍ਰਗਟ ਕਰ ਦੇਣਾ ਮਾਨੋਂ ਹੱਥੋਂ ਸੋਨਾ

ਖ਼ਬੇਰਨ ਵਾਂਗ ਹੈ। ਐਵੇਂ ਨਹੀਂ ਲੋਕਾਂ ਨੇ ਘਰਾਂ ਵਿਚ ਟੈਲੀਫ਼ੋਨ ਲਵਾਏ ਹੋਏ ਤੇ ਸਿਆਣੇ ਚਤਰ ਮੁਨੀਮ ਰੱਖੇ ਹੋਏ । ਸਾਰਿਆਂ ਦਾ ਕੰਮ ਇਕ ਦੂਜੇ ਨੂੰ ਕੁਰਾਹੇ ਪਾਉਣਾ, ਅਗਲੇ ਦਾ ਭੇਤ ਕੱਢਣ ਦਾ ਜਤਨ ਕਰਨਾ ਆਪਣਾ ਸਾਂਭ ਰਖਣਾ। ਬਿਉਪਾਰ ਸਮਝੋ ਅਕਲੀ ਲੜਾਈ ਹੈ ਵਾਕਬੀ ਲੁਕਾ ਰੱਖਣ ਦੀ।

ਘੋੜ ਦੌੜ ਦੇ ਮੈਦਾਨ ਵਿਚ ਸਾਰੇ ਜਾਂਦੇ ਹਨ। ਆਮ ਭੋਲੀ ਜੰਤਾ ਨੂੰ ਭਾਸ ਰਿਹਾ ਹੁੰਦਾ ਹੈ ਕਿ ਘੋੜੇ ਭੱਜਣਗੇ ਜੇਹੜਾ ਅੱਗੇ ਨਿਕਲ ਜਾਊ ਉਹ ਜਿੱਤ ਜਾਊ ਤੇ ਓਸ ਘੋੜੇ ਉਤੇ ਲਾਣ ਵਾਲੇ ਛੱਟ ਜਾਣਗੇ । ਪਰ ਗੱਲ ਏਨੀਂ ਸਾਦਾ ਨਹੀਂ। ਘੋੜਿਆਂ ਦੇ ਤਬੇਲਿਆਂ ਵਿਚੋਂ ਨਿਕਲ ਕੇ ਸਵਾਰਾਂ ਸਣੇ ਵਿਖਾਵਾ ਦੇਣ ਤੋਂ ਲੈਕੇ ਦੌੜ ਹੋਕੇ ਜੋੜੂ ਦਾ ਪਤਾ ਲਗ ਜਾਣ ਤੀਕ ਬੋ ਓੜਕ ਓਲ੍ਹੇ ਹਨ ਜੋ ਆਮ ਆਦਮੀ ਨੂੰ ਤਾਂ ਕੀ ਨਿੱਤ ਲਾਣ ਵਾਲੇ ਨੂੰ ਭੀ ਨਹੀਂ ਪਤਾ। ਜੇ ਚੰਗੇ ਘੋੜੇ ਹੀ ਸਦਾ ਜਿੱਤਣ ਸਾਰੇ ਚੰਗਿਆਂ ਉੱਤੇ ਦਾਅ ਲਾਣ ਲਗ ਪੈਣ ਤੇ ਮਿਲਣ ਉਨ੍ਹਾਂ ਨੂੰ ਰੁਪਏ ਦੇ ਅਠਾਰਾਂ ਆਨੇ ਭੀ ਮੁਸ਼ਕਲ ਨਾਲ, ਕੀ ਸੁਆਦ ਆਵੇ। ਜੇ ਇਕ ਘੋੜੇ ਉਤੇ ਬਹੁਤਾ ਰੁਪਿਆ ਲਗ ਜਾਵੇ ਐਸਾ ਢੰਗ ਕੀਤਾ ਜਾਂਦਾ ਹੈ ਕਿ ਉਹ ਜਿੱਤੇ ਹੀ ਨਾ ਜਿਸ ਨਾਲ ਦੂਜਿਆਂ ਨੂੰ ਜਿਨ੍ਹਾਂ ਅਣਜਾਣੇ ਘੋੜੇ ਉੱਤੇ ਲਾਇਆ ਹੁੰਦਾ ਹੈ ਇਕ ਇਕ ਰੁਪਏ ਦੇ ਵੀਹ ਵੀਹ ਮਿਲ ਜਾਂਦੇ ਹਨ ਤੇ ਇਕ ਵਾਰ ਜਿੱਤਣ ਦਾ ਸੁਆਦ ਆ ਜਾਂਦਾ ਹੈ। ਸਵਾਰ ਨੂੰ ਇਸ਼ਾਰਾ ਕੀਤਾ, ਉਹ ਸਭ ਕੁਝ ਜਾਣਦਾ ਹੁੰਦਾ ਹੈ, ਯਾ ਤਾਂ ਛੁਟਣ ਲੱਗਿਆਂ ਹੀ ਲਗਾਮ ਖਿੱਚ ਕੇ ਘੋੜੇ ਨੂੰ ਪਿਛੇ ਕਰ ਲੈਂਦਾ ਹੈ ਪਰ ਏਹ ਢੰਗ ਖਰ੍ਹਵਾ ਜਿਹਾ ਹੈ ਲੋਕਾਂ ਨੂੰ ਪਤਾ ਹੁੰਦਾ ਹੈ ਕਿ ਘੋੜਾ ਚੰਗਾ ਹੈ ਸਵਾਰ ਭੀ ਤਜਰਬੇਕਾਰ, ਸਟਾਰਟ ਵਿਚ ਹੀ ਘੋੜਾ ਕਿਵੇਂ ਪਿਛੇ ਰਹਿ ਜਾਵੇ। ਤੇ ਜੇ ਰਹਿ ਜਾਵੇ ਤਾਂ ਉਹ ਅੱਗੇ ਆਪੇ ਹੋ ਜਾਂਦਾ ਹੈ। ਏਦੂੰ ਵਧੇਰੇ ਚਲਾਕੀ ਏਹ ਹੁੰਦੀ ਹੈ ਕਿ ਸਾਰੇ ਰਾਹ ਅੱਗੇ ਅੱਗੇ ਆਏ ਜਦ ਛੇਕੜ ਆਈ ਉਦੋਂ ਜ਼ੋਰ ਘੱਟ ਲਾਇਆ ਯਾ ਲਗਾਮ ਖੱਬੇ ਹੱਥ ਨਾਲ ਖਿੱਚ ਲਈ ਤੇ ਦੂਜੇ ਘੋੜੇ ਨੂੰ ਵਧਣ ਦਿੱਤਾ।

ਕਿਹੜਾ ਕੰਮ ਹੈ ਜਿਸ ਵਿਚ ਓਲ੍ਹਾ ਨਹੀਂ ? ਕਿਹੜਾ ਆਦਮੀ ਹੈ ਜੋ ਮੁਸ਼ਕਲ ਨਾਲ ਪ੍ਰਾਪਤ ਕੀਤੇ ਭੇਤ ਨੂੰ ਯਾ ਵਿੱਦਿਆ ਨੂੰ ਲੋਕਾਂ ਨੂੰ ਵੰਡਦਾ ਫਿਰਦਾ ਹੈ । ਅਜੇਹਾ ਕੋਈ ਨਹੀਂ। ਮਮੂਲੀ ਭੀਖ-ਮੰਗੇ ਨੂੰ ਜੇ ਪਤਾ ਲੱਗ ਜਾਵੇ ਕਿ ਫ਼ਲਾਣੇ ਰਾਹ ਬੜੇ ਲੋਕ ਪੈਂਦੇ ਹਨ ਉਹ ਵਾਹ ਲੱਗਦੀ ਦੂਜਿਆਂ ਨੂੰ ਦੱਸਣਾ ਤਾਂ ਕੀ ਓਨ੍ਹਾਂ ਨੂੰ

ਖੁਸਾਣ ਦੇ ਜਤਨ ਕਰਕੇ ਹੋਰ ਰਾਹਾਂ ਉਤੇ ਭੇਜੇਗਾ ਆਪ ਉਸੇ ਰਾਹ ਜਾਵੇ ਬੈਠੇਗਾ । ਕੇਡੀ ਅਸਚਰਜ ਦੀ ਗੱਲ ਹੈ ਕਿ ਜਾਨਵਰਾਂ ਦੀ ਦੁਨੀਆਂ ਵਿਚ ਓਲ੍ਹਾ ਤੇ ਮਕਰ ਬੇ ਓੜਕ ਵਰਤੇ ਜਾਂਦੇ ਹਨ । ਕੁਦਰਤ ਨੇ ਜਾਨਵਰਾਂ ਨੂੰ ਸਿਖਾਇਆ ਹੈ ਕਿ ਉਹ ਆਪਣੇ ਆਪਣੇ ਥਾਂ ਅਜੇਹੇ ਰੰਗ ਤੇ ਪੋਸ਼ ਧਾਰ ਲੈਣ ਜਿਸ ਨਾਲ ਉਨ੍ਹਾਂ ਦਾ ਸਹਿਜੇ ਪਤਾ ਨਾ ਲੱਗ ਸਕੇ, ਇਸ ਨੂੰ (Camouflage) ਧੁਪ ਛਾਂ ਆਖਦੇ ਹਨ । ਚਿੱਤੇ ਦੇ ਡੱਬ ਅਜੇਹੇ ਹਨ ਕਿ ਬਿਰਛਾਂ ਵਿਚੀਂ ਛਣ ਰਹੀ ਧੁਪ ਨਾਲ ਉਹ ਜੰਗਲ ਵਿਚ ਖਲੋਤਾ ਖਲੋਤਾ ਬਿਰਛ ਬੂਟੇਂ ਘਾਹ ਤੇ ਝਾੜੀਆਂ ਵਿਚ ਇਕ ਜਾਨ ਹੋਕੇ ਛਾਂਈ ਮਾਈਂ ਹੋ ਜਾਂਦਾ ਹੈ । ਕੱਛੂ ਕੁੰਮਾ ਤੁਰਿਆ ਜਾਂਦਾ ਜਾਂਦਾ ਹੱਥ ਪੈਰ ਤੇ ਸਿਰ ਲੁਕਾ ਕੇ ਵੱਟੇ ਵਾਂਗ ਬਣ ਜਾਂਦਾ ਹੈ । ਕੰਡੇਰਨੇ ਨੂੰ ਜਦ ਡਰ ਭਾਸੇ ਝੱਟ ਗੋਲ ਮੋਲ ਹੋ ਕੇ ਕੰਡਿਆਂ ਦਾ ਗੋਲਾ ਬਣ ਜਾਂਦਾ ਹੈ । ਚਿੱਤਲ ਹਰਨਾਂ ਦੇ ਪੋਸ਼ ਦੇ ਚਿੱਤਰ ਅਜੇਹੇ ਹੁੰਦੇ ਹਨ ਕਿ ਝਾੜੀਆਂ ਵਿਚ ਸਾਮ੍ਹਣੇ ਖਲੋਤੇ ਨਹੀਂ ਪਛਾਣੇ ਜਾਂਦੇ। ਅਨੇਕ ਜਾਨਵਰ ਜਦ ਉਨ੍ਹਾਂ ਨੂੰ ਸ਼ਿਕਾਰ ਕਰਨ ਵਾਲਾ ਵੈਰੀ ਜਾਨਵਰ ਦਾ ਸਾਮ੍ਹਣਾ ਹੋਵੇ ਤਾਂ ਮੋਏ ਜਾਨਵਰ ਵਾਂਗ ਸਾਹ ਖਿੱਚ ਕੇ ਪੈ ਜਾਂਦੇ ਹਨ ਜਿਸ ਤੋਂ ਭਾਸੇ ਕਿ ਉਹ ਮਰਿਆ ਪਿਆ ਹੈ । ਲੂੰਮੜੀ ਦਾ ਤਾਂ ਨਾਉਂ ਹੀ ਮਕਰੀ ਹੈ । ਗਿਰਗਟ ਕਿੰਨੇ ਰੰਗ ਬਦਲਦਾ ਹੈ ਵੇਂਹਦਿਆਂ ਵੇਂਹਦਿਆਂ । ਸਮੁੰਦਰ ਵਿਚ ਇਕ ਮੱਛੀ ਅਜੇਹੀ ਹੈ ਕਿ ਜਦ ਉਸਦੇ ਪਿੱਛੇ ਸ਼ਿਕਾਰੀ ਵੱਡੀ ਮੱਛੀ ਪੈਂਦੀ ਹੈ ਉਹ ਪੂਛ ਵਿਚੋਂ ਕਾਲੀ ਸਿਆਹੀ ਛੱਡਕੇ ਪਾਣੀ ਕਾਲਾ ਕਰ ਦਿੰਦੀ ਹੈ ਜਿਸ ਨਾਲ ਸ਼ਿਕਾਰੀ ਮੱਛੀ ਅਉਟਲ ਜਾਂਦੀ ਹੈ । ਅਸਲ ਵਿਚ ਜੇ ਵੇਖਿਆ ਜਾਵੇ ਆਦਮੀ ਦੀਆਂ ਫੌਜਾਂ ਨੇ ਇਕ ਦੂਜੇ ਨੂੰ ਧੋਖਾ ਦੇਕੇ ਕੁਰਾਹ ਪਾਣ ਦਾ ਹੁਨਰ ਸਿਖਿਆ ਹੀ ਕੁਦਰਤ ਤੇ ਉਸ ਦੇ ਜਾਨਵਰਾਂ ਤੋਂ ਹੈ ।

ਜੇਹੜਾ ਆਦਮੀ ਕੋਈ ਨਵੀਂ ਕਾਢ ਕੱਢਦਾ ਹੈ ਉਸ ਨੂੰ ਰਜਿਸਟਰ ਕਰਾਕੇ ਉਸ ਦਾ (Patent) ਪੇਟੈਂਟ ਆਪਣੇ ਨਾਉਂ ਕਰਾਂਦਾ ਹੈ ਤਾਂ ਜੋ ਹੋਰ ਕੋਈ ਉਸਨੂੰ ਬਣਾ ਨਾ ਸਕੇ । ਲੱਖਾਂ ਦਵਾਈਆਂ ਰੋਜ਼ ਵਰਤੀਆਂ ਜਾਂਦੀਆਂ ਹਨ ਜੋ ਬਿਲਕੁਲ ਮਮੂਲੀ ਦਵਾਈਆਂ ਦੇ ਜੋੜ ਹਨ ਪਰ ਜੋੜ ਦੀਆਂ ਦਵਾਈਆਂ ਇਕ ਭੇਤ ਹੈ ਜੋ ਹਰ ਇਕ ਨੂੰ ਪਤਾ ਨਹੀਂ ਜਿਨ੍ਹਾਂ ਨੂੰ ਪਤਾ ਹੈ ਉਹ ਬਣਾ ਨਹੀਂ ਸਕਦੇ । ਜੋ ਸਫਲ ਵਿਉਪਾਰੀ ਹੈ ਸਮਝੋ ਉਹ ਕਿਸੇ ਨਾ ਕਿਸੇ ਗੁੱਝੀ ਗੱਲ ਨੂੰ ਵਰਤ ਕੇ ਧਨਾਢ ਹੋਇਆ ਹੈ । ਹੈਨਰੀ ਫੋਰਡ ਨੂੰ ਸਭ ਤੋਂ ਪਹਿਲੋਂ ਏਹ ਫੁਰਨਾ ਫੁਰਿਆ ਹੈ । ਮੋਟਰਾਂ ਪਹਿਲੋਂ

ਭੀ ਲੋਕ ਬਣਾਂਦੇ ਸਨ ਪਰ ਬਹੁਤ ਮਹਿੰਗੀਆਂ। ਫੋਰਡ ਨੇ ਉਹ ਮੋਟਰ ਬਣਾਈ ਜੋ ਸੁਵੱਲੇ ਪਣੇ ਤੇ ਅਰਥ ਵਿਚ ਸਭ ਨੂੰ ਮਾਤ ਕਰ ਗਈ।

ਯੂਰਪ ਤੇ ਅਮਰੀਕਾ ਦੇ ਕਾਰਖ਼ਾਨਿਆਂ ਨੂੰ ਵੇਖਣ ਜਾਉ ਅੱਵਲ ਤਾਂ ਵੇਖਣ ਦੀ ਆਗਿਆ ਹੀ ਨਹੀਂ, ਜੇ ਵਿਖਾਣ ਭੀ ਤਾਂ ਉਨਾਂ ਕੂ ਵਿਖਾਂਦੇ ਹਨ ਜਿਸ ਵਿਚ ਕੁਛ ਲੁਕਾਣਾ ਨਾ ਹੋਵੇ। ੧੯੧੪-੧੮ ਦੀ ਜੰਗ ਵਿਚ ਅੰਗਰੇਜ਼ਾਂ ਦੀ ਮਮੂਲੀ ਗਲਤੀ ਨੇ ਓਹਨਾਂ ਨੂੰ ਬੜਾ ਪਿੱਛੇ ਸੁੱਟ ਦਿਤਾ। ਅੰਗਰੇਜ਼ੀ ਜਹਾਜ਼ ਪਕੜੇ ਜਾਣ ਨਾਲ ਉਸ ਵਿਚੋਂ ਉਹ ਗੁਪਤ ਕੋਡ ਪਕੜਿਆ ਗਿਆ ਜਿਸ ਰਾਹੀਂ ਅੰਗਰੇਜ਼ ਕਮਾਂਡਰ ਆਪਣੀਆਂ ਫ਼ੌਜਾਂ ਨੂੰ ਹੁਕਮ ਭੇਜਿਆ ਕਰਦਾ ਸੀ।

ਜਿੰਨਾਂ ਚਿਰ ਜਰਮਨਾਂ ਨੂੰ ਏਸ ਭੇਤ ਦਾ ਪਤਾ ਰਿਹਾ ਉਹਨਾਂ ਨੂੰ ਅੰਗਰੇਜ਼ੀ ਫ਼ੌਜਾਂ ਦੀ ਗਤੀ ਦਾ ਸਭ ਪਤਾ ਲਗਦਾ ਰਿਹਾ। ਏਸ ਪਿਛਲੀ ਲੜਾਈ ਵਿਚ ਜਰਮਨਾਂ ਦਾ ਕੋਡ ਅੰਗਰੇਜ਼ਾਂ ਪਕੜ ਲਿਆ ਤੇ ਚੰਗਾ ਫ਼ਾਇਦਾ ਪ੍ਰਾਪਤ ਕੀਤਾ। ਏਸੇ ਤਰ੍ਹਾਂ ਬਹੁਤ ਸਾਰੀ ਸਫਲਤਾ ਉਹਨਾਂ ਨੂੰ ਹੋਈ ਹੈ ਜਿਨ੍ਹਾਂ ਨੂੰ ਕੋਈ ਅਜੇਹੀ ਗੱਲ ਹੱਥ ਲਗ ਜਾਵੇ ਜਿਸ ਦਾ ਆਮ ਲੋਕਾਂ ਨੂੰ ਨਾ ਪਤਾ ਹੋਵੇ। ਮੁਨੀਮੀ ਦੇ ਟਾਈਪ ਚਿੱਠੀ ਪਤ੍ਰ ਕਰਦੇ ਕਰਦੇ ਨੌਕਰ ਚਾਕਰ ਮਾਲਕਾਂ ਦੇ ਬਰਾਬਰ ਦੇ ਵਿਉਪਾਰੀ ਬਣ ਜਾਂਦੇ ਹਨ। ਨਿਤ ਦੇ ਸੌਦਿਆਂ ਨਾਲ ਤੇ ਚਿੱਠੀ ਪਤ੍ਰ ਤੋਂ ਉਸ ਖ਼ਾਸ ਵਿਆਪਾਰ ਦਾ ਸਾਰਾ ਚਾਨਣਾ ਓਹਨਾਂ ਨੂੰ ਹੋ ਜਾਂਦਾ ਹੈ ਤੇ ਆਪ ਅੱਡਰਾ ਕੰਮ ਕਰਨ ਲੱਗ ਪੈਂਦੇ ਹਨ।

ਜੇ ਸਫਲ ਹੋਣਾ ਹੈ ਕੋਈ ਭੇਤ ਲਭ ਲਓ, ਭਾਵੇਂ ਮਮੂਲੀ ਸਿਆਹੀ ਬਨਾਣ ਦਾ ਨੁਸਖਾ ਹੋਵੇ ਯਾ ਬੁਲ੍ਹਾਂ ਦੀ ਲਾਲੀ ਹੋਵੇ ਤੇ ਯਾ ਬੂਟ ਰੋਗਨ ਦਾ ਹੋਵੇ। ਪਿਛਲੀ ਲੜਾਈ ਵਿਚ ਜਰਮਨ ਸਾਇੰਸਦਾਨ ਐਟਮ ਬੰਬ ਬਨਾਣ ਦੇ ਨੇੜੇ ਢੁੱਕੇ ਹੋਏ ਸਨ ਪਰ ਕੁਦਰਤ ਨੂੰ ਮਨਜ਼ੂਰ ਨਹੀਂ ਸੀ। ਕੁਛ ਚਿਰ ਏਹੀ ਤਲਾਸ਼ ਲੱਗ ਰਹੀ ਕਿ ਜੇਹੜਾ ਜਰਮਨ ਸਾਇੰਸਦਾਨ ਮਿਲੇ ਉਸ ਨੂੰ ਪਕੜ ਕੇ ਪਿਛੇ ਭੇਜ ਦਿਓ। ਏਧਰ ਅੰਗਰੇਜ਼ ਤੇ ਅਮਰੀਕਨ ਏਸ ਖੋਜ ਵਿਚ ਸਨ ਓਧਰੋਂ ਰੂਸੀ। ਦੋਹਾਂ ਨੂੰ ਐਟਮ ਬੰਬ ਦੇ ਨੁਸਖ਼ੇ ਦਾ ਜਰਮਨਾਂ ਤੋਂ ਪਤਾ ਲੱਗ ਗਿਆ ਪਰ ਅਮਰੀਕਨ ਤੇਜ਼ੀ ਕਰਕੇ ਅਤੇ ਵੱਡੀ ਪਹੁੰਚ ਵਾਲੇ ਹੋਣ ਕਰਕੇ ਪਹਿਲੋਂ ਬਣਾ ਗਏ ਤੇ ਜੰਗ ਦੇ ਐਟਮ ਬੰਬਾਂ ਨਾਲ ਜਿੱਤੀ ਗਈ। ਉਸ ਤੋਂ ਪਿਛੋਂ ਅਮਰੀਕਨ ਤੇ ਰੂਸੀ ਇਕ ਦੂਜੇ ਤੋਂ ਓਹਲਾ ਰਖ ਕੇ ਐਟਮ

ਬੰਬ ਨੂੰ ਵਧੇਰੇ ਪੱਕਿਆਂ ਕਰਦੇ ਰਹੇ, ਹੁਣ ਅੰਗਰੇਜ਼ਾਂ ਨੂੰ ਤੇ ਫਰਾਂਸ ਨੂੰ ਭੀ ਭੇਤ ਲਗ ਗਿਆ ਹੈ ਤੇ ਕੁਛ ਹੋਰ ਦੇਸਾਂ ਨੂੰ ਭੀ ਪਰ ਖ਼ਰਚ ਦੀ ਕਮਜ਼ੋਰੀ ਤੋਂ ਡਰਦੇ ਹਨ।

ਹੁਣ ਇਹ ਹਾਲਤ ਹੈ ਕਿ ਜੰਗੀ ਤਿਆਰੀ ਦਾ ਓਲ੍ਹਾ ਸਾਰੇ ਮੁਲਕ ਖ਼ਾਸ ਕਰ ਅਮਰੀਕਾ ਰੂਸ ਤੇ ਬਰਤਾਨੀਆਂ ਕਰ ਰਹੇ ਹਨ ਜਿਸ ਕਰਕੇ ਸਾਰਿਆਂ ਨੂੰ ਇਕ ਦੂਜੇ ਦਾ ਡਰ ਹੈ। ਜਿਵੇਂ ਹਨੇਰੇ ਵਿਚ ਤਾੜੇ ਹੋਏ ਵੈਰੀਆਂ ਨੂੰ ਇਕ ਦੂਜੇ ਦਾ ਡਰ ਹੁੰਦਾ ਹੈ ਕਿ ਖ਼ਬਰੇ ਅਗਲੇ ਦੇ ਹਥ ਵਿਚ ਕੀ ਹੈ, ਜੰਗ ਛੇੜਨ ਨੂੰ ਕੋਈ ਤਿਆਰ ਨਹੀਂ ਅਤੇ ਦੁਨੀਆਂ ਇਕ ਮਹਾਨ ਭਿਆਨਕ ਜੰਗ ਤੋਂ ਬਚੀ ਹੋਈ ਹੈ।

ਲੋਕਾਂ ਉਤੇ ਜਾਦੂ ਪਾਉਣ ਲਈ ਬਾਰੀਕ ਗੰਢੇ ਦੇ ਪੱਤ ਵਰਗਾ ਪਰਦਾ ਬੜਾ ਕੰਮ ਕਰਦਾ ਹੈ, ਅੰਦਰਲੀ ਚੀਜ਼ ਦਿਸਦੀ ਵੀ ਰਹੇ ਪਰ ਪੂਰਾ ਨਾ ਦਿੱਸੇ। ਥੀਏਟਰ ਦੇ ਅੰਦਰ ਏਸ ਕਰਕੇ ਸਾਰੇ ਹੀ ਦੂਰੋਂ ਉਹਨਾਂ ਦੇ ਪੌਡਰਾਂ ਤੇ ਸਜਾਵਟਾਂ ਵਿਚੀਂ ਚੰਗੇ ਲਗਦੇ ਹਨ ਭਾਵੇਂ ਅਸਲ ਵਿਚ ਬਦਸ਼ਕਲ ਹੀ ਹੋਣ। ਵੇਖਣ ਵਾਲਿਆਂ ਨੂੰ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਜੇ ਅਗੋਂ ਕੋਈ ਨਿਸੰਗ ਹੋ ਕੇ ਝਾਕਾ ਦੇ ਰਿਹਾ ਹੋਵੇ ਆਪ ਹਟ ਜਾਣ, ਦੂਰ ਰਹਿਣ, ਅੱਖੀਆਂ ਚੁਕ ਕੇ ਨਾ ਵੇਖਣ। ਕੁਝ ਆਦਮੀਆਂ ਨੂੰ ਪਰਦੇ ਪਾੜਨ ਅਤੇ ਹਰ ਇਕ ਚੀਜ਼ ਨੂੰ ਮੂਲੋਂ ਨੇੜੇ ਹੋ ਕੇ ਵੇਖਣ ਦੀ ਭੈੜੀ ਜੇਹੀ ਵਾਦੀ ਹੁੰਦੀ ਹੈ। ਭਾਵੇਂ ਕੋਡੀ ਉਮਰ ਦੇ ਹੋਣ ਕੋਲ ਦੀ ਕੋਟੀ ਲੰਘੇ ਸਗੋਂ ਅੱਖਾਂ ਟਡ ਟਡ ਵੇਖਦੇ ਹਨ, ਜੇ ਥੀਏਟਰ ਜਾਣ ਤਾਂ ਦੂਰਬੀਨੀ ਸ਼ੀਸ਼ੀ ਨਾਲ ਲਿਜਾਂਦੇ ਹਨ, ਥੀਏਟਰ ਦੇ ਪਰਦਿਆਂ ਨੂੰ ਪਾੜ ਕੇ ਪਿਛੇ ਵੇਖਣ ਤੀਕ ਜਾਂਦੇ ਹਨ। ਏਸ ਬਿਰਤੀ ਨਾਲ ਓਹਨਾਂ ਦੀ ਆਪਣੀ ਮੌਜ ਅੱਧੀ ਭੀ ਨਹੀਂ ਰਹਿ ਜਾਂਦੀ। ਦੂਰ ਰਹਿਣ, ਤਮਾਸ਼ੇ ਨੂੰ ਪਤਲੀ ਜੇਹੀ ਧੁੰਦ ਵਿਚੀਂ ਵੇਖਣ ਦਾ ਸੁਆਦ ਬਹੁਤ ਹੁੰਦਾ ਹੈ। ਦੂਰਬੀਨ ਨਾਲ ਤਾਂ ਸਗੋਂ ਸੁੰਦਰ ਚੇਹਰਿਆਂ ਦੀਆਂ ਭੀ ਤਿਊੜੀਆਂ ਤੇ ਬਲ ਦਿੱਸਣ ਲੱਗ ਪੈਂਦੇ ਹਨ। ਜੇ ਅਸੀਂ ਆਖੀਏ ਕਿ ਥੀਏਟਰ ਦੇ ਪਰਦੇ ਦੇ ਪਿਛੇ ਯਾ ਸਰਕਸ ਵਾਲਿਆਂ ਦੇ ਅੰਦਰ ਉਹਨਾਂ ਨੂੰ ਉਹਨਾਂ ਦੇ ਤਿਆਰੀ ਤੇ ਸਜਾਵਟ ਦੇ ਥਾਂ ਵੇਖਣਾ ਹੈ, ਵੇਖ ਲਓ ਨਿਸੰਗ ਪਰ ਜਦ ਤਮਾਸ਼ਾ ਵੇਖਣ ਲੱਗੋਗੇ ਤਾਂ ਸੁਆਦ ਅੱਧਾ ਰਹਿ ਜਾਵੇਗਾ। ਥੀਏਟਰ ਵਾਲਿਆਂ ਨੂੰ ਕੰਘੇ ਪੱਟੀ ਕਰਦਿਆਂ ਚੇਹਰਿਆਂ ਦੇ ਐਬ ਢਕਦਿਆਂ ਤੇ ਸਰਕਸ ਵਾਲਿਆਂ ਘੋੜੇ ਮਾਸਟਰਾਂ

ਨੂੰ ਉਹਨਾਂ ਦੇ ਟੁੱਟੇ ਮੰਜਿਆਂ ਅਤੇ ਨੌਕਰਾਂ ਵਾਲੇ ਕਮਰਿਆਂ ਵਿਚ ਵੇਖ ਕੇ ਕੀ ਪ੍ਰਾਪਤ ਹੁੰਦਾ ਹੈ, ਸਗੋਂ ਸੁਆਦ ਜਾਂਦਾ ਰਹਿੰਦਾ ਹੈ । ਤਮਾਸ਼ੇ ਵਾਲੇ ਦਾ ਆਰਟ ਜਿਵੇਂ ਉਹ ਵਿਖਾਣਾ ਚਾਹੇ ਉਸੇ ਤਰ੍ਹਾਂ ਵੇਖਣਾ ਚਾਹੀਦਾ ਹੈ ਨਾ ਕਿ ਅੰਬ ਫਰੋਲ ਕੇ ਜਿਵੇਂ ਸਿਰ ਵਿਚੋਂ ਜੂਆਂ ਕੱਢੀ ਦੀਆਂ ਹਨ ।

ਬਾਹਲੀ ਫੋਲਾ ਫਾਲੀ ਕਰਨ ਵਾਲੇ ਕਦੇ ਸੁਆਦ ਨਹੀਂ ਲੈ ਸਕਦੇ । ਉਹਨਾਂ ਭਾਣੇ ਤਮਾਸ਼ਾ ਉਹ ਨਹੀਂ ਜੋ ਵਿਖਾਇਆ ਜਾ ਰਿਹਾ ਹੁੰਦਾ ਹੈ, ਉਹ ਸਮਝਦੇ ਹਨ ਕਿ ਤਮਾਸ਼ਾ ਓਹਨਾਂ ਦਾ ਉਪਰਲੀ ਸਜਾਵਟ ਦੀ ਤਹਿ ਦੇ ਹੇਠ ਕੁਛ ਹੋਰ ਚੀਜ਼ ਹੈ । ਅਜੇਹਾ ਆਦਮੀ ਜੋ ਥੋੜੇ ਘਣੇ ਓਲ੍ਹੇ ਨੂੰ ਤੇ ਉਪਰਲੇ ਪਰਦੇ ਨੂੰ ਜੀ ਆਇਆਂ ਨਾ ਆਖੇ ਕਦੇ ਖ਼ੁਸ਼ੀ ਪਰਾਪਤ ਨਹੀਂ ਕਰ ਸਕਦਾ । ਆਪ ਓਲ੍ਹਾ ਕਰਨਾ ਤੇ ਅਗਲੇ ਦਾ ਓਲ੍ਹਾ ਝੱਲ ਲੈਣਾ ਸਿਆਣਪ ਹੈ ।

ਮਨ ਦੀ ਮੌਜ

'ਸੁੰਦਰ ਨੈਨ ਮਿਰਗਨ ਕੋ ਦੀਨੇ, ਡੋਲਤ ਫਿਰਤ ਉਜਾੜੀ......ਰੇ ਊਧੋ, ਕਰਮਨ ਕੀ ਗਤ ਨਿਆਰੀ।' ਮਿਰਗ ਐਡਾ ਸੁੰਦਰ ਜਾਨਵਰ, ਜਿਸ ਦੀਆਂ ਤਸਵੀਰਾਂ ਖਿੱਚ ਖਿੱਚ ਚਿਤ੍ਰਕਾਰ ਕਦੇ ਨਹੀਂ ਥੱਕੇ, ਜਿਸ ਦੀ ਮੂਰਤ ਕਸ਼ੀਦਾ-ਕਾਰੀ ਵਿਚ ਫੁਲਕਾਰੀਆਂ ਉਤੇ ਉਤਾਰ ਉਤਾਰ ਰੰਗੀਨ ਮਹਿੰਦੀਆਂ ਵਾਲੇ ਹੱਥ ਨਹੀਂ ਅੱਕੇ-ਉਹ ਕਿਉਂ ਉਜਾੜਾਂ ਵਿਚ ਡੋਲਦਾ ਫਿਰਦਾ ਹੈ ? ਕਦੇ ਮਟਕ ਮਟਕ ਕਦੇ ਹੌਲੀ ਹੌਲੀ, ਕਦੇ ਚੌਕੜੀਆਂ ਭਰਦਾ। ਕਹਿੰਦੇ ਹਨ ਓਹ ਕਸਤੂਰੀ ਭਾਲਦਾ ਹੈ, ਕਸਤੂਰੀ ਦੀ ਸੁਗੰਧੀ ਉਸ ਨੂੰ ਉਸ ਦੇ ਆਪਣੇ ਉਦਰ ਤੋਂ ਆਉਂਦੀ ਹੈ, ਪਰ ਉਸ ਨੂੰ ਪਤਾ ਨਹੀਂ ਲਗਦਾ। ਉਹ ਸਮਝਦਾ ਹੈ ਕਿਧਰੋਂ ਬਾਹਰੋਂ ਆ ਰਹੀ ਹੈ। ਉਸ ਸੁਗੰਧੀ ਪਿਛੇ ਹੈਰਾਨ ਪਰੇਸ਼ਾਨ ਹੋਇਆ ਪਿਆ ਭੌਂਦਾ ਰਹਿੰਦਾ ਹੈ।

ਬੜਾ ਸੁੰਦਰ ਉਦਾਹਰਣ ਹੈ ਮਨੁਖ ਦੀ ਆਪਣੀ ਦਸ਼ਾ ਦਾ। ਮਨੁਖ ਜਿਸ ਦੇ ਅੰਦਰੋਂ ਇਤਿਹਾਸ, ਸਾਇੰਸਾਂ, ਫਿਲਸਫੇ, ਧਰਮ, ਵੇਦ ਸ਼ਾਸਤ੍ਰ ਗਿਆਨ ਨਿਕਲੇ, ਇਕ ਟੁੱਕ ਦੀ ਬੁਰਕੀ ਲਈ ਘਰੋਂ ਤੁਰ ਨਿਕਲਦਾ ਹੈ, ਦਰ ਦਰ ਰੁਲਦਾ ਤੇ ਸਾਰੀ ਉਮਰ ਧੱਕੇ ਖਾਂਦਾ ਹੈ। ਉਸ ਨੂੰ ਕੌਣ ਦੱਸੇ ਕਿ ਸਭ ਕੁਝ ਤੇਰੇ ਅੰਦਰ ਹੈ ਤੇ ਜੇ ਕੋਈ ਦੱਸੇ ਵੀ ਉਸ ਨੂੰ ਵਿਸ਼ਵਾਸ਼ ਕਿਵੇਂ ਆਵੇ ? ਉਸ ਦੇ ਅੰਦਰ ਇਕ ਵੱਡਾ ਕੌਤਕੀ ਬੈਠਾ ਹੈ, ਮਨ। ਏਹ ਮਨ ਇਕ ਜਾਦੂਗਰ ਹੈ ਜਿਧਰ ਲਾ ਦਿਉ, ਓਧਰ ਹੀ ਕਮਾਲ ਕਰ ਦਿੰਦਾ ਹੈ। ਮਾਯਾ ਵੱਲ ਲਾ ਦਿਉ ਮਾਇਆ ਦੇ ਢੇਰ ਲਾ ਦੇਂਦਾ ਹੈ, ਗਿਆਨ ਆ ਜਾਵੇ ਤਾਂ ਮਾਇਆ ਤਿਆਗ ਕੇ ਆਪ ਰੱਬ ਹੀ ਬਣ ਜਾਂਦਾ ਹੈ। ਇਸ ਵਿਚ ਰੰਚਕ ਮਾਤਰ ਸ਼ਕ ਨਹੀਂ ਕਿ ਮਨ ਤੇ ਰਬ ਵਿਚ ਮਾੜਾ ਜਿਹਾ ਹੀ ਓਹਲਾ ਹੈ। ਰੱਬ ਤੋਂ ਛੁੱਟ ਕੁਛ ਹੈ ਨਹੀਂ। ਮਨੁੱਖੀ ਮਨ ਹੀ ਇਕ ਅਜੇਹੀ ਥਾਂ ਜਾਪਦੀ ਹੈ ਜਿੱਥੇ ਰੱਬ ਲੁਕ ਕੇ ਵਾਸ ਕਰ ਸਕਦਾ ਹੈ। ਲੋੜ ਹੈ ਕਿ ਆਦਮੀ ਏਸ ਮਨ ਨੂੰ ਖੋਜੇ, ਜਿਵੇਂ ਸੋਨੇ ਚਾਂਦੀ ਦੀਆਂ ਖਾਣਾਂ ਦਾ ਖੋਜੀ ਪਹਾੜਾਂ ਨੂੰ ਪੁੱਟ ਪੁੱਟ ਕੇ ਲੱਭਦਾ ਹੈ। ਪਰ ਹਿਰਨ ਵਾਂਗ ਆਦਮੀ ਆਪਣੇ ਅੰਦਰ ਖੋਜਣ ਦੀ ਥਾਂ ਬਾਹਰ ਲੱਭਦਾ ਫਿਰਦਾ ਹੈ। ਕਦੇ ਉਹ ਸਮਝਦਾ ਹੈ ਖਾਣ ਤੇ ਪੀਣ ਵਿਚ ਖੁਸ਼ੀ ਹੈ, ਕਦੇ ਸਮਝਦਾ ਹੈ ਇਸਤ੍ਰੀ

ਕੁਟੰਬ ਵਿਚ ਰੱਜ ਹੈ, ਕਦੇ ਦੌਲਤ ਵਿਚ, ਕਦੇ ਹੋਰ ਅਨੇਕਾਂ ਵਿਸ਼ਿਆਂ ਵਿਚ। ਪਰ ਸਭ ਧੋਖਾ ਹੈ, ਬਿਰਛ ਦੀ ਛਾਉਂ ਹੈ ਜੋ ਹੁਣ ਹੈ, ਪਲ ਕੁ ਨੂੰ ਨਹੀਂ ਰਹਿਣੀ।

ਮਨ ਦੇ ਖੋਜੀ ਨੂੰ ਮਨ ਵਿਚ ਹੀ ਸਾਰੀਆਂ ਦੌਲਤਾਂ ਹਨ। ਮਨ ਵਿਚ ਹੀ ਬਿਸਰਾਮ ਹੈ, ਮਨ ਵਿਚ ਹੀ ਨਰਕ ਸੁਰਗ ਹਨ। ਬਾਹਰੋਂ ਉਸ ਨੂੰ ਨਾ ਕਿਸੇ ਨਾਲ ਪਿਆਰ ਨਾਂ ਡਰ ਨਾ ਭੈ। ਮਨ ਦੀ ਮੌਜ ਹੀ ਉਸ ਦੀ ਵੱਡੀ ਮੌਜ ਹੈ। ਜਿਸ ਰੰਗ ਵਿਚ ਮਨ ਬਾਹਰ ਦੀਆਂ ਚੀਜ਼ਾਂ ਨੂੰ ਰੰਗਣਾ ਚਾਹੇ ਓਹੀ ਰੰਗ ਚੜ੍ਹ ਜਾਂਦਾ ਹੈ। ਵੱਡੇ ਤੋਂ ਵੱਡੇ ਸਰੀਰ ਦੇ ਦੁਖ ਨੂੰ ਮਨ ਝੱਲ ਹੀ ਨਹੀਂ ਲੈਂਦਾ ਸਗੋਂ ਜਦ ਸਰੀਰ ਕਸ਼ਟ ਝੱਲ ਰਿਹਾ ਹੁੰਦਾ ਹੈ ਮਨ ਉਸੇ ਵਿਚੋਂ ਆਪਣੀ ਮੌਜ ਨਾਲ ਸੁਖ ਲੈ ਰਿਹਾ ਹੁੰਦਾ ਹੈ। ਆਸ਼ਕ ਕਿਉਂ ਸੂਲੀ ਉੱਤੇ ਚੜ੍ਹਨ ਨੂੰ ਤਿਆਰ ਰਹਿੰਦਾ ਹੈ ? ਕਿਉਂਕਿ ਸਰੀਰ ਨੂੰ ਸੂਲੀ ਦਾ ਦੁਖ ਕੁਛ ਚੀਜ਼ ਨਹੀਂ ਉਸ ਆਨੰਦ ਦੇ ਮੁਕਾਬਲੇ ਵਿਚ ਜੋ ਉਸ ਦੇ ਮਨ ਨੂੰ ਆਵੇਗਾ ਕਿ ਉਹ ਆਪਣੇ ਮਹਿਬੂਬ ਦੇ ਹੁਕਮ ਵਿਚ ਸੂਲੀ ਚੜ੍ਹ ਰਿਹਾ ਹੈ। ਮਹੀਂਵਾਲ ਨੂੰ ਪੱਟ ਚੀਰ ਕੇ ਦੇਣ ਵਿਚ ਓਨੀਂ ਖੁਸ਼ੀ ਨਹੀਂ ਹੋਈ ਹੋਣੀ ਜਿੰਨਾ ਆਪਣਾ ਸਰੀਰ ਦੇਣ ਵਿਚ ਹੁੰਦੀ ਜੇ ਸੋਹਣੀ ਜਾਨ ਮੰਗਦੀ।

"ਜਿੰਦ ਤੇਰੇ ਹਵਾਲੇ ਕੀਤੀ-ਜਿੰਦ ਦੀਆਂ ਵੱਟ ਪੂਣੀਆਂ"

ਵੱਡੇ ਤੋਂ ਵੱਡੇ ਦੁਨੀਆਂ ਦੇ ਸੁਖ, ਰਾਜ ਮਾਲ, ਹਕੂਮਤ ਸਾਇੰਸ ਦੇ ਅਲਖ ਭੇਤ, ਹੁਸਨ, ਐਸ਼ਾਂ ਸਭ ਨੂੰ ਮਨ ਅਜੇਹੀ ਰੰਗਣ ਵਿਚ ਪੇਸ਼ ਕਰ ਸਕਦਾ ਹੈ ਕਿ ਸਭ ਹੇਚ ਬਣ ਜਾਣ, ਤੇ ਅਸਲੀ ਬਾਦਸ਼ਾਹੀ ਏਹੀ ਹੁੰਦੀ ਹੈ ਜਦ ਬਾਦਸ਼ਾਹੀਆਂ ਦੀ ਭੁਖ ਹੀ ਨਾ ਰਹੇ।

ਗੋਪੀਆਂ ਨੂੰ ਕਿਸੇ ਮਾਲਾ ਫੇਰਨ ਵਾਲੇ ਨੇ ਆ ਕੇ ਆਖਿਆ, ਕ੍ਰਿਸ਼ਨ ਕ੍ਰਿਸ਼ਨ ਲਾਈ ਹੈ ? ਆਓ ਰਾਮ ਸਿਮਰੋ, ਤੁਹਾਡੀ ਕਲਿਆਨ ਹੋ ਜਾਵੇਗੀ। ਗੋਪੀਆਂ ਆਖਣ ਲੱਗੀਆਂ :

'ਊਧੋ, ਮਨ ਨਾ ਭਏ ਦਸ ਬੀਸ' ਅਫ਼ਸੋਸ ਕਿ ਦਸ ਵੀਹ ਮਨ ਨਹੀਂ ਹਨ ਜੋ ਅਸੀਂ ਥਾਂ ਥਾਂ ਦੇ ਦੇਂਦੀਆਂ।

'ਏਕ ਹੁਤੋ ਸੋ ਗਇਓ ਸਿਯਾਮ ਸੰਗ ਕੋ ਅਰਾਧੇ ਈਸ' ਇਕੋ ਮਨ ਸੀ ਝੁੱਗੇ ਵਿਚ, ਜੋ ਸਿਆਮ ਜੀ ਨਾਲ ਚਲਿਆ ਗਿਆ। ਹੁਣ ਕੇਹੜਾ ਰਬ ਜੀ ਨੂੰ ਧਿਆਉਂਦਾ ਫਿਰੇ ?

ਈਸ਼ਵਰ ਅਰਾਧਨਾ ਦੀ ਭੀ ਪਰਵਾਹ ਨਾ ਰਹੀ-ਕਿਸ ਨੂੰ, ਮਨ ਨੂੰ। ਮਨ ਵਿਚ ਜਦ ਆਪ ਅਟੱਲ ਬਾਦਸ਼ਾਹੀ ਆ ਜਾਵੇ ਤਾਂ ਰਬ ਨੂੰ ਅਰਾਧਣਾ ਕੀ, ਆਪ ਹੀ ਮਨ ਰਬ ਬਣ ਜਾਂਦਾ ਹੈ, ਕੋਈ ਭੇਦ ਹੀ ਨਹੀਂ ਰਹਿ ਜਾਂਦਾ।

ਜਿਨਾਂ ਚਿਰ ਕਿਸੇ ਚੀਜ਼ ਦੀ ਭੁੱਖ ਹੈ ਮਨ ਕੰਗਾਲ ਹੈ ਮੰਗਤਾ ਹੈ। ਜਦ ਭੁੱਖ ਦੀ ਅਲਖ ਹੀ ਮੁਕਾ ਦਿੱਤੀ, ਅੰਦਰ ਬੈਠ ਕੇ ਤੇ ਸਭ ਝਾਕਾਂ ਤਜ ਕੇ, ਸਭ ਬਾਦਸ਼ਾਹੀਆਂ ਦਰ ਵਿਚ ਆ ਖਲੋਂਦੀਆਂ ਹਨ। ਮਨ ਦੀ ਮੌਜ ਵਿਚ ਸਾਰੀਆਂ ਮੌਜਾਂ ਹਨ। ਸਾਰੇ ਭੋਗਾਂ ਨੂੰ ਭੋਗ ਕੇ ਸੁਆਦ ਲੈਣ ਵਾਲਾ ਮਨ ਹੀ ਹੈ। ਸਿਨੇਮਾ ਵਿਚ ਬੈਠਿਆਂ ਆਸ਼ਕ ਮਸ਼ੂਕ ਦੀ ਤਸਵੀਰ ਵੇਖਦਿਆਂ ਦਰਸ਼ਕ ਨੂੰ ਖ਼ਿਆਲ ਆਇਆ, "ਮੈਂ ਇਕੱਲਾ ਸਿਨੇਮਾ ਦੇਖ ਰਿਹਾ ਹਾਂ ਮੇਰੀ ਪਿਆਰੀ ਤਾਂ ਹੈ ਨਹੀਂ।" ਸਿਨੇਮਾ ਦਾ ਪਰਦਾ ਝਾਉਲਾ ਪੈ ਗਿਆ, ਕਹਾਣੀ ਭੁੱਲ ਗਈ। ਉੱਠਿਆ ਉਠ ਕੇ ਬਾਹਰ ਚਲਿਆ ਗਿਆ। ਯਾਰਾਂ ਬਿਨਾਂ ਕੀ ਤਮਾਸ਼ੇ ਤੇ ਕੀ ਖੇਲ੍ਹ? ਯਾਰ ਮਿਲ ਗਏ, ਯਾਰਾਂ ਤੋਂ ਗੁਲਜ਼ਾਰ ਬਣ ਗਿਆ, ਫੁੱਲ ਭੀ ਖਿੜੇ, ਨਾਲ ਕੰਡੇ ਭੀ ਉੱਠੇ-ਫਿਰਾਂ ਪਿਛੋਂ—ਜਦ ਸਾਰਾ ਸੁਆਦ ਲੈ ਚੁੱਕਾ ਜਦ ਯਾਰਾਂ ਤੇ ਬਹਾਰਾਂ ਦੇ ਰੰਗ ਫਿੱਕੇ ਪੈ ਗਏ, ਕਾਲਿਆਂ ਤੋਂ ਧੌਲੇ ਹੋ ਗਏ, ਇਕ ਦਿਨ ਮਨ ਨੇ ਫੇਰ ਕਰਵਟ ਬਦਲੀ, ਆਖਣ ਲਗਾ ਕੀ ਪਿਆ ਹੈ ਏਸ ਸਿਨੇਮੇ ਵਿਚ। ਉਹ ਉੱਠਿਆ, ਉਠ ਕੇ ਸਿਨੇਮੇ ਤੋਂ ਪੱਲਾ ਝਾੜ ਕੇ ਤੁਰ ਪਿਆ। ਅੱਖ ਖੁਲ੍ਹ ਗਈ। ਜਿਨ੍ਹਾਂ ਚੀਜ਼ਾਂ ਨੂੰ ਜੱਫੇ ਮਾਰੀ ਬੈਠਾ ਸੀ, ਵਗਾਹ ਮਾਰੀਆਂ। ਉਪਰੋਂ ਦੁਰੋਂ-ਡਿੱਠਾ ਕਿ ਮੈਂ ਆਪ ਤਮਾਸ਼ਾ ਬਣਿਆ ਰਿਹਾ ਹਾਂ—ਕੀ ਚੰਗਾ ਹੁੰਦਾ ਜਿਸ ਦਿਨ ਛੋਟੇ ਸਿਨੇਮੇ ਵਿਚੋਂ ਨਿਕਲਿਆਂ ਸਾਂ ਏਸ ਵਡੇ ਸਿਨੇਮੇ ਨੂੰ ਭੀ ਨਮਸ਼ਕਾਰ ਕਰ ਦੇਂਦਾ, ਏਨਾਂ ਸਮਾਂ ਤਾਂ ਅਜਾਂਈ ਨਾ ਜਾਂਦਾ। ਕਾਸ਼ ਕਿ ਕੋਈ ਪੀਰ ਮੁਰਸ਼ਿਦ ਬਾਂਹ ਫੜ ਕੇ ਏਸ ਰਾਹ ਪਾ ਦੇਂਦਾ, ਨਾਲੇ ਵਲਾ ਨਾ ਪੈਂਦਾ, ਨਾਲੇ ਐਨੀ ਹੈਰਾਨੀ ਨਾ ਹੁੰਦੀ। ਐਨੀਆਂ ਗੁੰਝਲਾਂ ਪਾ ਕੇ ਉਧੇੜਨੀਆਂ ਨਾਂ ਪੈਂਦੀਆਂ, ਐਨੇ ਕੰਡੇ ਨਾ ਲਗਦੇ। ਕਸਤੂਰੀ ਤਾਂ ਅੰਦਰ ਹੀ ਸੀ, ਐਵੇਂ ਰੂਪ ਹੁਸਨ ਜੁਆਨੀ ਦੌਲਤ ਤੇ ਮੌਸਮੀ ਖਿੜਦੇ ਵਣਾਂ ਤੇ ਰੇਗਿਸਤਾਨਾਂ ਨੂੰ ਕਢਦਾ ਰਿਹਾ ਹਾਂ। ਏਹੀ ਮਨ ਦੀ ਮੌਜ ਜੋ ਸੱਠਾ ਵਰ੍ਹਿਆਂ ਪਿਛੋਂ ਆਈ ਕਦੇ ਜੁਆਨੀ ਵਿਚ ਹੀ ਆ ਜਾਂਦੀ।